@Qpatrika | @qaumipatrika punjabi | instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Monday, 19 January 2026

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸੋਮਵਾਰ 19 ਜਨਵਰੀ 2026, 6 ਮਾਘ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 76, qpatrika@gmail.com ਫੋਨ : 9971359517 www.qaumipatrika.org

## PM ਮੋਦੀ ਨੇ 6,957 ਕਰੋੜ ਰੁਪਏ ਦੇ ਕਾਜ਼ੀਰੰਗਾ ਕੋਰੀਡੋਰ ਦਾ ਰੱਖਿਆ ਨੀਂਹ ਪੱਥਰ

### *ਭਾਜਪਾ ਬਣੀ ਲੋਕਾਂ ਦੀ 'ਪਹਿਲੀ ਪਸੰਦ', ਵਿਕਾਸ ਚਾਹੁੰਦਾ ਹੈ ਦੇਸ਼ ਦਾ ਵੋਟਰ : PM ਮੋਦੀ*

**ਕੌਮੀ ਪਤ੍ਰਿਕਾ**
**ਸਿੰਮੀ ਕੌਰ ਬੱਬਰ**



ਕਲਿਆਬੋਰ, 18 ਜਨਵਰੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ਕਾਂਗਰਸ 'ਤੇ ਦੋਸ਼ ਲਗਾਇਆ ਕਿ ਉਸ ਨੇ ਪੂਰਬ-ਉੱਤਰੀ ਸੂਬੇ ਆਸਾਮ 'ਚ ਆਪਣੇ ਸ਼ਾਸਨਕਾਲ ਦੌਰਾਨ ਵੋਟ ਲਈ ਘੁਸਪੈਠੀਆਂ ਨੂੰ ਜ਼ਮੀਨ ਸੌਂਪ ਦਿੱਤੀ। ਪੀ.ਐੱਮ. ਮੋਦੀ ਨੇ ਇੱਥੇ ਇਕ ਜਨ ਸਭਾ ਨੂੰ ਸੰਬੋਧਨ ਕਰਦੇ ਹੋਏ ਦੋਸ਼ ਲਗਾਇਆ ਕਿ ਆਸਾਮ 'ਚ ਕਾਂਗਰਸ ਸ਼ਾਸਨ ਦੌਰਾਨ ਦਹਾਕਿਆਂ ਤੱਕ ਘੁਸਪੈਠ ਵਧਦੀ ਰਹੀ ਅਤੇ ਗੈਰ-ਪ੍ਰਵਾਸੀ ਜੰਗਲਾਂ, ਜਾਨਵਰਾਂ ਦੇ ਗਲਿਆਰਿਆਂ ਅਤੇ ਰਵਾਇਤੀ ਸੰਸਥਾਵਾਂ 'ਤੇ ਕਬਜ਼ਾ ਕਰਦੇ ਰਹੇ। ਉਨ੍ਹਾਂ ਕਿਹਾ,"ਭਾਜਪਾ ਸਰਕਾਰ ਕਬਜ਼ਾ ਕਰਨ ਵਾਲੇ ਘੁਸਪੈਠੀਆਂ ਨੂੰ ਬਾਹਰ ਕੱਢ ਕੇ ਆਸਾਮ ਦੀ ਪਛਾਣ ਅਤੇ ਸੰਸਕ੍ਰਿਤੀ ਦੀ ਰੱਖਿਆ ਕਰ ਰਹੀ ਹੈ। ਪੀ.ਐੱਮ. ਮੋਦੀ ਨੇ ਕਿਹਾ ਕਿ ਕਾਂਗਰਸ ਨੇ ਲੋਕਾਂ ਦਾ ਭਰੋਸਾ ਗੁਆ ਦਿੱਤਾ, ਕਿਉਂਕਿ ਉਹ 'ਨਕਾਰਾਤਮਕ ਰਾਜਨੀਤੀ ਦਾ ਸੰਦੇਸ਼' ਦਿੰਦੀ ਹੈ ਅਤੇ ਹੁਣ ਦੇਸ਼ 'ਚ ਵੋਟਰਾਂ ਦੀ 'ਪਹਿਲੀ ਪਸੰਦ' ਭਾਰਤੀ ਜਨਤਾ ਪਾਰਟੀ (ਭਾਜਪਾ) ਹੈ। ਉਨ੍ਹਾਂ ਕਿਹਾ,"ਵੋਟਰ ਚੰਗੇ ਸ਼ਾਸਨ ਅਤੇ ਵਿਕਾਸ ਲਈ ਭਾਜਪਾ 'ਤੇ ਭਰੋਸਾ ਕਰਦੇ ਹਨ। ਬਿਹਾਰ ਚੋਣਾਂ ' ਲੋਕਾਂ ਨੇ 20 ਸਾਲ ਸੱਤਾ 'ਚ ਰਹਿਣ ਤੋਂ ਬਾਅਦ ਵੀ ਪਾਰਟੀ ਨੂੰ ਰਿਕਾਰਡ ਗਿਣਤੀ 'ਚ ਵੋਟ ਅਤੇ ਸੀਟ ਦਿੱਤੀਆਂ।" ਪੀ.ਐੱਮ. ਮੋਦੀ ਨੇ ਕਿਹਾ ਕਿ ਮਹਾਰਾਸ਼ਟਰ ਦੀਆਂ ਨਗਰ ਨਿਗਮ ਚੋਣਾਂ 'ਚ ਵੀ ਲੋਕਾਂ ਨੇ ਭਾਜਪਾ ਨੂੰ ਵੋਟ ਦਿੱਤਾ ਅਤੇ ਕੇਰਲ 'ਚ ਵੀ 'ਹੁਣ ਸਾਡੇ ਕੋਲ ਪਾਰਟੀ ਦਾ ਇਕ ਮੇਅਰ' ਹੈ। ਪ੍ਰਧਾਨ ਮੰਤਰੀ ਨਗਾਂਵ ਜ਼ਿਲ੍ਹੇ 'ਚ ਇਕ ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਨੇ ਇਸ ਦੌਰਾਨ 6,957 ਕਰੋੜ ਰੁਪਏ ਦੀ 'ਕਾਜ਼ੀਰੰਗਾ ਐਲੀਵੇਟਡ ਕੋਰੀਡੋਰ' ਪ੍ਰਾਜੈਕਟ ਦਾ ਨੀਂਹ ਪੱਥਰ ਰੱਖਿਆ ਅਤੇ 2 'ਅੰਮ੍ਰਿਤ ਭਾਰਤ' ਟਰੇਨਾਂ ਨੂੰ ਡਿਜੀਟਲ ਮਾਧਿਅਮ ਨਾਲ ਹਰੀ ਝੰਡੀ ਦਿਖਾਈ।ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ਆਸਾਮ ਦੇ ਨਗਾਓਂ ਜ਼ਿਲ੍ਹੇ 'ਚ 6,957 ਕਰੋੜ ਰੁਪਏ ਦੀ ਲਾਗਤ ਵਾਲੇ ਕਾਜ਼ੀਰੰਗਾ ਐਲੀਵੇਟਿਡ ਕੋਰੀਡੋਰ ਪ੍ਰਾਜੈਕਟ ਦਾ ਨੀਂਹ ਪੱਥਰ ਰੱਖਿਆ ਅਤੇ 2 ਅੰਮ੍ਰਿਤ ਭਾਰਤ ਐਕਸਪ੍ਰੈੱਸ ਟਰੇਨਾਂ ਨੂੰ ਡਿਜੀਟਲ ਮਾਧਿਅਮ ਰਾਹੀਂ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਆਸਾਮ ਦੀ ਆਪਣੀ ਦੋ ਦਿਨਾਂ ਯਾਤਰਾ ਦੇ ਅੰਤਿਮ ਪੜਾਅ ਦੌਰਾਨ ਪ੍ਰਧਾਨ ਮੰਤਰੀ ਨੇ ਇਸ ਮਹੱਤਵਪੂਰਨ ਪ੍ਰਾਜੈਕਟ ਦੇ 'ਭੂਮੀ ਪੂਜਨ' 'ਚ ਹਿੱਸਾ ਲਿਆ ਅਤੇ ਕੋਰੀਡੋਰ ਦੇ ਇਕ ਮਾਡਲ ਦਾ ਨਿਰੀਖਣ ਵੀ ਕੀਤਾ। ਇਹ ਕੋਰੀਡੋਰ ਕਾਜ਼ੀਰੰਗਾ ਨੈਸ਼ਨਲ ਪਾਰਕ ਅਤੇ ਟਾਈਗਰ ਰਿਜ਼ਰਵ ਦੇ ਨੇੜੇ ਜੰਗਲੀ ਜੀਵਾਂ ਦੀ ਸੁਰੱਖਿਅਤ ਆਵਾਜਾਈ ਨੂੰ ਯਕੀਨੀ ਬਣਾਉਣ ਲਈ ਬਣਾਇਆ ਜਾ ਰਿਹਾ ਹੈ। ਇਸ ਦਾ ਮੁੱਖ ਉਦੇਸ਼ ਰਾਸ਼ਟਰੀ ਰਾਜਮਾਰਗ-715 'ਤੇ ਹੋਣ ਵਾਲੇ ਸੜਕ ਹਾਦਸਿਆਂ ਨੂੰ ਰੋਕਣਾ ਅਤੇ ਈਕੋ-ਟੂਰਿਜ਼ਮ (ਈਕੋ ਸੈਰ-ਸਪਾਟਾ) ਨੂੰ ਉਤਸ਼ਾਹਿਤ ਕਰਨਾ ਹੈ। ਪ੍ਰਧਾਨ ਮੰਤਰੀ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਲਿਖਿਆ ਕਿ ਇਹ ਪ੍ਰਾਜੈਕਟ ਖਾਸ ਤੌਰ 'ਤੇ ਮਾਨਸੂਨ ਦੇ ਸਮੇਂ ਜਾਨਵਰਾਂ ਦੀ ਸੁਰੱਖਿਆ 'ਚ ਮਹੱਤਵਪੂਰਨ ਯੋਗਦਾਨ ਪਾਵੇਗਾ। ਇਸ ਨਾਲ ਸਥਾਨਕ ਲੋਕਾਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਵੀ ਪੈਦਾ ਹੋਣਗੇ। ਇਹ ਕੋਰੀਡੋਰ ਲਗਭਗ 34.45 ਕਿਲੋਮੀਟਰ ਲੰਬਾ ਹੋਵੇਗਾ ਅਤੇ ਇਹ ਜੰਗਲੀ ਜੀਵਾਂ ਦੇ ਅਨੁਕੂਲ ਤਿਆਰ ਕੀਤਾ ਜਾਵੇਗਾ। ਇਹ ਪ੍ਰਾਜੈਕਟ ਰਾਸ਼ਟਰੀ ਰਾਜਮਾਰਗ-715 ਦੇ ਕਲਿਆਬੋਰ-ਨੁਮਲੀਗੜ੍ਹ ਖੰਡ ਨੂੰ ਚੌੜਾ ਕਰਨ ਦੀ ਮੁਹਿੰਮ ਦਾ ਹਿੱਸਾ ਹੈ। ਇਸ ਦੇ ਨਾਲ ਹੀ ਜਖਲਾਬੰਧਾ ਅਤੇ ਬੋਕਾਖਾਤ 'ਚ ਬਾਈਪਾਸ ਵੀ ਬਣਾਏ ਜਾਣਗੇ। ਪ੍ਰਧਾਨ ਮੰਤਰੀ ਨੇ 2 ਨਵੀਆਂ ਅੰਮ੍ਰਿਤ ਭਾਰਤ ਐਕਸਪ੍ਰੈੱਸ ਟਰੇਨਾਂ- ਡਿਬਰੂਗੜ੍ਹ-ਗੋਮਤੀ ਨਗਰ (ਲਖਨਊ) ਅਤੇ ਕਾਮਾਖਿਆ-ਰੋਹਤਕ ਨੂੰ ਵੀ ਹਰੀ ਝੰਡੀ ਦਿਖਾਈ। ਇਹ ਟਰੇਨਾਂ ਆਸਾਮ ਅਤੇ ਪੱਛਮੀ ਬੰਗਾਲ, ਬਿਹਾਰ, ਉੱਤਰ ਪ੍ਰਦੇਸ਼, ਦਿੱਲੀ ਅਤੇ ਹਰਿਆਣਾ ਵਰਗੇ ਸੂਬਿਆਂ ਵਿਚਕਾਰ ਰੇਲ ਸੰਪਰਕ ਨੂੰ ਮਜ਼ਬੂਤ ਕਰਨਗੀਆਂ। ਅਧਿਕਾਰੀਆਂ ਅਨੁਸਾਰ, ਇਨ੍ਹਾਂ ਟਰੇਨਾਂ ਨਾਲ ਯਾਤਰਾ ਦਾ ਸਮਾਂ ਘੱਟ ਜਾਵੇਗਾ ਅਤੇ ਯਾਤਰੀਆਂ ਨੂੰ ਆਧੁਨਿਕ ਸਹੂਲਤਾਂ ਮਿਲਣਗੀਆਂ।

## ਪ੍ਰਯਾਗਰਾਜ ਮਾਘ ਮੇਲਾ: ਸ਼ੰਕਰਾਚਾਰੀਆ ਦੀ ਪਾਲਕੀ ਰੋਕਣ 'ਤੇ ਭੜਕੇ ਸ਼ਰਧਾਲੂ, ਪੁਲਸ ਨਾਲ ਹੋਈ ਝੜਪ



ਨੈਸ਼ਨਲ ਡੈਸਕ, 18 ਜਨਵਰੀ : ਉੱਤਰ ਪ੍ਰਦੇਸ਼ ਦੇ ਪ੍ਰਯਾਗਰਾਜ ਵਿੱਚ ਚੱਲ ਰਹੇ ਮਾਘ ਮੇਲੇ ਦੌਰਾਨ ਮੌਨੀ ਅਮਾਵਸਿਆ ਦੇ ਪਵਿੱਤਰ ਇਸ਼ਨਾਨ ਮੌਕੇ ਵੱਡਾ ਵਿਵਾਦ ਖੜ੍ਹਾ ਹੋ ਗਿਆ। ਐਤਵਾਰ ਨੂੰ ਸੰਗਮ ਤਟ 'ਤੇ ਇਸ਼ਨਾਨ ਲਈ ਜਾ ਰਹੇ ਸ਼ੰਕਰਾਚਾਰੀਆ ਸਵਾਮੀ ਅਵਿਮੁਕਤੇਸ਼ਵਰਾਨੰਦ ਦੀ ਪਾਲਕੀ ਨੂੰ ਪੁਲਸ ਨੇ ਰੋਕ ਦਿੱਤਾ, ਜਿਸ ਕਾਰਨ ਪੁਲਸ ਅਤੇ ਸ਼ੰਕਰਾਚਾਰੀਆ ਦੇ ਚੇਲਿਆਂ ਵਿਚਕਾਰ ਜ਼ਬਰਦਸਤ ਧੱਕਾ-ਮੁੱਕੀ ਅਤੇ ਝੜਪ ਹੋਈ।
ਮੇਲੇ ਵਿੱਚ ਸ਼ਰਧਾਲੂਆਂ ਦੀ ਭਾਰੀ ਭੀੜ ਨੂੰ ਦੇਖਦੇ ਹੋਏ ਪੁਲਸ ਨੇ ਸ਼ੰਕਰਾਚਾਰੀਆ ਨੂੰ ਪਾਲਕੀ ਤੋਂ ਉਤਰ ਕੇ ਪੈਦਲ ਸੰਗਮ ਜਾਣ ਲਈ ਕਿਹਾ ਸੀ। ਜਦੋਂ ਸ਼ੰਕਰਾਚਾਰੀਆ ਦੇ ਚੇਲੇ ਨਹੀਂ ਮੰਨੇ ਅਤੇ ਪਾਲਕੀ ਅੱਗੇ ਵਧਾਉਣ ਲੱਗੇ, ਤਾਂ ਪੁਲਸ ਨਾਲ ਬਹਿਸ ਸ਼ੁਰੂ ਹੋ ਗਈ ਜੋ ਹਿੰਸਕ ਰੂਪ ਧਾਰਨ ਕਰ ਗਈ। ਦੋਸ਼ ਹੈ ਕਿ ਪੁਲਸ ਨੇ ਇੱਕ ਸਾਧੂ ਦੀ ਚੌਕੀ ਵਿੱਚ ਲੈ ਜਾ ਕੇ ਕੁੱਟਮਾਰ ਕੀਤੀ ਤੇ ਕਈ ਚੇਲਿਆਂ ਨੂੰ ਹਿਰਾਸਤ ਵਿੱਚ ਲੈ ਲਿਆ। ਇਸ ਦੌਰਾਨ ਸ਼ੰਕਰਾਚਾਰੀਆ ਦੀ ਪਾਲਕੀ ਨੂੰ ਸੰਗਮ ਤੋਂ 1 ਕਿਲੋਮੀਟਰ ਦੂਰ ਖਿੱਚ ਕੇ ਲਿਜਾਇਆ ਗਿਆ, ਜਿਸ ਕਾਰਨ ਪਾਲਕੀ ਦਾ ਉੱਪਰਲਾ ਹਿੱਸਾ (ਛਤਰ) ਵੀ ਟੁੱਟ ਗਿਆ। ਇਸ ਘਟਨਾ ਤੋਂ ਨਾਰਾਜ਼ ਹੋ ਕੇ ਸ਼ੰਕਰਾਚਾਰੀਆ ਬਿਨਾਂ ਇਸ਼ਨਾਨ ਕੀਤੇ ਵਾਪਸ ਆਪਣੇ ਕੈਂਪ ਵਿੱਚ ਪਰਤ ਆਏ ਅਤੇ ਉੱਥੇ ਹੀ ਧਰਨੇ 'ਤੇ ਬੈਠ ਗਏ। ਉਨ੍ਹਾਂ ਦੋਸ਼ ਲਗਾਇਆ ਕਿ ਇਹ ਸਭ ਸਰਕਾਰ ਦੇ ਇਸ਼ਾਰੇ 'ਤੇ ਹੋ ਰਿਹਾ ਹੈ ਕਿਉਂਕਿ ਉਨ੍ਹਾਂ ਨੇ ਮਹਾਂਕੁੰਭ ਵਿੱਚ ਹੋਈ ਭਗਦੜ ਲਈ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਸੀ, ਜਿਸ ਦਾ ਹੁਣ ਬਦਲਾ ਲਿਆ ਜਾ ਰਿਹਾ ਹੈ। ਉਨ੍ਹਾਂ ਐਲਾਨ ਕੀਤਾ ਕਿ ਜਦੋਂ ਤੱਕ ਪ੍ਰਸ਼ਾਸਨ ਉਨ੍ਹਾਂ ਨੂੰ ਪੂਰੇ ਪ੍ਰੋਟੋਕਾਲ ਅਤੇ ਸਤਿਕਾਰ ਨਾਲ ਨਹੀਂ ਲੈ ਕੇ ਜਾਵੇਗਾ, ਉਹ ਗੰਗਾ ਇਸ਼ਨਾਨ ਨਹੀਂ ਕਰਨਗੇ। ਦੂਜੇ ਪਾਸੇ, ਪ੍ਰਯਾਗਰਾਜ ਦੇ ਡੀਐਮ ਮਨੀਸ਼ ਕੁਮਾਰ ਵਰਮਾ ਨੇ ਕਿਹਾ ਕਿ ਸਵਾਮੀ ਅਵਿਮੁਕਤੇਸ਼ਵਰਾਨੰਦ ਬਿਨਾਂ ਇਜਾਜ਼ਤ ਪਾਲਕੀ 'ਤੇ ਆਏ ਸਨ। ਉਨ੍ਹਾਂ ਦਾਅਵਾ ਕੀਤਾ ਕਿ ਸੰਗਮ 'ਤੇ ਭਾਰੀ ਭੀੜ ਸੀ ਅਤੇ ਸ਼ੰਕਰਾਚਾਰੀਆ ਦੇ ਸਮਰਥਕਾਂ ਨੇ ਬੈਰੀਅਰ ਤੋੜ ਕੇ ਪੁਲਸ ਨਾਲ ਧੱਕਾ-ਮੁੱਕੀ ਕੀਤੀ। ਪ੍ਰਸ਼ਾਸਨ ਨੇ ਮਾਮਲੇ ਦੀ ਜਾਂਚ ਦੇ ਹੁਕਮ ਦੇ ਦਿੱਤੇ ਹਨ। ਜ਼ਿਕਰਯੋਗ ਹੈ ਕਿ ਮੌਨੀ ਅਮਾਵਸਿਆ ਦੇ ਮੌਕੇ 'ਤੇ ਹੁਣ ਤੱਕ ਲਗਭਗ 3 ਕਰੋੜ ਲੋਕ ਸੰਗਮ ਵਿੱਚ ਡੁਬਕੀ ਲਗਾ ਚੁੱਕੇ ਹਨ। ਪ੍ਰਸ਼ਾਸਨ ਨੂੰ ਉਮੀਦ ਹੈ ਕਿ ਦਿਨ ਦੇ ਅੰਤ ਤੱਕ ਇਹ ਅੰਕੜਾ 4 ਕਰੋੜ ਤੱਕ ਪਹੁੰਚ ਸਕਦਾ ਹੈ। ਪੂਰੇ ਮੇਲਾ ਖੇਤਰ ਦੀ ਨਿਗਰਾਨੀ 19, ਸੀਸੀਟੀਵੀ ਅਤੇ ਡਰੋਨਾਂ ਰਾਹੀਂ ਕੀਤੀ ਜਾ ਰਹੀ ਹੈ।

## ਰੇਲਵੇ ਟਰੈਕ 'ਤੇ ਬੈਠਾ ਰਿਹਾ ਨਸ਼ੇ 'ਚ ਟੱਲੀ ਵਿਅਕਤੀ, ਅੰਮ੍ਰਿਤ ਭਾਰਤ ਐਕਸਪ੍ਰੈਸ ਨੂੰ ਲਗਾਉਣੀ ਪਈ ਐਮਰਜੈਂਸੀ ਬ੍ਰੇਕ

ਭੁਵਨੇਸ਼ਵਰ, 18 ਜਨਵਰੀ : ਓਡੀਸ਼ਾ ਦੀ ਰਾਜਧਾਨੀ ਭੁਵਨੇਸ਼ਵਰ 'ਚ ਐਤਵਾਰ ਨੂੰ ਉਸ ਸਮੇਂ ਭਾਜੜਾਂ ਪੈ ਗਈਆਂ, ਜਦੋਂ ਰੰਗਾਪਾਨੀ-ਨਾਗਰਕੋਇਲ ਅੰਮ੍ਰਿਤ ਭਾਰਤ ਐਕਸਪ੍ਰੈੱਸ ਨੂੰ ਸਥਾਨਕ ਸਟੇਸ਼ਨ 'ਚ ਪ੍ਰਵੇਸ਼ ਕਰਦੇ ਸਮੇਂ ਅਚਾਨਕ ਰੋਕਣਾ ਪਿਆ। ਨਸ਼ੇ 'ਚ ਟੱਲੀ ਇਕ ਵਿਅਕਤੀ ਪੱਟੜੀ 'ਤੇ ਬੈਠ ਜਾਣ ਕਾਰਨ ਟਰੇਨ ਨੂੰ ਐਮਰਜੈਂਸੀ ਬ੍ਰੇਕ ਲਗਾਉਣੀ ਪਈ। ਰੇਲਵੇ ਅਧਿਕਾਰੀਆਂ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ, ਟ?ਰੈਕ 'ਤੇ ਬੈਠੇ ਵਿਅਕਤੀ ਦੀ ਪਛਾਣ ਲਕਸ਼ਮੀਸਾਗਰ ਇਲਾਕੇ ਦੇ ਨਿਵਾਸੀ 38 ਸਾਲਾ ਪੀ. ਅੱਪਨਾ ਰਾਓ ਵਜੋਂ ਹੋਈ ਹੈ। ਲੋਕੋ ਪਾਇਲਟ ਵੱਲੋਂ ਵਾਰ-ਵਾਰ ਹਾਰਨ ਵਜਾਉਣ ਦੇ ਬਾਵਜੂਦ ਇਹ ਵਿਅਕਤੀ ਟ?ਰੈਕ ਤੋਂ ਹਟਣ ਲਈ ਤਿਆਰ ਨਹੀਂ ਸੀ। ਈਸਟ ਕੋਸਟ ਰੇਲਵੇ (ECR) ਨੇ ਇਕ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਸਥਿਤੀ ਦੀ ਗੰਭੀਰਤਾ ਨੂੰ ਦੇਖਦੇ ਹੋਏ ਲੋਕੋ ਪਾਇਲਟ ਨੇ ਤੁਰੰਤ ਐਮਰਜੈਂਸੀ ਬ੍ਰੇਕ ਲਗਾ ਦਿੱਤੇ ਅਤੇ ਟਰੇਨ ਨੂੰ ਪੂਰੀ ਤਰ੍ਹਾਂ ਰੋਕ ਲਿਆ, ਜਿਸ ਨਾਲ ਇਕ ਵੱਡਾ ਹਾਦਸਾ ਹੋਣੋਂ ਬਚ ਗਿਆ। ਘਟਨਾ ਤੋਂ ਤੁਰੰਤ ਬਾਅਦ ਮੌਕੇ 'ਤੇ ਮੌਜੂਦ ਰੇਲਵੇ ਸੁਰੱਖਿਆ ਬਲ (RPF) ਦੇ ਜਵਾਨਾਂ ਅਤੇ ਟਰੇਨ ਸਟਾਫ ਨੇ ਉਸ ਵਿਅਕਤੀ ਨੂੰ ਹਿਰਾਸਤ 'ਚ ਲੈ ਲਿਆ। ਇਕ ਅਧਿਕਾਰੀ ਨੇ ਪੁਸ਼ਟੀ ਕੀਤੀ ਕਿ ਫੜਿਆ ਗਿਆ ਵਿਅਕਤੀ ਸ਼ਰਾਬ ਦੇ ਨਸ਼ੇ 'ਚ ਟੱਲੀ ਸੀ ਅਤੇ ਹੁਣ ਉਸ ਦੇ ਖਿਲਾਫ ਲੋੜੀਂਦੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।

## ਕਾਂਗਰਸੀ ਵਿਧਾਇਕ ਦਾ ਵਿਵਾਦਿਤ ਬਿਆਨ, 'ਖੂਬਸੂਰਤੀ' ਨੂੰ ਜਬਰ-ਜ਼ਨਾਹ ਨਾਲ ਜੋੜਿਆ



ਭੋਪਾਲ/ਇੰਦੌਰ, 18 ਜਨਵਰੀ : ਮੱਧ ਪ੍ਰਦੇਸ਼ ਦੇ ਇਕ ਕਾਂਗਰਸੀ ਵਿਧਾਇਕ ਫੂਲ ਸਿੰਘ ਬਰਈਆ ਨੇ ਕਥਿਤ ਤੌਰ 'ਤੇ ਔਰਤਾਂ ਦੀ 'ਖੂਬਸੂਰਤੀ' ਨੂੰ ਜਬਰ-ਜ਼ਨਾਹ ਨਾਲ ਅਤੇ ਅਨੁਸੂਚਿਤ ਜਾਤੀਆਂ ਤੇ ਜਨਜਾਤੀਆਂ ਦੀਆਂ ਔਰਤਾਂ ਵਿਰੁੱਧ ਸੈਕਸ ਸ਼ੋਸ਼ਣ ਨੂੰ 'ਤੀਰਥ ਫਲ' ਨਾਲ ਜੋੜ ਕੇ ਇਕ ਨਵਾਂ ਸਿਆਸੀ ਵਿਵਾਦ ਛੇੜ ਦਿੱਤਾ ਹੈ। ਪਾਰਟੀ ਨੇ ਇਸ ਨੂੰ ਵਿਧਾਇਕ ਦੀ ਨਿੱਜੀ ਰਾਏ ਦੱਸਿਆ ਹੈ। ਬਰਈਆ ਦਾ ਇਹ ਬਿਆਨ ਸ਼ਨੀਵਾਰ ਉਦੋਂ ਸਾਹਮਣੇ ਆਇਆ ਜਦੋਂ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦੂਸ਼ਿਤ ਪਾਣੀ ਦੇ ਪੀੜਤਾਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਮਿਲਣ ਲਈ ਇੰਦੌਰ ਦਾ ਦੌਰਾ ਕਰ ਰਹੇ ਸਨ। ਮੁੱਖ ਮੰਤਰੀ ਮੋਹਨ ਯਾਦਵ ਤੇ ਸੂਬੇ ਦੀ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨੇ ਬਰਈਆ ਦੀਆਂ ਟਿੱਪਣੀਆਂ ਦੀ ਸਖ਼ਤ ਨਿੰਦਾ ਕੀਤੀ ਤੇ ਉਮੀਦ ਪ੍ਰਗਟਾਈ ਕਿ ਗਾਂਧੀ ਕਾਂਗਰਸੀ ਵਿਧਾਇਕ ਵਿਰੁੱਧ ਕਾਰਵਾਈ ਕਰਨਗੇ। ਵਿਵਾਦ ਤੋਂ ਬਾਅਦ ਕਾਂਗਰਸ ਨੇ ਬਰਈਆ ਦੇ ਬਿਆਨ ਨੂੰ 'ਨਿੱਜੀ ਰਾਏ' ਕਰਾਰ ਦਿੱਤਾ ਤੇ ਇਸ ਤੋਂ ਆਪਣੇ ਆਪ ਨੂੰ ਦੂਰ ਕਰ ਲਿਆ । ਨਾਲ ਹੀ ਉਨ੍ਹਾਂ ਕੋਲੋਂ ਸਪੱਸ਼ਟੀਕਰਨ ਵੀ ਮੰਗਿਆ। ਬਰਈਆ ਨੇ ਆਪਣਾ ਪੱਖ ਰੱਖਦੇ ਹੋਏ ਦਾਅਵਾ ਕੀਤਾ ਕਿ ਉਨ੍ਹਾਂ ਦੀਆਂ ਟਿੱਪਣੀਆਂ ਅਨੁਸੂਚਿਤ ਜਾਤੀ ਤੇ ਅਨੁਸੂਚਿਤ ਜਨਜਾਤੀ ਭਾਈਚਾਰਿਆਂ ਦੀਆਂ 40 ਕਰੋੜ ਔਰਤਾਂ ਦੇ ਹਿੱਤਾਂ 'ਚ ਹਨ।

## HC ਦਾ ਵੱਡਾ ਫੈਸਲਾ: ਹਰਿਆਣਾ ਮੈਡੀਕਲ ਸਰਵਿਸਿਜ਼ ਕਾਰਪੋਰੇਸ਼ਨ 6 ਹਫ਼ਤਿਆਂ 'ਚ ਖਰੀਦੇਗੀ ਰਮਨ ਲਈ ਨਕਲੀ ਅੰਗ




ਚੰਡੀਗੜ੍ਹ, 18 ਜਨਵਰੀ : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਹਰਿਆਣਾ ਮੈਡੀਕਲ ਸਰਵਿਸਿਜ਼ ਕਾਰਪੋਰੇਸ਼ਨ ਲਿਮਟਿਡ, ਪੰਚਕੂਲਾ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਰਮਨ ਲਈ ਨਕਲੀ ਅੰਗ ਖਰੀਦਣ ਲਈ ਕਦਮ ਚੁੱਕੇ, ਜਿਸ ਵਿੱਚ ਟੈਂਡਰ ਜਾਰੀ ਕਰਨਾ ਵੀ ਸ਼ਾਮਲ ਹੈ। ਰਮਨ ਨੇ 2011 ਵਿੱਚ ਬਿਜਲੀ ਦੇ ਝਟਕੇ ਦੀ ਘਟਨਾ ਵਿੱਚ ਆਪਣੀਆਂ ਦੋਵੇਂ ਬਾਹਾਂ ਅਤੇ ਇੱਕ ਲੱਤ ਗੁਆ ਦਿੱਤੀ ਸੀ। ਪਾਣੀਪਤ ਦੇ ਸਨੋਲੀ ਖੁਰਦ ਪਿੰਡ ਦਾ ਰਹਿਣ ਵਾਲਾ ਰਮਨ ਸਵਾਮੀ 3 ਨਵੰਬਰ, 2011 ਨੂੰ ਸਿਰਫ਼ ਪੰਜ ਸਾਲ ਦਾ ਸੀ, ਜਦੋਂ ਉਹ ਆਪਣੇ ਘਰ ਦੀ ਛੱਤ ਨਾਲ ਲਟਕਦੀ ਇੱਕ ਹਾਈਵੋਲਟੇਜ਼ ਬਿਜਲੀ ਦੀ ਤਾਰ ਦੇ ਸੰਪਰਕ ਵਿੱਚ ਆਇਆ। ਇਸ ਘਟਨਾ ਵਿੱਚ ਉਸਨੇ ਆਪਣੀਆਂ ਦੋਵੇਂ ਬਾਹਾਂ ਅਤੇ ਖੱਬੀ ਲੱਤ ਗੁਆ ਦਿੱਤੀ। ਅਗਸਤ 2025 ਵਿੱਚ ਪਾਸ ਕੀਤੇ ਇੱਕ ਅੰਤਰਿਮ ਆਦੇਸ਼ ਵਿੱਚ, ਅਦਾਲਤ ਨੇ ਹਰਿਆਣਾ ਦੇ ਸਿਹਤ ਸੇਵਾਵਾਂ ਦੇ ਡਾਇਰੈਕਟਰ ਜਨਰਲ (DGHS) ਨੂੰ ਮੁੰਡੇ ਲਈ ਟ?ਰਾਂਸਪਲਾਂਟ ਸਰਜਰੀ ਸਮੇਤ ਸਾਰੇ ਵਿਕਲਪਾਂ ਦੀ ਪੜਚੋਲ ਕਰਨ ਲਈ ਆਰਥੋਪੀਡਿਕ ਮਾਹਿਰਾਂ ਦੀ ਇੱਕ ਟੀਮ ਬਣਾਉਣ ਦਾ ਨਿਰਦੇਸ਼ ਦਿੱਤਾ। ਜਸਟਿਸ ਸੁਵੀਰ ਸਹਿਗਲ ਨੇ ਹੁਕਮ ਵਿੱਚ ਕਿਹਾ ਕਿ ਅੰਤਰਿਮ ਹੁਕਮ ਤੋਂ ਬਾਅਦ, ਪਟੀਸ਼ਨਕਰਤਾ ਦੀ 6 ਅਗਸਤ, 2025 ਨੂੰ ਜਾਂਚ ਕੀਤੀ ਗਈ ਸੀ, ਅਤੇ ਡੀਜੀਐਚਐਸ ਦੁਆਰਾ 24 ਨਵੰਬਰ, 2025 ਨੂੰ ਇੱਕ ਹਲਫ਼ਨਾਮੇ ਦੇ ਨਾਲ ਰਿਪੋਰਟ ਪੇਸ਼ ਕੀਤੀ ਗਈ ਸੀ, ਜਿਸ ਵਿੱਚ ਕਿਹਾ ਗਿਆ ਸੀ ਕਿ 17 ਸਾਲਾ ਰਮਨ ਦੀ ਪੀਜੀਆਈਐਮਐਸ, ਰੋਹਤਕ ਵਿਖੇ ਇੱਕ ਮੈਡੀਕਲ ਬੋਰਡ ਦੇ ਮੈਂਬਰਾਂ ਦੁਆਰਾ ਕਲੀਨਿਕਲ ਅਤੇ ਰੇਡੀਓਲੋਜੀਕਲ ਜਾਂਚ ਕੀਤੀ ਗਈ ਸੀ ਕਿ ਮਰੀਜ਼ ਟ੍ਰਿਪਲ ਐਂਪਿਊਟੇਸ਼ਨ ਦਾ ਮਾਮਲਾ ਹੈ, ਬੋਰਡ ਸਰਬਸੰਮਤੀ ਨਾਲ ਇਸ ਰਾਏ ਦਾ ਹੈ ਕਿ ਉਸਨੂੰ ਕਾਸਮੈਟਿਕ ਅਤੇ ਕਾਰਜਸ਼ੀਲ ਉਦੇਸ਼ਾਂ ਲਈ ਦੋਵੇਂ ਉਪਰਲੇ ਅੰਗਾਂ ਲਈ ਮਾਇਓ-ਇਲੈਕਟ੍ਰਿਕ ਤਕਨਾਲੋਜੀ ਵਾਲੇ ਬਾਇਓਨਿਕ ਹੱਥਾਂ ਦੀ ਲੋੜ ਹੈ। ਆਰਥੋਪੈਡਿਕਸ ਵਿਭਾਗ, ਪੀਜੀਆਈਐਮਐਸ, ਰੋਹਤਕ ਕੋਲ ਅਜਿਹੇ ਪ੍ਰੋਸਥੇਸਿਸ ਪ੍ਰਦਾਨ ਕਰਨ ਦੀਆਂ ਸਹੂਲਤਾਂ ਨਹੀਂ ਹਨ। ਹਲਫ਼ਨਾਮੇ ਵਿੱਚ ਕਿਹਾ ਗਿਆ ਹੈ ਕਿ ਅੰਗ ਟ?ਰਾਂਸਪਲਾਂਟ ਸਰਜਰੀ ਦੀ ਸੰਭਾਵਨਾ ਦਾ ਫੈਸਲਾ ਇੱਕ ਕੇਂਦਰ/ਹਸਪਤਾਲ ਦੁਆਰਾ ਕੀਤਾ ਜਾ ਸਕਦਾ ਹੈ ਜੋ ਨਿਯਮਿਤ ਤੌਰ 'ਤੇ ਅਜਿਹੀਆਂ ਸਰਜਰੀਆਂ ਕਰਦਾ ਹੈ। ਹਾਈ ਕੋਰਟ ਨੇ ਕਿਹਾ ਕਿ ਉਪਰੋਕਤ ਪਿਛੋਕੜ ਅਤੇ ਅਦਾਲਤ ਵੱਲੋਂ ਪਾਸ ਕੀਤੇ ਗਏ ਵੱਖ-ਵੱਖ ਹੁਕਮਾਂ ਦੇ ਮੱਦੇਨਜ਼ਰ, ਹਰਿਆਣਾ ਮੈਡੀਕਲ ਸਰਵਿਸਿਜ਼ ਕਾਰਪੋਰੇਸ਼ਨ ਲਿਮਟਿਡ, ਪੰਚਕੂਲਾ ਨੂੰ ਛੇ ਹਫ਼ਤਿਆਂ ਦੇ ਅੰਦਰ-ਅੰਦਰ ਟੈਂਡਰ ਆਦਿ ਜਾਰੀ ਕਰਕੇ ਪਟੀਸ਼ਨਰ ਲਈ ਨਕਲੀ ਅੰਗ ਖਰੀਦਣ ਲਈ ਕਦਮ ਚੁੱਕਣ ਦਾ ਨਿਰਦੇਸ਼ ਦਿੱਤਾ ਜਾਂਦਾ ਹੈ, ਜਿਵੇਂ ਕਿ 6 ਅਗਸਤ, 2025 ਦੀ ਰਿਪੋਰਟ ਵਿੱਚ ਦੱਸਿਆ ਗਿਆ ਹੈ। ਅਦਾਲਤ ਨੇ ਸੁਣਵਾਈ 16 ਮਾਰਚ ਤੱਕ ਮੁਲਤਵੀ ਕਰ ਦਿੱਤੀ।

## ਸਿਰਸਾ ਦਾ ਆਤਿਸ਼ੀ 'ਤੇ ਵੱਡਾ ਹਮਲਾ; ਕਿਹਾ- 'ਫੋਰੈਂਸਿਕ ਰਿਪੋਰਟ ਨੇ ਖੋਲ੍ਹੀ ਪੋਲ, ਵੀਡੀਓ ਨਾਲ ਨਹੀਂ ਹੋਈ ਛੇੜਛਾੜ'

**ਕੌਮੀ ਪਤ੍ਰਿਕਾ**
**ਨਵਦੀਪ ਸਿੰਘ ਸਾਹਨੀ**



ਨਵੀਂ ਦਿੱਲੀ, 18 ਜਨਵਰੀ : ਦਿੱਲੀ ਵਿਧਾਨ ਸਭਾ ਵਿੱਚ ਸਿੱਖਾਂ ਦੇ ਨੌਵੇਂ ਗੁਰੂ, ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਨਮਾਨ ਵਿੱਚ ਹੋ ਰਹੀ ਚਰਚਾ ਦੌਰਾਨ ਹੋਏ ਵਿਵਾਦ ਨੇ ਹੁਣ ਨਵਾਂ ਮੋੜ ਲੈ ਲਿਆ ਹੈ। ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਆਮ ਆਦਮੀ ਪਾਰਟੀ ਦੀ ਨੇਤਾ ਆਤਿਸ਼ੀ 'ਤੇ ਤਿੱਖੇ ਹਮਲੇ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਵੱਲੋਂ ਕੀਤਾ ਗਿਆ ਗੁਨਾਹ ਮਾਫ਼ੀ ਦੇ ਯੋਗ ਨਹੀਂ ਹੈ। ਸਿਰਸਾ ਨੇ ਦਾਅਵਾ ਕੀਤਾ ਕਿ ਦਿੱਲੀ ਫੋਰੈਂਸਿਕ ਲੈਬ ਦੀ ਰਿਪੋਰਟ ਵਿੱਚ ਸੱਚਾਈ ਸਾਹਮਣੇ ਆ ਗਈ ਹੈ ਕਿ ਵੀਡੀਓ ਨਾਲ ਕੋਈ ਛੇੜਛਾੜ ਨਹੀਂ ਕੀਤੀ ਗਈ। ਮਨਜਿੰਦਰ ਸਿੰਘ ਸਿਰਸਾ ਨੇ ਬੜੇ ਦੁੱਖ ਅਤੇ ਖੇਦ ਨਾਲ ਕਿਹਾ ਕਿ ਆਤਿਸ਼ੀ ਨੇ ਜੋ ਪਾਪ ਕੀਤਾ ਹੈ, ਉਸ ਲਈ ਪਸ਼ਚਾਤਾਪ ਕਰਨ ਜਾਂ ਗੁਰੂ ਸਾਹਿਬ ਦੇ ਚਰਨਾਂ ਵਿੱਚ ਜਾ ਕੇ ਸੰਗਤ ਤੋਂ ਖਿਮਾ ਯਾਚਨਾ ਕਰਨ ਦੀ ਬਜਾਏ ਉਹ ਸਾਹਮਣੇ ਨਹੀਂ ਆ ਰਹੇ ਅਤੇ ਲੁਕ ਰਹੇ ਹਨ। ਉਨ੍ਹਾਂ ਦੱਸਿਆ ਕਿ 6 ਜਨਵਰੀ ਨੂੰ ਜਦੋਂ ਵਿਧਾਨ ਸਭਾ ਵਿੱਚ ਗੁਰੂ ਤੇਗ ਬਹਾਦਰ ਜੀ ਦੇ ਸਨਮਾਨ ਵਿੱਚ ਚਰਚਾ ਹੋ ਰਹੀ ਸੀ, ਤਾਂ ਆਤਿਸ਼ੀ ਨੇ ਸ਼ੋਰ ਮਚਾਇਆ ਅਤੇ ਰੋਕੇ ਜਾਣ 'ਤੇ ਅਪਸ਼ਬਦ ਬੋਲੇ। ਸਿਰਸਾ ਨੇ ਕਿਹਾ ਕਿ ਉਨ੍ਹਾਂ ਦੀ ਆਤਮਾ ਉਨ੍ਹਾਂ ਅਪਸ਼ਬਦਾਂ ਨੂੰ ਦੁਬਾਰਾ ਦੁਹਰਾਉਣ ਦੀ ਇਜਾਜ਼ਤ ਨਹੀਂ ਦਿੰਦੀ। ਸਿਰਸਾ ਅਨੁਸਾਰ ਹੁਣ 'ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ' ਹੋ ਗਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਦਿੱਲੀ ਫੋਰੈਂਸਿਕ ਲੈਬ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਆਤਿਸ਼ੀ ਵੱਲੋਂ ਬੋਲੇ ਗਏ ਸ਼ਬਦ ਵੀਡੀਓ ਵਿੱਚ ਮੌਜੂਦ ਹਨ ਅਤੇ ਉਹ ਉਹੀ ਹਨ ਜੋ ਰਿਕਾਰਡ (ਐਨੈਕਸਚਰ) ਵਿੱਚ ਦਰਜ ਕੀਤੇ ਗਏ ਹਨ। ਰਿਪੋਰਟ ਵਿੱਚ ਇਹ ਵੀ ਪੁਸ਼ਟੀ ਹੋਈ ਹੈ ਕਿ ਵੀਡੀਓ ਪੂਰੀ ਤਰ੍ਹਾਂ ਸਹੀ ਹੈ ਅਤੇ ਇਸ ਵਿੱਚ ਕਿਸੇ ਤਰ੍ਹਾਂ ਦੀ ਕੋਈ ਛੇੜਛਾੜ ਨਹੀਂ ਕੀਤੀ ਗਈ। ਮਨਜਿੰਦਰ ਸਿੰਘ ਸਿਰਸਾ ਨੇ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ (SGPC) ਅਤੇ ਪੰਥ ਦੀਆਂ ਸਮੂਹ ਨੁਮਾਇੰਦਾ ਜਥੇਬੰਦੀਆਂ ਨੂੰ ਅਪੀਲ ਕੀਤੀ ਹੈ ਕਿ ਹੁਣ ਜਦੋਂ ਸੱਚਾਈ ਸਾਹਮਣੇ ਆ ਚੁੱਕੀ ਹੈ, ਤਾਂ ਇਸ ਮਾਮਲੇ ਦਾ ਸੰਗਿਆਨ ਲੈਂਦੇ ਹੋਏ ਸਖ਼ਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਦੋਸ਼ ਲਾਇਆ ਕਿ ਆਮ ਆਦਮੀ ਪਾਰਟੀ ਅਤੇ ਪੰਜਾਬ ਦੀ ਸਰਕਾਰ ਆਪਣੀ ਪੁਲਿਸ ਅਤੇ ਸੋਸ਼ਲ ਮੀਡੀਆ ਰਾਹੀਂ ਝੂਠ ਨੂੰ ਸੱਚ ਸਾਬਤ ਕਰਨ ਦੀ ਕੋਸ਼ਿਸ਼ ਕਰ ਰਹੀ ਸੀ, ਪਰ ਫੋਰੈਂਸਿਕ ਰਿਪੋਰਟ ਨੇ ਉਨ੍ਹਾਂ ਦੇ ਦਾਅਵਿਆਂ ਦੀ ਪੋਲ ਖੋਲ੍ਹ ਦਿੱਤੀ ਹੈ। ਸਿਰਸਾ ਨੇ ਮੰਗ ਕੀਤੀ ਕਿ ਆਤਿਸ਼ੀ ਨੂੰ ਇਸ ਪਾਪ ਲਈ ਸਜ਼ਾ ਮਿਲਣੀ ਚਾਹੀਦੀ ਹੈ। ਦਿੱਲੀ ਦੇ ਕੈਬਨਿਟ ਮੰਤਰੀ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ, "ਪੰਜਾਬ ਕੇਸਰੀ ਸਮੂਹ ਨਾਲ ਜੋ ਜਲੰਧਰ 'ਚ ਪੰਜਾਬ ਸਰਕਾਰ, ਪੰਜਾਬ ਪੁਲਸ ਰਾਹੀਂ ਧੱਕਾ ਕਰ ਰਹੀ ਹੈ, ਮੈਂ ਉਸ ਦੀ ਸਖ਼ਤ ਸ਼ਬਦਾਂ 'ਚ ਨਿੰਦਾ ਕਰਦਾ ਹਾਂ। ਸਿਰਫ਼ ਇਸ ਲਈ ਕਿਉਂਕਿ ਉਹ 'ਸ਼ੀਸ਼ ਮਹਿਲ 2' ਦੀ ਗੱਲ ਨੂੰ ਸਾਹਮਣੇ ਲੈ ਕੇ ਆਏ, ਪੰਜਾਬ ਪੁਲਸ ਨੇ ਉਨ੍ਹਾਂ ਦੀਆਂ ਗੱਡੀਆਂ ਰਾਤੋ-ਰਾਤ ਰੋਕ ਕੇ ਸਵੇਰੇ ਸਾਰੀਆਂ ਅਖ਼ਬਾਰਾਂ ਚੁੱਕ ਲਈਆਂ ਤਾਂ ਜੋ ਮਾਰਕੀਟ 'ਚ ਉਹ ਅਖ਼ਬਾਰਾਂ ਵੰਡੀਆਂ ਨਾ ਜਾ ਸਕਣ।"

## ਭੇਦਭਾਵ ਨੂੰ ਖਤਮ ਕਰਨ ਲਈ ਜਾਤੀ ਨੂੰ ਮਨ ਤੋਂ ਮਿਟਾਉਣ ਦੀ ਹੈ ਲੋੜ : ਮੋਹਨ ਭਾਗਵਤ



ਨੈਸ਼ਨਲ ਡੈਸਕ , 18 ਜਨਵਰੀ : ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐੱਸ.ਐੱਸ.) ਦੇ ਮੁਖੀ ਮੋਹਨ ਭਾਗਵਤ ਨੇ ਕਿਹਾ ਹੈ ਕਿ ਜੇਕਰ ਜਾਤੀ ਭੇਦਭਾਵ ਨੂੰ ਖਤਮ ਕਰਨਾ ਹੈ, ਤਾਂ ਪਹਿਲਾਂ ਮਨ ਤੋਂ ਜਾਤ ਨੂੰ ਖਤਮ ਕਰਨਾ ਪਵੇਗਾ। ਭਾਗਵਤ ਨੇ ਸ਼ਨੀਵਾਰ ਨੂੰ ਇੱਥੇ ਆਯੋਜਿਤ ਇਕ ਜਨਤਕ ਸੈਮੀਨਾਰ ਵਿਚ ਕਿਹਾ, ਪਹਿਲਾਂ, ਜਾਤ ਪੇਸ਼ੇ ਅਤੇ ਕੰਮ ਨਾਲ ਸਬੰਧਤ ਸੀ ਪਰ ਬਾਅਦ ਵਿਚ ਇਹ ਸਮਾਜ ਵਿਚ ਦਾਖਲ ਹੋ ਗਈ ਅਤੇ ਭੇਦਭਾਵ ਦਾ ਕਾਰਨ ਬਣ ਗਈ।
ਇਹ ਸੈਮੀਨਾਰ ਆਰ.ਐੱਸ.ਐੱਸ. ਦੇ ਸ਼ਤਾਬਦੀ ਸਾਲ ਨੂੰ ਮਨਾਉਣ ਲਈ ਆਯੋਜਿਤ ਕੀਤਾ ਗਿਆ ਸੀ, ਜਿਸ ਵਿਚ ਉਨ੍ਹਾਂ ਨੇ ਜਨਤਾ ਨਾਲ ਗੱਲਬਾਤ ਕੀਤੀ। ਸੂਬਾਈ ਸੰਘਚਾਲਕ ਅਨਿਲ ਭਾਲੇਰਾਓ ਵੀ ਸਟੇਜ 'ਤੇ ਮੌਜੂਦ ਸਨ। ਜਾਤੀਵਾਦ ਦੀ ਸਮੱਸਿਆ 'ਤੇ ਬੋਲਦੇ ਹੋਏ, ਭਾਗਵਤ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਨੂੰ ਆਪਣੇ ਮਨਾਂ ਤੋਂ ਮਿਟਾ ਦੇਣ। ਉਨ੍ਹਾਂ ਕਿਹਾ, ਇਸ ਵਿਤਕਰੇ ਨੂੰ ਖਤਮ ਕਰਨ ਲਈ, ਮਨ ਤੋਂ ਜਾਤ ਨੂੰ ਮਿਟਾ ਦੇਣਾ ਚਾਹੀਦਾ ਹੈ। ਜੇਕਰ ਇਹ ਇਮਾਨਦਾਰੀ ਨਾਲ ਕੀਤਾ ਜਾਵੇ, ਤਾਂ ਜਾਤੀਵਾਦ 10 ਤੋਂ 12 ਸਾਲਾਂ ਵਿਚ ਖਤਮ ਹੋ ਜਾਵੇਗਾ। ਦਰਸ਼ਕਾਂ ਦੇ ਸਵਾਲਾਂ ਦੇ ਜਵਾਬ ਵਿਚ, ਭਾਗਵਤ ਨੇ ਕਿਹਾ ਕਿ ਸੰਘ ਦਾ ਉਦੇਸ਼ ਭਾਰਤ ਨੂੰ ਇਸਦੇ ਸਰਵੋਤਮ ਗੌਰਵ ਵੱਲ ਲੈ ਜਾਣਾ ਹੈ, ਨਾਲ ਹੀ ਸਮਾਜ ਨੂੰ ਵੀ ਨਾਲ ਲੈ ਕੇ ਜਾਣਾ ਹੈ। ਉਨ੍ਹਾਂ ਕਿਹਾ ਕਿ ਸੰਘ ਵਿਅਕਤੀ ਦੇ ਚਰਿੱਤਰ ਨਿਰਮਾਣ ਰਾਹੀਂ ਰਾਸ਼ਟਰ ਨਿਰਮਾਣ ਲਈ ਕੰਮ ਕਰਦਾ ਹੈ ਅਤੇ ਇਹ ਪ੍ਰਤੀਕਿਰਿਆ ਵਜੋਂ ਸਥਾਪਿਤ ਸੰਗਠਨ ਨਹੀਂ ਹੈ, ਨਾ ਹੀ ਇਹ ਕਿਸੇ ਨਾਲ ਮੁਕਾਬਲਾ ਕਰਦਾ ਹੈ। ਉਨ੍ਹਾਂ ਕਿਹਾ, ਸੰਘ ਦਾ ਉਦੇਸ਼ ਭਾਰਤ ਅਤੇ ਪੂਰੇ ਸਮਾਜ ਨੂੰ ਇਸਦੇ ਸਰਵੋਤਮ ਗੌਰਵ ਵੱਲ ਲੈ ਜਾਣਾ ਹੈ। ਸੰਘ ਆਪਣੇ ਆਪ ਨੂੰ ਵੱਡਾ ਨਹੀਂ ਕਰਨਾ ਚਾਹੁੰਦਾ; ਇਹ ਸਮਾਜ ਨੂੰ ਵੱਡਾ ਕਰਨਾ ਚਾਹੁੰਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਲੋਕ ਸੰਘ ਨੂੰ ਸਮਝਣਾ ਚਾਹੁੰਦੇ ਹਨ, ਤਾਂ ਉਨ੍ਹਾਂ ਨੂੰ ਇਸ ਦੀਆਂ ਸ਼ਾਖਾਵਾਂ ਵਿਚ ਆਉਣਾ ਚਾਹੀਦਾ ਹੈ।

## ਮੁੱਖ ਮੰਤਰੀ ਆਦਿੱਤਿਆਨਾਥ ਨੇ ਮੌਨੀ ਮੱਸਿਆ 'ਤੇ ਸੂਬੇ ਦੇ ਲੋਕਾਂ ਨੂੰ ਦਿੱਤੀ ਵਧਾਈ



ਲਖਨਊ, 18 ਜਨਵਰੀ : ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਐਤਵਾਰ ਨੂੰ ਮੌਨੀ ਅਮਾਵਸਯ ਦੇ ਮੌਕੇ 'ਤੇ ਸੂਬੇ ਦੇ ਲੋਕਾਂ ਨੂੰ ਵਧਾਈ ਦਿੱਤੀ ਅਤੇ ਇੱਕ ਨਵੇਂ ਉਤਸ਼ਾਹ ਅਤੇ ਨਵੇਂ ਜੋਸ਼ ਦੀ ਕਾਮਨਾ ਕੀਤੀ। ਆਦਿੱਤਿਆਨਾਥ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਲਿਖਿਆ, ਸਾਰੇ ਭਗਤਾਂ ਅਤੇ ਰਾਜ ਦੇ ਲੋਕਾਂ ਨੂੰ ਮੌਨੀ ਅਮਾਵਸਯ ਦੀਆਂ ਹਾਰਦਿਕ ਸ਼ੁਭਕਾਮਨਾਵਾਂ, ਵਿਸ਼ਵਾਸ ਦਾ ਮਹਾਨ ਤਿਉਹਾਰ ਜੋ ਦਾਨ, ਵਰਤ ਅਤੇ ਬਲੀਦਾਨ ਨੂੰ ਪ੍ਰੇਰਿਤ ਕਰਦਾ ਹੈ। ਮੌਨੀ ਅਮਾਵਸਯ ਦੇ ਸੰਗਮ ਵਿਚ ਡੁੱਬਕੀ ਲਗਾਉਣ ਲਈ ਆਏ ਅਖਾੜਿਆਂ, ਧਾਰਮਿਕ ਆਗੂਆਂ, ਸੰਤਾਂ, ਸਾਧਕਾਂ, ਕਲਪਵਾਸੀਆਂ ਅਤੇ ਸ਼ਰਧਾਲੂਆਂ ਨੂੰ ਵਧਾਈ ਦਿੰਦੇ ਹੋਏ, ਉਨ੍ਹਾਂ ਕਿਹਾ, ਮੁਕਤੀ ਦੇਣ ਵਾਲੀ ਮਾਂ ਗੰਗਾ ਅਤੇ ਸੂਰਜ ਦੇਵਤਾ ਦੇ ਆਸ਼ੀਰਵਾਦ ਨਾਲ, ਸਾਰਿਆਂ ਦੀਆਂ ਇੱਛਾਵਾਂ ਪੂਰੀਆਂ ਹੋਣ, ਜੀਵਨ ਵਿਚ ਨਵੀਂ ਊਰਜਾ, ਨਵਾਂ ਉਤਸ਼ਾਹ ਅਤੇ ਨਵਾਂ ਜੋਸ਼ ਭਰਿਆ ਜਾਵੇ, ਇਹ ਮੇਰੀ ਕਾਮਨਾ ਹੈ। ਹਰ ਹਰ ਗੰਗਾ!

## ਸ਼੍ਰੋਮਣੀ ਕਮੇਟੀ ਦੇ ਮੁਖੀ ਦੇ ਸੂਬੇ ਨੂੰ ਮੁੜ ਬੇਅਦਬੀ ਅਤੇ ਗੁੰਡਾਗਰਦੀ ਦੇ ਕਾਲੇ ਦੌਰ ਵਿੱਚ ਧੱਕਣ ਦੇ ਮਨਸੂਬਿਆਂ ਨੂੰ ਲੋਕ ਸਫਲ ਨਹੀਂ ਹੋਣ ਦੇਣਗੇ-ਮੁੱਖ ਮੰਤਰੀ

**ਕੌਮੀ ਪਤ੍ਰਿਕਾ**
**ਤੇਜਿੰਦਰ ਕੌਰ ਬੱਬਰ**

ਮਜੀਠਾ(ਅੰਮ੍ਰਿਤਸਰ), 18 ਜਨਵਰੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਇੱਥੇ ਮਜੀਠਾ ਵਿਖੇ ਸੂਬਾ ਪੱਧਰੀ ਸਮਾਗਮ ਦੌਰਾਨ 23 ਪੇਂਡੂ ਲਿੰਕ ਸੜਕਾਂ ਦਾ ਨੀਂਹ ਪੱਥਰ ਰੱਖਦਿਆਂ ਐਲਾਨ ਕੀਤਾ ਕਿ ਪੰਜਾਬ ਵਿੱਚ ਖ਼ੌਫ਼ ਦਾ ਦੌਰ, "ਪਰਚੀ ਦਾ ਦੌਰ (ਜਬਰੀ ਵਸੂਲੀ) ਅਤੇ ਅਕਾਲੀਆਂ ਦੀ ਧੱਕੇਸ਼ਾਹੀ ਦਾ ਦੌਰ ਖਤਮ ਹੋ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੇ ਲੋਕਾਂ ਨੇ ਡਰਾਉਣ-ਧਮਕਾਉਣ ਵਾਲੀ ਸਿਆਸਤ ਨੂੰ ਪੂਰੀ ਤਰ੍ਹਾਂ ਨਾਕਾਰ ਦਿੱਤਾ ਹੈ ਅਤੇ ਵਿਕਾਸ, ਜਵਾਬਦੇਹੀ ਤੇ ਲੋਕ ਭਲਾਈ 'ਤੇ ਕੇਂਦਰਿਤ ਮਾਡਲ ਨੂੰ ਅਪਣਾਇਆ ਹੈ।
ਮੁੱਖ ਮੰਤਰੀ ਨੇ ਚੇਤਾਵਨੀ ਦਿੱਤੀ ਕਿ ਅਕਾਲੀਆਂ ਦੀ ਸੱਤਾ ਵਿੱਚ ਵਾਪਸੀ ਦਾ ਭਾਵ ਬੇਅਦਬੀਆਂ ਅਤੇ ਨਿਰਦੋਸ਼ ਲੋਕਾਂ 'ਤੇ ਗੋਲੀਬਾਰੀ ਵੱਲ ਵਾਪਸੀ ਹੋਵੇਗਾ। ਉਨ੍ਹਾਂ ਨੇ ਜਲ੍ਹਿਆਂਵਾਲਾ ਬਾਗ ਕਤਲੇਆਮ ਤੋਂ ਬਾਅਦ ਜਨਰਲ ਡਾਇਰ ਨੂੰ ਰਾਤ ਦੇ ਖਾਣੇ ਦੀ ਮੇਜ਼ਬਾਨੀ ਨੂੰ ਸੂਬੇ ਪ੍ਰਤੀ ਵਿਸ਼ਵਾਸਘਾਤ ਦੱਸਿਆ ਜੋ ਪੰਜਾਬ ਦੇ ਲੋਕ ਕਦੇ ਨਹੀਂ ਭੁੱਲਣਗੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਧਾਰਮਿਕ ਸੰਸਥਾਵਾਂ ਨੂੰ ਗੁਰੂ ਸਾਹਿਬ ਦੀ ਸੇਵਾ ਕਰਨੀ ਚਾਹੀਦੀ ਹੈ, ਨਾ ਕਿ ਕਿਸੇ ਸਿਆਸੀ ਪਰਿਵਾਰਾਂ ਦਾ ਪੱਖ ਪੂਰਨਾ ਚਾਹੀਦਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਮੁਫ਼ਤ ਬਿਜਲੀ, ਸੜਕਾਂ ਦਾ ਨਵੀਨੀਕਰਨ ਅਤੇ ਲੋਕ ਪੱਖੀ ਪ੍ਰਸ਼ਾਸਨ ਨੇ ਸੌੜੀ ਰਾਜਨੀਤੀ ਦੀ ਥਾਂ ਲੈ ਲਈ ਹੈ, ਜਿਸ ਨਾਲ ਮਜੀਠੀਆ ਵਿੱਚ 11.32 ਕਰੋੜ ਰੁਪਏ ਦੀ ਲਾਗਤ ਵਾਲੇ ਪ੍ਰੋਜੈਕਟਾਂ ਨਾਲ ਵਿਕਾਸ ਦੇ ਇੱਕ ਨਵੇਂ ਅਧਿਆਇ ਦੀ ਸ਼ੁਰੂਆਤ ਹੋਈ ਹੈ।
ਮਜੀਠਾ ਵਿੱਚ 23 ਨਵੀਆਂ ਪੇਂਡੂ ਲਿੰਕ ਸੜਕਾਂ ਦਾ ਨੀਂਹ ਪੱਥਰ ਰੱਖਣ ਉਪਰੰਤ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪਹਿਲਾਂ, ਇਹ ਇਲਾਕਾ ਲਗਾਤਾਰ ਡਰ ਹੇਠ ਰਹਿੰਦਾ ਸੀ। ਇਸ ਖੇਤਰ ਦੇ ਖੁਦ ਨੂੰ 'ਜਰਨੈਲ' ਦੱਸਣ ਵਾਲੇ ਵਿਅਕਤੀ ਨੇ ਆਮ ਲੋਕਾਂ ਵਿਰੁੱਧ ਝੂਠੇ ਕੇਸਾਂ ਨੂੰ ਹਥਿਆਰ ਵਜੋਂ ਵਰਤਿਆ। ਕਾਂਗਰਸ ਅਤੇ ਅਕਾਲੀ, ਦੋਵਾਂ ਸਰਕਾਰਾਂ ਦੀ ਆਪਸੀ ਮਿਲੀਭੁਗਤ ਨਾਲ ਦਹਿਸ਼ਤ ਭਰੇ ਰਾਜ ਦੀ ਸ਼ੁਰੂਆਤ ਹੋਈ ਅਤੇ ਲੋਕ ਸਰਕਾਰ ਖਿਲਾਫ ਬੋਲਣ ਤੋਂ ਡਰਦੇ ਸਨ।"ਉਨ੍ਹਾਂ ਕਿਹਾ ਕਿ ਇਹ ਡਰ ਹੁਣ ਪੂਰੀ ਤਰ੍ਹਾਂ ਖਤਮ ਹੋ ਗਿਆ ਹੈ ਕਿਉਂਕਿ ਹੁਣ ਲੋਕਾਂ ਦਾ ਰਾਜ ਹੈ ਅਤੇ ਉਨ੍ਹਾਂ ਨੇ ਅਜਿਹੀ ਸੌੜੀ ਰਾਜਨੀਤੀ ਨੂੰ ਨਿਰਣਾਇਕ ਤੌਰ 'ਤੇ ਸੂਬੇ ਵਿੱਚੋਂ ਬਾਹਰ ਦਾ ਰਸਤਾ ਦਿਖਾਇਆ ਹੈ।



ਮੁੱਖ ਮੰਤਰੀ ਨੇ ਕਿਹਾ ਕਿ ਲੋਕਾਂ ਨੇ ਮਜੀਠੀਆ ਅਤੇ ਬਾਦਲ ਪਰਿਵਾਰਾਂ ਵੱਲੋਂ ਚਲਾਈ ਜਾ ਰਹੀ ਡਰਾਉਣ-ਧਮਕਾਉਣ ਵਾਲੀ ਰਾਜਨੀਤੀ ਨੂੰ ਦਰਕਿਨਾਰ ਕਰਕੇ ਇਕ ਨਵਾਂ ਰਾਹ ਚੁਣਿਆ ਹੈ। ਉਨ੍ਹਾਂ ਕਿਹਾ, "ਇਹੀ ਮਜੀਠਾ ਇਲਾਕਾ ਕਦੇ ਉਨ੍ਹਾਂ ਲੋਕਾਂ ਦੇ ਕਬਜ਼ੇ ਵਿੱਚ ਸੀ ਜਿਨ੍ਹਾਂ ਨੇ 1919 ਵਿੱਚ ਜਲ੍ਹਿਆਂਵਾਲਾ ਬਾਗ ਕਤਲੇਆਮ ਵਾਲੇ ਦਿਨ ਜਨਰਲ ਡਾਇਰ ਨੂੰ ਰਾਤ ਦੇ ਖਾਣੇ 'ਤੇ ਬੁਲਾਇਆ ਸੀ। ਅਜਿਹੇ ਵਿਸ਼ਵਾਸਘਾਤ ਭਰੇ ਗੁਨਾਹਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਪੰਜਾਬ ਦੇ ਲੋਕ ਉਨ੍ਹਾਂ ਲੋਕਾਂ ਨੂੰ ਕਦੇ ਮੁਆਫ਼ ਨਹੀਂ ਕਰਨਗੇ ਜਿਨ੍ਹਾਂ ਦੇ ਹੱਥ ਮਾਸੂਮ ਲੋਕਾਂ ਦੇ ਖੂਨ ਨਾਲ ਰੰਗੇ ਹੋਏ ਸਨ।" ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਚੇਤਾਵਨੀ ਦਿੱਤੀ ਕਿ ਅਕਾਲੀ ਦਲ ਨੂੰ ਸੱਤਾ ਵਿੱਚ ਵਾਪਸ ਲਿਆਉਣ ਦਾ ਭਾਵ ਪੰਜਾਬ ਨੂੰ ਹਨੇਰ ਯੁੱਗ ਵਿੱਚ ਵਾਪਸ ਧੱਕਣਾ ਹੋਵੇਗਾ। ਉਨ੍ਹਾਂ ਕਿਹਾ, ਇਸ ਦਾ ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੁਬਾਰਾ 'ਬੇਅਦਬੀ', ਨਿਰਦੋਸ਼ ਪ੍ਰਦਰਸ਼ਨਕਾਰੀਆਂ 'ਤੇ ਗੋਲੀਬਾਰੀ ਅਤੇ ਆਮ ਲੋਕਾਂ ਵਿਰੁੱਧ ਅੱਤਿਆਚਾਰ ਵੱਲ ਵਧਣ ਦੇ ਬਰਾਬਰ ਹੋਵੇਗਾ।
ਉਨ੍ਹਾਂ ਅੱਗੇ ਕਿਹਾ ਕਿ ਅਕਾਲੀਆਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਦੇ ਮਾੜੇ ਕੰਮਾਂ ਕਾਰਨ ਹੀ ਸੂਬਾ ਸਰਕਾਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਾਪਤਾ ਹੋਏ 328 ਸਰੂਪਾਂ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਦਾ ਗਠਨ ਕਰਨ ਲਈ ਮਜਬੂਰ ਹੋਣਾ ਪਿਆ।

# ਭਾਜਪਾ ਆਗੂਆਂ ਨੇ ਪੰਜਾਬ ਰਾਜਪਾਲ ਨਾਲ ਕੀਤੀ ਮੁਲਾਕਾਤ, DGP ਨੂੰ ਤਲਬ ਕਰਨ ਦੀ ਕੀਤੀ ਮੰਗ



ਜਲੰਧਰ/ਚੰਡੀਗੜ੍ਹ, 18 ਜਨਵਰੀ : ਪੰਜਾਬ ਭਾਜਪਾ ਦੀ ਸੀਨੀਅਰ ਲੀਡਰਸ਼ਿਪ ਦੇ ਇਕ ਵਫ਼ਦ ਨੇ ਐਤਵਾਰ ਨੂੰ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨਾਲ ਮੁਲਾਕਾਤ ਕੀਤੀ ਅਤੇ ਸੂਬੇ ਦੀਆਂ ਭਖਦੀਆਂ ਮੁਸ਼ਕਿਲਾਂ ਸਬੰਧੀ ਇਕ ਮੰਗ ਪੱਤਰ ਸੌਂਪਿਆ। ਭਾਜਪਾ ਆਗੂਆਂ ਨੇ ਦੋਸ਼ ਲਗਾਇਆ ਕਿ ਸੂਬੇ ਵਿੱਚ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਵਿਗੜ ਚੁੱਕੀ ਹੈ ਅਤੇ ਪੰਜਾਬ ਗੈਂਗਸਟਰਾਂ ਲਈ ਸਵਰਗ ਬਣਦਾ ਜਾ ਰਿਹਾ ਹੈ। ਭਾਜਪਾ ਨੇ ਚਿੰਤਾ ਪ੍ਰਗਟਾਈ ਕਿ ਸੂਬੇ ਵਿੱਚ ਰੋਜ਼ਾਨਾ ਕਤਲ ਹੋ ਰਹੇ ਹਨ ਅਤੇ ਫਿਰੌਤੀ ਦੀਆਂ ਕਾਲਾਂ ਆ ਰਹੀਆਂ ਹਨ। ਉਨ੍ਹਾਂ ਰਾਜਪਾਲ ਤੋਂ ਮੰਗ ਕੀਤੀ ਕਿ ਇਸ ਮਾਮਲੇ ਵਿੱਚ ਡੀ. ਜੀ. ਪੀ. ਅਤੇ ਗ੍ਰਹਿ ਮੰਤਰੀ ਨੂੰ ਤਲਬ ਕੀਤਾ ਜਾਵੇ ਅਤੇ ਪੁੱਛਿਆ ਜਾਵੇ ਕਿ ਉਹ ਇਨ੍ਹਾਂ ਹਾਲਾਤਾਂ ਨਾਲ ਨਜਿੱਠਣ ਲਈ ਕੀ ਕਦਮ ਚੁੱਕ ਰਹੇ ਹਨ? ਭਾਜਪਾ ਆਗੂ ਸੁਭਾਸ਼ ਸ਼ਰਮਾ ਨੇ ਕਿਹਾ ਕਿ ਸੂਬਾ ਸਰਕਾਰ ਮੀਡੀਆ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਇਸ ਦੀ ਤੁਲਨਾ ਐਮਰਜੈਂਸੀ ਨਾਲ ਕਰਦਿਆਂ ਕਿਹਾ ਕਿ ਇੰਨੀ ਪਾਬੰਦੀ ਤਾਂ ਇੰਦਰਾ ਗਾਂਧੀ ਨੇ ਵੀ ਨਹੀਂ ਲਗਾਈ ਸੀ ਅਤੇ ਅਜਿਹੇ ਹਾਲਾਤ ਲੋਕਤੰਤਰ ਰਹਿਤ ਦੇਸ਼ਾਂ ਜਿਵੇਂ ਚੀਨ ਵਿੱਚ ਹੁੰਦੇ ਹਨ। ਉਥੇ ਹੀ ਭਾਜਪਾ ਆਗੂ ਕੇਵਲ ਢਿੱਲੋਂ ਨੇ ਨਸ਼ਿਆਂ ਦੇ ਮੁੱਦੇ 'ਤੇ ਸਰਕਾਰ ਨੂੰ ਘੇਰਦਿਆਂ ਦੱਸਿਆ ਕਿ ਲੁਧਿਆਣਾ ਦੇ ਪਿੰਡ ਸ਼ੇਰੇਵਾਲ ਵਿੱਚ ਇਕ ਮਾਂ ਨੇ ਨਸ਼ੇ ਕਾਰਨ ਆਪਣੇ ਛੇਵੇਂ ਪੁੱਤਰ ਨੂੰ ਵੀ ਗੁਆ ਦਿੱਤਾ। ਉਨ੍ਹਾਂ ਕਿਹਾ ਕਿ ਸਰਕਾਰ ਦੇ ਨਸ਼ਾ ਰੋਕਣ ਦੇ ਦਾਅਵੇ ਖੋਖਲੇ ਸਾਬਤ ਹੋ ਰਹੇ ਹਨ। ਵਫ਼ਦ ਨੇ ਆਤਿਸ਼ੀ ਦੇ ਵੀਡੀਓ ਮਾਮਲੇ 'ਚ ਪੰਜਾਬ ਸਰਕਾਰ ਵੱਲੋਂ ਕੀਤੀ ਗਈ ਕਾਰਵਾਈ ਨੂੰ ਗਲਤ ਦੱਸਿਆ ਅਤੇ ਕਿਹਾ ਕਿ ਪ੍ਰਸ਼ਾਸਨ ਦਾ ਨਿੱਜੀ ਸਿਆਸਤ ਲਈ ਇਸਤੇਮਾਲ ਕੀਤਾ ਜਾ ਰਿਹਾ ਹੈ। ਇਥੇ ਦੱਸ ਦੇਈਏ ਕਿ ਇਹ ਮੀਟਿੰਗ ਸੂਬਾ ਪ੍ਰਧਾਨ ਸੁਨੀਲ ਜਾਖੜ ਦੀ ਅਗਵਾਈ ਵਿੱਚ ਹੋਣੀ ਸੀ ਪਰ ਉਹ ਸਿਹਤ ਠੀਕ ਨਾ ਹੋਣ ਕਾਰਨ ਫੋਰਟਿਸ ਹਸਪਤਾਲ ਵਿੱਚ ਜ਼ੇਰੇ ਇਲਾਜ ਹੋਣ ਕਰਕੇ ਸ਼ਾਮਲ ਨਹੀਂ ਹੋ ਸਕੇ। ਇਸੇ ਤਰ੍ਹਾਂ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਮਲੇਰਕੋਟਲਾ ਵਿੱਚ ਇਕ ਰੈਲੀ ਵਿੱਚ ਸ਼ਾਮਲ ਹੋਣ ਕਾਰਨ ਮੀਟਿੰਗ ਵਿੱਚ ਮੌਜੂਦ ਨਹੀਂ ਸਨ। ਨਭਾਜਪਾ ਆਗੂਆਂ ਨੇ ਸਪੱਸ਼ਟ ਕੀਤਾ ਕਿ ਸੂਬੇ ਦੀਆਂ ਸੰਸਥਾਵਾਂ ਦੀ ਦੁਰਵਰਤੋਂ ਅਰਵਿੰਦ ਕੇਜਰੀਵਾਲ ਦੇ ਇਸ਼ਾਰੇ 'ਤੇ ਕੀਤੀ ਜਾ ਰਹੀ ਹੈ ਅਤੇ ਇਸ ਨਾਲ ਪੰਜਾਬ ਦੇ ਹਾਲਾਤ ਹੋਰ ਖ਼ਰਾਬ ਹੋ ਰਹੇ ਹਨ।

## ਪਟਿਆਲਾ ਮੀਡੀਆ ਕਲੱਬ ਵੱਲੋਂ ਪੰਜਾਬ ਕੇਸਰੀ ਅਖ਼ਬਾਰ ਸਮੂਹ ਖ਼ਿਲਾਫ਼ ਧੱਕੇਸ਼ਾਹੀ ਦੀ ਨਿਖੇਧੀ

ਪਟਿਆਲਾ, 18 ਜਨਵਰੀ : ਪਟਿਆਲਾ ਦੇ ਪੱਤਰਕਾਰਾਂ ਦੀ ਪ੍ਰਮੁੱਖ ਜਥੇਬੰਦੀ ਪਟਿਆਲਾ ਮੀਡੀਆ ਕਲੱਬ ਨੇ ਪੰਜਾਬ ਕੇਸਰੀ ਅਖ਼ਬਾਰ ਸਮੂਹ ਦੇ ਖਿਲਾਫ ਆਮ ਆਦਮੀ ਪਾਰਟੀ (ਆਪ) ਸਰਕਾਰ ਵੱਲੋਂ ਕੀਤੀ ਜਾ ਰਹੀ ਧੱਕੇਸ਼ਾਹੀ ਦੀ ਜ਼ੋਰਦਾਰ ਨਿਖੇਧੀ ਕੀਤੀ ਹੈ। ਇਤਿਹਾਸ ਵਿਚ ਪਹਿਲੀ ਵਾਰ ਇਹ ਵੇਖਣ ਨੂੰ ਮਿਲ ਰਿਹਾ ਹੈ ਕਿ ਅਖ਼ਬਾਰ ਸਮੂਹ ਦੇ ਡਾਇਰੈਕਟਰਾਂ ਸ੍ਰੀ ਅਵਿਨਾਸ਼ ਚੋਪੜਾ ਅਤੇ ਸ੍ਰੀ ਅਮਿਤ ਚੋਪੜਾ ਸਮੇਤ ਹੋਰ ਸਟਾਫ ਮੈਂਬਰਾਂ ਦੇ ਖਿਲਾਫ ਕੇਸ ਦਰਜ ਕੀਤੇ ਗਏ ਹਨ।

# ਪੰਜਾਬ 'ਚ ਵੱਡਾ ਹਾਦਸਾ ! PRTC ਬੱਸ ਤੇ ਸਿਲੰਡਰਾਂ ਨਾਲ ਭਰੇ ਟਰੱਕ ਦੀ ਭਿਆਨਕ ਟੱਕਰ, ਪਿਆ ਚੀਕ-ਚਿਹਾੜਾ




ਬਠਿੰਡਾ, 18 ਜਨਵਰੀ : ਸੰਘਣੀ ਧੁੰਦ ਵਿਚਾਲੇ ਪੰਜਾਬ ਵਿਚ ਵੱਡਾ ਹਾਦਸਾ ਵਾਪਰ ਗਿਆ। ਮਾਨਸਾ ਮੁੱਖ ਮਾਰਗ 'ਤੇ ਸਵੇਰੇ ਸਮੇਂ ਇਕ ਭਿਆਨਕ ਸੜਕ ਹਾਦਸਾ ਵਾਪਰ ਗਿਆ, ਜਿਸ ਵਿੱਚ ਇਕ ਸਿਲੰਡਰਾਂ ਨਾਲ ਭਰੇ ਟਰੱਕ ਅਤੇ ਦੋ ਬੱਸਾਂ ਦੀ ਆਪਸੀ ਟੱਕਰ ਨਾਲ ਅੱਧੀ ਦਰਜਨ ਤੋਂ ਵੱਧ ਯਾਤਰੀ ਜ਼ਖ਼ਮੀ ਹੋ ਗਏ। ਸਾਰੇ ਜ਼ਖ਼ਮੀਆਂ ਨੂੰ ਤੁਰੰਤ ਸਿਵਲ ਹਸਪਤਾਲ ਬਠਿੰਡਾ ਵਿੱਚ ਦਾਖ਼ਲ ਕਰਵਾਇਆ ਗਿਆ, ਜਿੱਥੇ ਕੁਝ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ।ਪੀ. ਆਰ. ਟੀ. ਸੀ. ਬੱਸ ਵਿਚ ਸਵਾਰ ਕਈ ਲੋਕ ਜ਼ਖ਼ਮੀ ਹੋ ਗਏ ਹਨ। ਜ਼ਖ਼ਮੀਆਂ ਨੂੰ ਇਲਾਜ ਲਈ ਹਸਪਤਾਲ ਵਿਚ ਲਿਜਾਇਆ ਗਿਆ। ਮੌਕੇ ਉਤੇ ਪਹੁੰਚੀ ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਹਾਦਸਾਗ੍ਰਸਤ ਗੱਡੀਆਂ ਨੂੰ ਸਾਈਡ 'ਤੇ ਕਰਵਾ ਕੇ ਟਰੈਫਿਕ ਨੂੰ ਸ਼ੁਰੂ ਕਰਵਾ ਦਿੱਤਾ ਹੈ। ਬੱਸ ਦਾ ਅਗਲਾ ਹਿੱਸਾ ਪੂਰੀ ਤਰ੍ਹਾਂ ਟੁੱਟ ਗਿਆ ਹੈ। ਇਹ ਬੱਸ ਬਠਿੰਡਾ ਤੋਂ ਮਾਨਸਾ ਜਾ ਰਹੀ ਸੀ। ਮਿਲੀ ਜਾਣਕਾਰੀ ਮੁਤਾਬਕ ਇਹ ਹਾਦਸਾ ਇਤਿਹਾਸਕ ਧਾਰਮਿਕ ਸਥਾਨ ਮਾਈਸਰਖਾਨਾ ਦੇ ਨੇੜੇ ਵਾਪਰਿਆ। ਇਕ ਢਾਬੇ ਦੇ ਕੋਲ ਟਰਾਲਾ ਸੜਕ 'ਤੇ ਮੋੜ ਕੱਟ ਰਿਹਾ ਸੀ ਕਿ ਅਚਾਨਕ ਘਣੀ ਧੁੰਦ ਕਾਰਨ ਸਾਹਮਣੇ ਤੋਂ ਆ ਰਹੀ ਪੀ. ਆਰ. ਟੀ. ਸੀ. ਦੀ ਬੱਸ ਟਰੱਕ ਨਾਲ ਟਕਰਾ ਗਈ। ਟੱਕਰ ਇੰਨੀ ਜ਼ੋਰਦਾਰ ਸੀ ਕਿ ਬੱਸ ਅੱਗੇ ਵੱਲ ਨਿਕਲ ਗਈ, ਜਿਸ ਦੌਰਾਨ ਬੱਸ ਦਾ ਡਰਾਈਵਰ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਇਸੇ ਦੌਰਾਨ ਪਿੱਛੋਂ ਆ ਰਹੀ ਇਕ ਹੋਰ ਬੱਸ ਦੀ ਵੀ ਸਮੇਂ ਸਿਰ ਬ੍ਰੇਕ ਨਾ ਲੱਗਣ ਕਾਰਨ ਪਹਿਲੀ ਬੱਸ ਨਾਲ ਜਾ ਟਕਰਾਈ। ਇਸ ਲੜੀਵਾਰ ਟੱਕਰ ਨਾਲ ਬੱਸਾਂ ਵਿੱਚ ਸਵਾਰ ਕਈ ਯਾਤਰੀਆਂ ਨੂੰ ਗੰਭੀਰ ਸੱਟਾਂ ਲੱਗੀਆਂ ਹਮ, ਜਿਸ ਨਾਲ ਮੌਕੇ 'ਤੇ ਹੜਫ਼ਾ-ਦੜਫ਼ੀ ਮਚ ਗਈ। ਹਾਦਸੇ ਦੀ ਸੂਚਨਾ ਮਿਲਦੇ ਹੀ ਸੜਕ ਸੁਰੱਖਿਆ ਦਸਤਾ ਅਤੇ ਥਾਣਾ ਕੋਟਫਤਾ ਦੀ ਪੁਲਸ ਤੁਰੰਤ ਮੌਕੇ 'ਤੇ ਪਹੁੰਚ ਗਈ। ਪੁਲਸ ਅਤੇ ਰੈਸਕਿਊ ਟੀਮ ਵੱਲੋਂ ਸਥਾਨਕ ਲੋਕਾਂ ਦੀ ਮਦਦ ਨਾਲ ਜ਼ਖ਼ਮੀਆਂ ਨੂੰ ਐਂਬੂਲੈਂਸਾਂ ਰਾਹੀਂ ਸਿਵਲ ਹਸਪਤਾਲ ਪਹੁੰਚਾਇਆ ਗਿਆ। ਇਸ ਦੇ ਨਾਲ ਹੀ ਸੜਕ 'ਤੇ ਫਸੇ ਵਾਹਨਾਂ ਨੂੰ ਹਟਾ ਕੇ ਆਵਾਜਾਈ ਨੂੰ ਕੁਝ ਸਮੇਂ ਬਾਅਦ ਬਹਾਲ ਕਰਵਾਇਆ ਗਿਆ।ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਮੁੱਢਲੀ ਜਾਂਚ ਵਿੱਚ ਹਾਦਸੇ ਦਾ ਮੁੱਖ ਕਾਰਨ ਸੰਘਣੀ ਧੁੰਦ ਅਤੇ ਘੱਟ ਦਿੱਖ ਮੰਨੀ ਜਾ ਰਹੀ ਹੈ। ਮਾਮਲੇ ਦੀ ਵਿਸਥਾਰ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਹਾਦਸੇ ਨਾਲ ਜੁੜੇ ਸਾਰੇ ਤੱਥ ਇਕੱਠੇ ਕੀਤੇ ਜਾ ਰਹੇ ਹਨ।

## ਸ਼ਿਫਟਾਂ ਦੇ ਹਿਸਾਬ ਨਾਲ ਖੁੱਲ੍ਹਣਗੇ ਸਕੂਲ, ਚੰਡੀਗੜ੍ਹ ਸਿੱਖਿਆ ਵਿਭਾਗ ਨੇ ਲਿਆ ਵੱਡਾ ਫੈਸਲਾ

ਚੰਡੀਗੜ੍ਹ, 18 ਜਨਵਰੀ : ਪੰਜਾਬ ਵਿਚ ਕੜਾਕੇ ਦੀ ਠੰਡ ਅਤੇ ਸੰਘਣੀ ਧੁੰਦ ਦੇ ਮੱਦੇਨਜ਼ਰ ਚੰਡੀਗੜ੍ਹ ਸਿੱਖਿਆ ਵਿਭਾਗ ਨੇ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਇਕ ਮਹੱਤਵਪੂਰਨ ਫ਼ੈਸਲਾ ਲਿਆ ਹੈ। ਯੂ. ਟੀ. ਸਕੂਲ ਸਿੱਖਿਆ ਵਿਭਾਗ ਵਲੋਂ ਜਾਰੀ ਤਾਜ਼ਾ ਹੁਕਮਾਂ ਅਨੁਸਾਰ ਸਰਕਾਰੀ ਅਤੇ ਪ੍ਰਾਈਵੇਟ ਸਕੂਲ 19 ਜਨਵਰੀ ਤੋਂ ਦੁਬਾਰਾ ਖੁੱਲ੍ਹਣਗੇ। ਦੱਸ ਦੇਈਏ ਸਾਰੇ ਸਕੂਲਾਂ ਦਾ ਸਮਾਂ ਸ਼ਿਫਟਾਂ ਦੇ ਹਿਸਾਬ ਨਾਲ ਬਦਲਿਆ ਗਿਆ ਹੈ। ਇਹ ਨਵਾਂ ਸਮਾਂ 23 ਜਨਵਰੀ ਤੱਕ ਲਾਗੂ ਰਹੇਗਾ। ਸਿੰਗਲ ਸ਼ਿਫਟ ਵਾਲੇ ਵਿਦਿਆਰਥੀ ਸਵੇਰੇ 9 ਵਜੇ ਤੋਂ ਦੁਪਹਿਰ ਬਾਅਦ 2.30 ਵਜੇ ਤੱਕ ਸਕੂਲ 'ਚ ਰਹਿਣਗੇ ਜਦੋਂ ਕਿ ਸਟਾਫ ਦਾ ਸਮਾਂ ਸਵੇਰੇ 8.45 ਤੋਂ ਦੁਪਹਿਰ 2.45 ਵਜੇ ਤਕ ਹੋਵੇਗਾ। ਡਬਲ ਸ਼ਿਫਟ 'ਚ ਵਿਦਿਆਰਥੀ ਸਵੇਰ ਦੀ ਸ਼ਿਫਟ 'ਚ (6ਵੀਂ ਤੋਂ ਉੱਪਰ ਵਾਲੀਆਂ ਕਲਾਸਾਂ) ਸਵੇਰੇ 9 ਵਜੇ ਤੋਂ ਦੁਪਹਿਰ 1.45 ਵਜੇ ਤੱਕ ਅਤੇ ਸਟਾਫ ਸਵੇਰੇ 8.45 ਤੋਂ ਦੁਪਹਿਰ 2.45 ਵਜੇ ਤਕ ਰਹੇਗਾ। ਸ਼ਾਮ ਦੀ ਸ਼ਿਫਟ 'ਚ ਪਹਿਲੀ ਤੋਂ 5 ਵੀਂ ਤੱਕ ਦੀਆਂ ਕਲਾਸਾਂ ਦੇ ਵਿਦਿਆਰਥੀ ਦੁਪਹਿਰ 1.15 ਤੋਂ ਸ਼ਾਮ 4.30 ਵਜੇ ਤਕ ਜਦੋਂਕਿ ਸਟਾਫ ਦਾ ਸਮਾਂ ਸਵੇਰੇ 10.40 ਤੋਂ ਸ਼ਾਮ 4.40 ਤਕ ਰਹੇਗਾ। ਇਹ ਹੁਕਮ 23 ਜਨਵਰੀ ਤਕ ਜਾਰੀ ਰਹਿਣਗੇ।

## 'ਆਪ' 'ਤੇ ਵਰ੍ਹੇ ਗਿਆਨੀ ਹਰਪ੍ਰੀਤ ਸਿੰਘ, ਕਿਹਾ-ਪੰਜਾਬ ਕਿਸੇ ਦੇ ਤਜਰਬੇ ਦੀ ਲੈਬ ਨਹੀਂ, ਇਹ ਸਾਡਾ ਘਰ ਹੈ

ਅੰਮ੍ਰਿਤਸਰ, 18 ਜਨਵਰੀ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਪੰਜਾਬ ਦੀ ਮੌਜੂਦਾ ਸਥਿਤੀ 'ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਪੰਜਾਬ ਸਰਕਾਰ 'ਤੇ ਤਿੱਖੇ ਸ਼ਬਦੀ



ਹਮਲੇ ਬੋਲੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੀ ਮੌਜੂਦਾ ਹਾਲਤ ਸਿਰਫ਼ ਵਾਅਦਿਆਂ ਦੀ ਕਹਾਣੀ ਨਹੀਂ ਰਹਿ ਗਈ, ਸਗੋਂ ਇਹ ਟੁੱਟੇ ਹੋਏ ਭਰੋਸਿਆਂ ਦੀ ਇਕ ਵੱਡੀ ਗਵਾਹੀ ਬਣ ਚੁੱਕੀ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਸੂਬੇ ਦੇ ਹਾਲਾਤ ਦਾ ਜ਼ਿਕਰ ਕਰਦਿਆਂ ਕਿਹਾ ਕਿ ਪੰਜਾਬ ਜਿਨ੍ਹਾਂ ਮੁਸ਼ਕਿਲਾਂ ਵਿੱਚੋਂ ਨਿਕਲਣ ਦੀ ਉਮੀਦ ਕਰ ਰਿਹਾ ਸੀ, ਉਹ ਅਜੇ ਵੀ ਜਿਉਂ ਦੀਆਂ ਤਿਉਂ ਬਣੀਆਂ ਹੋਈਆਂ ਹਨ। ਉਨ੍ਹਾਂ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਵਿਚ ਇਹ ਕਹਿ ਕੇ ਆਈ ਸੀ ਕਿ ਅਸੀਂ ਨਸ਼ਾ ਬੰਦ ਕਰਾਂਗੇ ਅਤੇ ਬੇਅਦਬੀਆਂ ਦਾ ਸਿਲਸਿਲਾ ਬੰਦ ਕਰਾਂਗੇ ਪਰ ਨਾ ਤਾਂ ਅੱਜ ਨਸ਼ਾ ਬੰਦ ਹੋਇਆ ਹੈ ਅਤੇ ਨਾ ਬੇਅਦਬੀਆਂ ਰੁਕੀਆਂ ਹਨ। ਸਰਕਾਰ ਨੇ ਇਹ ਵੀ ਕਿਹਾ ਸੀ ਕਿ ਬੇਅਦਬੀਆਂ ਦੇ ਦੋਸ਼ੀਆਂ ਨੂੰ ਕਟਿਹਰੇ ਵਿਚ ਲਿਆਂਦਾ ਜਾਵੇਗਾ ਪਰ ਪੰਜਾਬ ਸਰਕਾਰ ਬੇਅਦਬੀ ਦੇ ਦੋਸ਼ੀਆਂ ਨੂੰ ਅੱਜ ਤੱਕ ਕਟਹਿਰੇ ਵਿਚ ਵੀ ਨਹੀਂ ਲਿਆ ਸਕੀ ਹੈ। ਉਨ੍ਹਾਂ ਕਿਹਾ ਕਿ ਉਲਟਾ ਪੰਜਾਬ ਦੇ ਸਿਰ 'ਤੇ ਪੌਣੇ ਚਾਰ ਲੱਖ ਦਾ ਕਰਜ਼ਾ ਚੜ੍ਹਾ ਦਿੱਤਾ ਹੈ। ਸੂਬੇ ਸਿਰ ਕਰਜ਼ਾ ਲਗਾਤਾਰ ਵੱਧਦਾ ਜਾ ਰਿਹਾ ਹੈ, ਜੋਕਿ ਆਉਣ ਵਾਲੇ ਸਮੇਂ ਲਈ ਇਕ ਗੰਭੀਰ ਸੰਕੇਤ ਹੈ। ਆਪਣੇ ਸੰਬੋਧਨ ਵਿੱਚ ਉਨ੍ਹਾਂ ਚਿਤਾਵਨੀ ਦਿੱਤੀ ਕਿ ਪੰਜਾਬ ਦੀ ਉਪਜਾਊ ਧਰਤੀ 'ਤੇ ਬਾਹਰੀ ਸ਼ਕਤੀਆਂ ਦੀਆਂ ਨਜ਼ਰਾਂ ਹੋਰ ਤੇਜ਼ ਹੋ ਗਈਆਂ ਹਨ। ਉਨ੍ਹਾਂ ਸਖ਼ਤ ਲਹਿਜ਼ੇ ਵਿੱਚ ਕਿਹਾ ਕਿ ਪੰਜਾਬ ਕਿਸੇ ਦੇ ਤਜਰਬੇ ਦੀ ਲੈਬ (Lab) ਨਹੀਂ ਹੈ—ਇਹ ਸਾਡਾ ਘਰ ਹੈ । ਗਿਆਨੀ ਹਰਪ੍ਰੀਤ ਸਿੰਘ ਨੇ ਸਮੂਹ ਪੰਜਾਬੀਆਂ ਨੂੰ ਇੱਕਜੁਟ ਹੋਣ ਦਾ ਸੱਦਾ ਦਿੰਦਿਆਂ ਕਿਹਾ ਕਿ ਆਪਣੇ ਘਰ (ਪੰਜਾਬ) ਦੀ ਰੱਖਿਆ ਕਰਨਾ ਸਾਡੀ ਸਭ ਦੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਅਨੁਸਾਰ ਪੰਜਾਬ ਦੇ ਭਵਿੱਖ ਨੂੰ ਸੁਰੱਖਿਅਤ ਰੱਖਣ ਲਈ ਸਿਰਫ਼ ਵਾਅਦਿਆਂ 'ਤੇ ਨਿਰਭਰ ਰਹਿਣ ਦੀ ਬਜਾਏ ਸੁਚੇਤ ਹੋਣ ਦੀ ਲੋੜ ਹੈ।

## ਪ੍ਰੈੱਸ ਦੀ ਆਜ਼ਾਦੀ 'ਤੇ CM ਮਾਨ ਸਰਕਾਰ ਵੱਲੋਂ ਕੀਤੇ ਹਮਲੇ ਨੂੰ ਲੈ ਕੇ ਬਠਿੰਡਾ 'ਚ ਹੋਵੇਗਾ ਪ੍ਰਦਰਸ਼ਨ

ਬਠਿੰਡਾ (ਵੈੱਬ ਡੈਸਕ), 18 ਜਨਵਰੀ : ਪ੍ਰੈੱਸ ਦੀ ਆਜ਼ਾਦੀ 'ਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਕੀਤੀ ਗਈ ਕਾਰਵਾਈ ਨੂੰ ਲੈ ਕੇ ਬਠਿੰਡਾ ਦੇ ਡਿਪਟੀ ਕਮਿਸ਼ਨ ਦੇ ਦਫ਼ਤਰ ਸਾਹਮਣੇ 'ਪ੍ਰੈੱਸ ਦੀ ਆਜ਼ਾਦੀ ਬਹਾਲ ਕਰੋ ਸੰਘਰਸ਼ ਕਮੇਟੀ' ਵੱਲੋਂ 24 ਜਨਵਰੀ ਨੂੰ ਸਵੇਰੇ 11 ਵਜੇ ਵੱਡਾ ਰੋਸ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਇਸ ਪ੍ਰੋਗਰਾਮ ਦਾ ਕੇਂਦਰੀ ਵਿਸ਼ਾ "ਮੁੱਖ ਮੰਤਰੀ ਦਾ ਹੈਲੀਕਾਪਟਰ ਕੌਣ ਵਰਤ ਰਿਹਾ ਹੈ? ਜਿਸ ਰਾਹੀਂ ਪੰਜਾਬ ਸਰਕਾਰ ਦੀਆਂ ਨੀਤੀਆਂ, ਪ੍ਰਸ਼ਾਸਨਿਕ ਫ਼ੈਸਲਿਆਂ ਅਤੇ ਸੱਤਾ ਦੇ ਦੁਰਵਰਤੋਂ ਸਬੰਧੀ ਸਵਾਲਾਂ 'ਤੇ ਗੱਲਬਾਤ ਕੀਤੀ ਜਾਵੇਗੀ। ਦਰਅਸਲ ਪੰਜਾਬ ਸਰਕਾਰ ਲਗਾਤਾਰ ਲੋਕ ਪੱਖੀ ਪੱਤਰਕਾਰਾਂ 'ਤੇ ਝੂਠੇ ਪਰਚੇ ਪਾ ਰਹੀ ਹੈ।

ਇਹ ਮਾਮਲਾ ਪੱਤਰਕਾਰਾਂ ਦਾ ਨਹੀਂ ਸਗੋਂ ਹੱਕੀ ਆਵਾਜ਼ ਨੂੰ ਬਚਾਉਣ ਦਾ ਹੈ, ਇਸ ਕਰਕੇ ਇਹ ਸਾਰਾ ਇਕੱਠ ਪੂਰਾ ਮੀਡੀਆ ਦੀ ਜ਼ੁਬਾਨਬੰਦੀ ਖ਼ਿਲਾਫ਼ ਕੀਤਾ ਜਾ ਰਿਹਾ ਹੈ। ਪ੍ਰੋਗਰਾਮ ਵਿੱਚ ਇਸ ਗੱਲ 'ਤੇ ਵੀ ਚਰਚਾ ਹੋਵੇਗੀ ਕਿ ਜਿੱਥੇ ਇਕ ਪਾਸੇ ਪੰਜਾਬ ਗੰਭੀਰ ਆਰਥਿਕ ਸੰਕਟ ਨਾਲ ਜੂਝ ਰਿਹਾ ਹੈ, ਉੱਥੇ ਹੀ ਦੂਜੇ ਪਾਸੇ ਸਰਕਾਰੀ ਸਰੋਤਾਂ ਦੀ ਦੁਰਵਰਤੋਂ ਨੂੰ ਲੈ ਕੇ ਲਗਾਤਾਰ ਸਵਾਲ ਖੜ੍ਹੇ ਹੋ ਰਹੇ ਹਨ। ਖ਼ਾਸ ਕਰਕੇ ਮੁੱਖ ਮੰਤਰੀ ਦੇ ਹੈਲੀਕਾਪਟਰ ਦੀ ਵਰਤੋਂ ਸਬੰਧੀ ਉੱਠ ਰਹੇ ਸਵਾਲਾਂ ਨੂੰ ਲੋਕਾਂ ਸਾਹਮਣੇ ਤੱਥਾਂ ਸਮੇਤ ਰੱਖਣ ਦੀ ਕੋਸ਼ਿਸ਼ ਕੀਤੀ ਜਾਵੇਗੀ।

## ਕਲਾਨੌਰ 'ਚ ਪੰਚਾਇਤੀ ਚੋਣਾਂ ਅਮਨ ਸ਼ਾਂਤੀ ਨਾਲ ਹੋਈਆਂ ਮੁਕੰਮਲ

ਕਲਾਨੌਰ, 18 ਜਨਵਰੀ : ਗੁਰਦਾਸਪੁਰ ਜ਼ਿਲ੍ਹੇ ਦੇ ਇਤਿਹਾਸਿਕ ਸਰਹੱਦੀ ਕਸਬੇ ਕਲਾਨੌਰ ਵਿੱਚ ਕਰੀਬ 13 ਸਾਲਾਂ ਦੇ ਲੰਮੇ ਇੰਤਜ਼ਾਰ ਤੋਂ ਬਾਅਦ ਅੱਜ ਗ੍ਰਾਮ ਪੰਚਾਇਤਾਂ ਦੀਆਂ ਚੋਣਾਂ ਅਮਨ-ਸ਼ਾਂਤੀਪੂਰਨ ਮਾਹੌਲ ਵਿੱਚ ਸੰਪੰਨ ਹੋ ਗਈਆਂ। ਰਾਜ ਚੋਣ ਕਮਿਸ਼ਨ ਪੰਜਾਬ ਵੱਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ ਵੋਟਿੰਗ ਸਵੇਰੇ 8 ਵਜੇ ਤੋਂ ਸ਼ਾਮ 4 ਵਜੇ ਤੱਕ ਹੋਈ। ਚੋਣ ਪ੍ਰਕਿਰਿਆ ਦੌਰਾਨ ਵੋਟਰਾਂ ਵੱਲੋਂ ਭਰਪੂਰ ਉਤਸ਼ਾਹ ਵਿਖਾਇਆ ਗਿਆ, ਜਦਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੰਜਾਬ ਪੁਲਸ ਵੱਲੋਂ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ। ਮਾਣਯੋਗ ਹਾਈ ਕੋਰਟ ਦੇ ਆਦੇਸ਼ਾਂ ਦੇ ਤਹਿਤ ਸੰਭਵ ਹੋਈਆਂ ਇਹ ਚੋਣਾਂ ਕਲਾਨੌਰ, ਮੋਜੋਵਾਲ, ਜੈਲਦਾਰਾਂ, ਪੁਰਾਣੀ, ਪੀ.ਏ.ਪੀ. ਅਤੇ ਚੱਕਰੀ ਸਮੇਤ ਕੁੱਲ 6 ਗ੍ਰਾਮ ਪੰਚਾਇਤਾਂ ਲਈ ਲੜੀਆਂ ਗਈਆਂ। ਚੋਣਾਂ ਤੋਂ ਪਹਿਲਾਂ 31 ਸਰਪੰਚ ਉਮੀਦਵਾਰਾਂ ਅਤੇ 113 ਪੰਚ ਉਮੀਦਵਾਰਾਂ ਨੇ ਨਾਮਜ਼ਦਗੀਆਂ ਦਾਖਲ ਕੀਤੀਆਂ ਸਨ, ਹਾਲਾਂਕਿ ਕੁਝ ਪੰਚਾਇਤਾਂ ਵਿੱਚ ਸਰਬਸੰਮਤੀ ਨਾਲ ਚੋਣ ਹੋ ਗਈ। ਚੱਕਰੀ ਤੋਂ ਨਵਨੀਤ ਕੌਰ ਅਤੇ ਪੀ.ਏ.ਪੀ. ਤੋਂ ਪਲਵਿੰਦਰ ਸਿੰਘ ਮੱਲੀ ਨੂੰ ਸਰਪੰਚ ਚੁਣਿਆ ਗਿਆ। ਵੋਟਿੰਗ ਦੌਰਾਨ ਦੋ ਪੋਲਿੰਗ ਸਟੇਸ਼ਨਾਂ 'ਤੇ ਮਾਮੂਲੀ ਬਹਿਸਬਾਜ਼ੀ ਵੀ ਹੋਈ, ਪਰ ਪੁਲਿਸ ਪ੍ਰਸ਼ਾਸਨ ਦੀ ਤੁਰੰਤ ਕਾਰਵਾਈ ਨਾਲ ਹਾਲਾਤ ਕਾਬੂ ਵਿੱਚ ਰਹੇ। ਲੰਮੇ ਸਮੇਂ ਬਾਅਦ ਚੋਣਾਂ ਹੋਣ ਕਾਰਨ ਵੋਟਰਾਂ ਵਿੱਚ ਖ਼ੁਸ਼ੀ ਦੀ ਲਹਿਰ ਵੇਖੀ ਗਈ, ਕਿਉਂਕਿ ਲੋਕਾਂ ਨੂੰ ਲੰਬੇ ਅਰਸੇ ਬਾਅਦ ਸਰਪੰਚ-ਪੰਚ ਚੁਣਨ ਦਾ ਅਧਿਕਾਰ ਵਰਤਣ ਦਾ ਮੌਕਾ ਮਿਲਿਆ।

## ਪੰਜਾਬ ਦੇ ਪਹਿਲੇ ਜ਼ਖ਼ਮਾਂ 'ਤੇ ਮਲ੍ਹਮ ਨਹੀਂ ਲੱਗੀ, CM ਮਾਨ ਨਵੇਂ ਜ਼ਖ਼ਮ ਦੇਣ ਲੱਗੇ: ਪ੍ਰਤਾਪ ਬਾਜਵਾ

ਕੌਮੀ ਪਤ੍ਰਿਕਾ

ਨਵਾਂਸ਼ਹਿਰ, 18 ਜਨਵਰੀ : ਪਿੰਡ ਮਜਾਰਾ ਨੌਂ ਆਬਾਦ ਦੇ ਪ੍ਰਸਿੱਧ ਧਾਰਮਿਕ ਅਸਥਾਨ ਰੌਸ਼ਖਾਨਾ ਸ਼?ਰੀ ਨਾਭ ਕਮਲ ਰਾਜਾ ਸਾਹਿਬ ਵਿਖੇ ਅੱਜ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨਤਮਸਤਕ ਹੋਣ ਪੁੱਜੇ ਸਨ। ਇਸ ਮੌਕੇ ਉਨ੍ਹਾਂ ਦੇ ਨਾਲ ਵਿਕਰਮਜੀਤ ਸਿੰਘ ਚੌਧਰੀ ਵਿਧਾਇਕ ਫਿਲੌਰ, ਜ਼ਿਲ੍ਹਾ ਪ੍ਰਧਾਨ ਕਾਂਗਰਸ ਅਜੇ ਮੰਗੂਪੁਰ ਸਾਥੀਆਂ ਸਮੇਤ ਮੌਜੂਦ ਸਨ। ਇਸ ਦੌਰਾਨ ਕਾਂਗਰਸ ਪਾਰਟੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਜੋ ਗਲਤੀ ਰਾਜਾ ਸਾਹਿਬ ਜੀ ਦੇ ਦਰਬਾਰ ਬਾਰੇ ਗਲਤ ਅਤੇ ਗੁੰਮਰਾਹਕੁਨ ਜਾਣਕਾਰੀ ਦੇ ਕੇ ਕੀਤੀ ਹੈ, ਉਸ ਦੀ ਸਾਰੀ ਕਾਂਗਰਸ ਪਾਰਟੀ ਪੁਰਜ਼ੋਰ ਵਿਰੋਧ ਅਤੇ ਨਿਖੇਧੀ ਕਰਦੀ ਹੈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਧਾਰਮਿਕ ਮਾਮਲੇ ਕਿਸੇ ਵੀ ਧਰਮ ਦੇ ਹੋਣ, ਸਰਕਾਰ ਨੂੰ ਉਸ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਪਰ ਦੁੱਖ ਦੀ ਗੱਲ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਨੇ ਮਾਘੀ ਮੇਲੇ 'ਤੇ ਜੋ ਇਸ ਧਾਰਮਿਕ ਅਸਥਾਨ ਸਬੰਧੀ ਪਾਵਨ ਸਰੂਪਾਂ ਦੇ ਸਬੰਧ ਵਿੱਚ ਬਿਆਨ ਦਿੱਤ, ਇਹ ਬਹੁਤ ਗ਼ੈਰ-ਜ਼ਿੰਮੇਵਾਰਨਾ ਹੈ।



ਬਾਜਵਾ ਨੇ ਕਿਹਾ ਕਿ ਪੰਜਾਬ ਬਾਰਡਰ ਸਟੇਟ ਹੈ, ਇਥੇ ਆਪਸੀ ਭਾਈਚਾਰੇ ਦੀ ਸਖ਼ਤ ਲੋੜ ਹੈ, ਜਿਹੜਾ ਮੁੱਖ ਮੰਤਰੀ ਹੁੰਦਾ, ਉਸ ਨੂੰ ਬਹੁਤ ਮਰਿਆਦਾ ਅਤੇ ਸਮਝ ਨਾਲ ਗਲ ਕਰਨੀ ਚਾਹੀਦੀ ਹੈ। ਕਿਸੇ ਧਾਰਮਿਕ ਅਸਥਾਨ ਉੱਤੇ ਗਲਤ ਇਲਜ਼ਾਮ ਲਗਾ ਦੇਣੇ ਪੰਜਾਬ ਦੀਆਂ ਭਾਵਨਾਵਾਂ ਨਾਲ ਖੇਡਣ ਦੀ ਚਾਲ ਹੈ। ਬਾਜਵਾ ਨੇ ਕਿਹਾ ਕਿ ਪੰਜਾਬ ਦੇ ਪਿਛਲੇ ਇਤਿਹਾਸ ਤੋਂ ਕੁਝ ਸਿੱਖਣਾ ਚਾਹੀਦਾ ਹੈ ਅਜੇ ਪੰਜਾਬ ਦੇ ਪਹਿਲੇ ਜ਼ਖ਼ਮਾਂ ਉੱਤੇ ਮਲ੍ਹਮ ਨਹੀਂ ਲੱਗੀ ਸੀ, ਮੁੱਖ ਮੰਤਰੀ ਭਗਵੰਤ ਮਾਨ ਨਵੇਂ ਜ਼ਖ਼ਮ ਦੇਣ ਲੱਗ ਗਿਆ ਜੋਕਿ ਗ਼ੈਰ-ਜ਼ਿੰਮੇਵਾਰਨਾ ਹੈ। ਜਦੋਂ ਬਾਜਵਾ ਕੋਲੋਂ ਕੋਈ ਹੋਰ ਸਵਾਲ ਪੱਤਰਕਾਰਾਂ ਨੇ ਰਾਜਨੀਤਿਕ ਪੁੱਛਣਾ ਚਾਹਿਆ ਤਾਂ ਉਨ੍ਹਾਂ ਕਿਹਾ ਕਿ ਉਹ ਇਸ ਅਸਥਾਨ ਉੱਤੇ ਨਤਮਸਤਕ ਹੋਣ ਸਾਥੀਆਂ ਸਮੇਤ ਆਏ ਹਨ ਕਿਉਂਕਿ ਸਾਡੀ ਕਾਂਗਰਸ ਪਾਰਟੀ ਸੈਕੂਲਰ ਹੈ, ਅਸੀਂ ਕਿਸੇ ਵੀ ਧਰਮ ਅਸਥਾਨ ਉੱਤੇ ਰਾਜਨੀਤਿਕ ਬਿਆਨਵਾਜੀ ਕਰਨੀ ਠੀਕ ਨਹੀਂ ਸਮਝਦੇ। ਇਸ ਮੌਕੇ ਬਾਜਵਾ ਅਤੇ ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਨੇ ਸਥਾਨਿਕ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨਾਲ ਵੀ ਗੱਲਬਾਤ ਕੀਤੀ। ਸ਼ਰਧਾ ਸਮੇਤ ਹਰੇਕ ਸਹਿਯੋਗ ਕਰਨ ਦਾ ਵਿਸ਼ਵਾਸ਼ ਦਿਵਾਇਆ ਅਤੇ ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਜ਼ਿਲ੍ਹਾ ਕਾਂਗਰਸ ਕਮੇਟੀ ਦੀ ਪ੍ਰਬੰਧਕ ਕਮੇਟੀ ਰਾਜਾ ਸਾਹਿਬ ਨੂੰ ਹਰੇਕ ਸਹਿਯੋਗ ਦੇਣ ਦੀ ਜ਼ਿੰਮੇਵਾਰੀ ਵੀ ਲਗਾਈ। ਇਸ ਮੌਕੇ 'ਜਗ ਬਾਣੀ' ਨਾਲ ਗੱਲਬਾਤ ਕਰਦਿਆਂ ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਨੇ ਸੀ. ਐੱਮ. ਭਗਵੰਤ ਮਾਨ ਦੀਆਂ ਗ਼ੈਰ-ਜ਼ਿੰਮੇਵਾਰੀ ਵਾਲੀਆਂ ਸਟੇਟਮੈਂਟਾਂ ਦੀ ਸਖ਼ਤ ਸ਼ਬਦਾਂ ਵਿੱਚ ਨਖੇਧੀ ਕੀਤੀ।

## ਡਰਾਈਵਰ ਦੀ ਰਾਤੋਂ-ਰਾਤ ਬਦਲੀ ਕਿਸਮਤ: ਪੰਜਾਬ ਸਟੇਟ ਲੋਹੜੀ ਬੰਪਰ 'ਚ ਜਿੱਤਿਆ 10 ਕਰੋੜ

ਏਜੰਸੀਆਂ

ਬਠਿੰਡਾ/ਸਿਰਸਾ, 18 ਜਨਵਰੀ : ਹਰਿਆਣਾ ਦੇ ਸਿਰਸਾ ਜ਼ਿਲ੍ਹੇ ਦੇ ਰਾਨੀਆਂ ਅਧੀਨ ਪੈਂਦੇ ਪਿੰਡ ਮੁਹੰਮਦਪੁਰੀਆ ਦੇ ਰਹਿਣ ਵਾਲੇ ਇਕ ਸਧਾਰਨ ਡਰਾਈਵਰ ਦੀ ਕਿਸਮਤ ਰਾਤੋ-ਰਾਤ ਬਦਲ ਗਈ ਹੈ। ਪੇਸ਼ੇ ਤੋਂ ਡਰਾਈਵਰ ਪ੍ਰਿਥਵੀ ਸਿੰਘ ਨੇ ਪੰਜਾਬ ਸਟੇਟ ਡੀਅਰ ਲਾਟਰੀ (ਲੋਹੜੀ ਮਕਰ ਸੰਕ੍ਰਾਂਤੀ ਬੰਪਰ 2026) 'ਚ 10 ਕਰੋੜ ਰੁਪਏ ਦਾ ਪਹਿਲਾ ਇਨਾਮ ਜਿੱਤਿਆ ਹੈ। ਇਸ ਵੱਡੀ ਜਿੱਤ ਦੀ ਖ਼ਬਰ ਮਿਲਦਿਆਂ ਹੀ ਪੂਰੇ ਇਲਾਕੇ 'ਚ ਖ਼ੁਸ਼ੀ ਦਾ ਮਾਹੌਲ ਹੈ। 35 ਸਾਲਾ ਪ੍ਰਿਥਵੀ ਸਿੰਘ ਨੇ ਆਪਣੀ ਜ਼ਿੰਦਗੀ 'ਚ ਸਿਰਫ਼ ਤੀਜੀ ਵਾਰ ਲਾਟਰੀ ਦੀ ਟਿਕਟ ਖਰੀਦੀ ਸੀ। ਉਸ ਨੇ ਇਹ ਕਿਸਮਤ ਵਾਲੀ ਟਿਕਟ (ਨੰਬਰ 327706) ਡੱਬਵਾਲੀ ਦੇ ਕੋਲ ਸਥਿਤ ਪਿੰਡ ਕਿਲਿਆਂਵਾਲੀ ਤੋਂ ਖਰੀਦੀ ਸੀ। ਸ਼ਨੀਵਾਰ ਨੂੰ ਨਤੀਜੇ ਐਲਾਨੇ ਜਾਣ ਤੋਂ ਬਾਅਦ ਜਦੋਂ ਉਸ ਨੂੰ ਜਿੱਤ ਬਾਰੇ ਪਤਾ ਲੱਗਾ ਤਾਂ ਉਸ ਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਹੀਂ ਰਿਹਾ। ਇਸ ਇਤਿਹਾਸਕ ਜਿੱਤ ਤੋਂ ਬਾਅਦ ਪ੍ਰਿਥਵੀ ਸਿੰਘ ਦੇ ਘਰ ਵਧਾਈਆਂ ਦੇਣ ਵਾਲਿਆਂ ਦੀ ਭੀੜ ਲੱਗੀ ਹੋਈ ਹੈ। ਪਰਿਵਾਰ ਨੇ ਢੋਲ-ਨਗਾੜੇ ਵਜਾ ਕੇ ਅਤੇ ਪ੍ਰਿਥਵੀ ਨੂੰ ਨੋਟਾਂ ਦੇ ਹਾਰ ਪਾ ਕੇ ਉਸ ਦਾ ਸ਼ਾਨਦਾਰ ਸਵਾਗਤ ਕੀਤਾ। ਪ੍ਰਿਥਵੀ ਦੇ 6 ਸਾਲਾ ਪੁੱਤਰ ਦਕਸ਼ ਦੀ ਮਾਸੂਮੀਅਤ ਨੇ ਸਭ ਦਾ ਦਿਲ ਜਿੱਤ ਲਿਆ।

## ਪੰਜਾਬ ਕੇਸਰੀ ਵਿਰੁੱਧ ਮਾਨ ਸਰਕਾਰ ਦੀ ਕਾਰਵਾਈ ਨਿੰਦਣਯੋਗ : ਐਚ. ਐੱਸ. ਵਾਲੀਆ

ਵੈੱਬ ਡੈਸਕ, 18 ਜਨਵਰੀ : ਸ਼ਰੋਮਣੀ ਅਕਾਲੀ ਦਲ ਦੇ ਹਲਕਾ ਕਪੂਰਥਲਾ ਦੇ ਇੰਚਾਰਜ ਐਚ. ਐੱਸ. ਵਾਲੀਆ ਨੇ ਪੰਜਾਬ ਸਰਕਾਰ ਵੱਲੋਂ 'ਪੰਜਾਬ ਕੇਸਰੀ' ਅਖਬਾਰੀ ਸਮੂਹ (ਪੰਜਾਬ ਕੇਸਰੀ, ਜਗਬਾਣੀ ਅਤੇ ਹਿੰਦ ਸਮਾਚਾਰ) ਵਿਰੁੱਧ ਕੀਤੀ ਜਾ ਰਹੀ ਕਾਰਵਾਈ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਇੱਕ ਵੀਡੀਓ ਸੰਦੇਸ਼ ਰਾਹੀਂ ਉਨ੍ਹਾਂ ਨੇ ਜ਼ਿਲ੍ਹਾ ਪ੍ਰਧਾਨ ਸਰਦਾਰ ਦਲਵਿੰਦਰ ਸਿੰਘ ਸਿੱਧੂ, ਪੀ.ਏ.ਸੀ. ਮੈਂਬਰ ਅਜੇ ਬੱਬਲਾ ਅਤੇ ਵਰਕਿੰਗ ਕਮੇਟੀ ਮੈਂਬਰ ਜਥੇਦਾਰ ਜਗਜੀਤ ਸਿੰਘ ਸ਼ੰਮੀ ਦੀ ਹਾਜ਼ਰੀ ਵਿੱਚ ਇਸ ਕਾਰਵਾਈ ਨੂੰ ਲੋਕਤੰਤਰ ਦਾ ਘਾਣ ਦੱਸਿਆ। ਇਸ ਸਬੰਧੀ ਵਾਲੀਆ ਨੇ ਕਿਹਾ ਕਿ ਅਸੀਂ ਇੱਕ ਲੋਕਤੰਤਰੀ ਦੇਸ਼ ਵਿੱਚ ਰਹਿ ਰਹੇ ਹਾਂ ਅਤੇ ਪ੍ਰੈੱਸ ਤੇ ਮੀਡੀਆ ਇਸ ਲੋਕਤੰਤਰ ਦਾ ਸਭ ਤੋਂ ਮਜ਼ਬੂਤ ਥੰਮਹ ਹਨ। ਉਨ੍ਹਾਂ ਦੋਸ਼ ਲਾਇਆ ਕਿ ਭਗਵੰਤ ਮਾਨ ਅਤੇ ਅਰਵਿੰਦ ਕੇਜਰੀਵਾਲ ਦੀ ਸਰਕਾਰ ਇਸ ਥੰਮ?ਹ ਨੂੰ ਢਾਹ ਕੇ ਸੱਚੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਤਹਿ ਤੱਕ ਜਾ ਕੇ ਸੱਚ ਲਿਖਦੇ ਹਨ। ਇਸ ਮੌਕੇ ਅਕਾਲੀ ਆਗੂਆਂ ਨੇ ਦੱਸਿਆ ਕਿ ਪਿਛਲੇ ਕੁਝ ਦਿਨਾਂ ਤੋਂ ਸਰਕਾਰ ਵੱਲੋਂ ਪੰਜਾਬ ਕੇਸਰੀ ਗਰੁੱਪ ਦੇ ਜਲੰਧਰ ਸਥਿਤ ਪਾਰਕ ਪਲਾਜ਼ਾ ਹੋਟਲ 'ਤੇ ਕਦੀ ਐਕਸਾਈਜ਼ ਵਿਭਾਗ, ਕਦੀ ਪ੍ਰਦੂਸ਼ਣ ਵਿਭਾਗ ਅਤੇ ਕਦੀ ਹੋਰ ਸਰਕਾਰੀ ਵਿਭਾਗਾਂ ਰਾਹੀਂ ਰੇਡਾਂ ਕਰਵਾਈਆਂ ਜਾ ਰਹੀਆਂ ਹਨ।

## ਪੰਜਾਬ 'ਚ ਵੱਡਾ ਐਨਕਾਊਂਟਰ ! ਪੁਲਸ ਤੇ ਬਦਮਾਸ਼ ਵਿਚਾਲੇ ਮੁਠਭੇੜ, ਚੱਲੀਆਂ ਤਾੜ-ਤਾੜ ਗੋਲੀਆਂ

ਕੌਮੀ ਪਤ੍ਰਿਕਾ

ਜਲੰਧਰ, 18 ਜਨਵਰੀ : ਪੰਜਾਬ ਵਿਚ ਪੁਲਸ ਵੱਲੋਂ ਸਵੇਰੇ-ਸਵੇਰੇ ਵੱਡਾ ਐਨਕਾਊਂਟਰ ਕਰਨ ਦੀ ਖ਼ਬਰ ਸਾਹਮਣੇ ਆਈ ਹੈ। ਮਿਲੀ ਜਾਣਕਾਰੀ ਮੁਤਾਬਕ ਜਲੰਧਰ ਵਿਖੇ ਡਰੋਲੀ ਕਲਾਂ ਵਿਚ ਪੁਲਸ ਅਤੇ ਬਦਮਾਸ਼ ਵਿਚਾਲੇ ਮੁਠਭੇੜ ਹੋਈ। ਇਹ ਐਨਕਾਊਂਟਰ ਬਾਵਾ ਭਾਗ ਸਿੰਘ ਯੂਨੀਵਰਸਿਟੀ ਦੇ ਬਾਹਰ ਨੌਜਵਾਨ ਦਾ ਗੋਲ?ੀਆਂ ਮਾਰ ਕੇ ਕਤਲ ਕੀਤੇ ਗਏ ਨੌਜਵਾਨ ਦੇ ਮਾਮਲੇ ਵਿਚ ਕੀਤਾ ਗਿਆ ਹੈ। ਪੁਲਸ ਨੇ 48 ਘੰਟਿਆਂ ਦੇ ਵਿਚ ਦੋ ਮੁਲਜ਼ਮਾਂ ਨੂੰ ਐਨਕਾਊਂਟਰ ਦੌਰਾਨ ਦਬੋਚਿਆ। ਗੁਪਤ ਸੂਚਨਾ ਪਾ ਕੇ ਮੁਲਜ਼ਮ ਨੂੰ ਫੜਨ ਗਈ ਪੁਲਸ 'ਤੇ ਬਦਮਾਸ਼ ਨੇ ਗੋਲ?ੀਆਂ ਚਲਾਈਆਂ। ਹਰਵਿੰਦਰ ਸਿੰਘ ਵਿਰਕ ਸੀਨੀਅਰ ਪੁਲਸ ਕਪਤਾਨ ਜਲੰਧਰ ਦਿਹਾਤੀ ਨੇ ਦੱਸਿਆ ਕਿ 16 ਜਨਵਰੀ ਨੂੰ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਨੇੜੇ ਕਤਲ ਦੀ ਘਟਨਾ ਵਾਪਰੀ, ਜਿਸ ਵਿੱਚ ਕੇਸਰ ਧਾਮੀ ਦਾ ਗੋਲ?ੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਇਸੇ ਦੇ ਸਬੰਧ ਵਿੱਚ ਥਾਣਾ ਆਦਮਪੁਰ ਵਿਖੇ ਇੱਕ ਮੁਕਦਮਾ ਨੰਬਰ 08 ਮਿਤੀ 16 ਜਨਵਰੀ ਨੂੰ ਧਾਰਾ 103, 3 (5)BNS, 25-54-59 ਅਸਲਾ ਐਕਟ ਅਧੀਨ ਦਰਜ ਕੀਤੀ ਗਈ ਸੀ ਅਤੇ ਜਾਂਚ ਨੂੰ ਅੰਜਾਮ ਦੇਣ ਲਈ ਐੱਸ. ਐੱਸ. ਪੀ. ਜਲੰਧਰ ਦਿਹਾਤੀ ਦੁਆਰਾ ਕਈ ਪੁਲਸ ਟੀਮਾਂ ਦਾ ਗਠਨ ਕੀਤਾ ਗਿਆ ਸੀ। ਇਹ ਕਾਰਵਾਈ ਡੀ ਐੱਸ. ਪੀ. ਸਬ-ਡਿਵੀਜ਼ਨ ਆਦਮਪੁਰ, ਰਾਜੀਵ ਕੁਮਾਰ ਦੀ ਨਿਗਰਾਨੀ ਹੇਠ ਡੀ. ਐੱਸ. ਪੀ. (ਤਫਤੀਸ਼) ਇੰਦਰਜੀਤ ਸਿੰਘ ਸੈਣੀ, ਇੰਸਪੈਕਟਰ ਰਵਿੰਦਰਪਾਲ ਸਿੰਘ, ਐੱਸ. ਐੱਚ. ਓ. ਆਦਮਪੁਰ ਅਤੇ ਇੰਸਪੈਕਟਰ ਪੁਸ਼ਪ ਬਾਲੀ, ਇੰਚਾਰਜ ਸੀ. ਆਈ. ਏ. ਸਟਾਫ, ਵਿਸ਼ੇਸ਼ ਤੌਰ 'ਤੇ ਗਠਿਤ ਟੀਮਾਂ ਦੀ ਸ਼ਮੂਲੀਅਤ ਨਾਲ ਕੀਤੀ ਗਈ। ਐੱਸ. ਐੱਸ. ਪੀ. ਜਲੰਧਰ ਦਿਹਾਤੀ ਨੇ ਦੱਸਿਆ ਕਿ 18 ਜਨਵਰੀ 2026 ਨੂੰ ਪੁਲਸ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਕਤਲ ਕਰਨ ਤੋਂ ਬਾਅਦ, ਦੋਸ਼ੀਆਂ ਨੇ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਦੇ ਨੇੜੇ ਇਕ ਮੋਟਰ (ਪੰਪ) ਦੇ ਨੇੜੇ ਆਪਣੇ ਹਥਿਆਰ ਲੁਕਾਏ ਸਨ ਅਤੇ ਉਨ੍ਹਾਂ ਨੂੰ ਵਾਪਸ ਲੈਣ ਲਈ ਉੱਥੇ ਪਹੁੰਚਣ ਦੀ ਸੰਭਾਵਨਾ ਸੀ। ਇਸ ਸੂਚਨਾ 'ਤੇ ਤੁਰੰਤ ਕਾਰਵਾਈ ਕਰਦਿਆਂ ਪੁਲਸ ਟੀਮਾਂ ਨੇ ਇਲਾਕੇ ਨੂੰ ਘੇਰ ਲਿਆ ਅਤੇ ਇਕ ਗੁਪਤ ਕਾਰਵਾਈ ਸ਼ੁਰੂ ਕੀਤੀ। ਜਦੋਂ ਪੁਲਸ ਪਾਰਟੀ ਜਿਸ ਵਿੱਚ ਏ. ਐੱਸ. ਆਈ. ਦੀਆ ਚੰਦ (ਥਾਣਾ ਆਦਮਪੁਰ), ਏ. ਐੱਸ. ਆਈ. ਮਨਦੀਪ (ਸੀ. ਆਈ. ਏ), ਕਾਂਸਟੇਬਲ ਸੋਨੀ ਕੁਮਾਰ, ਡਰਾਈਵਰ ਸਿਪਾਹੀ ਅਮਨਦੀਪ ਸਿੰਘ ਅਤੇ ਪੀ. ਐੱਚ. ਜੀ. ਨੀਨਾ ਰਾਣੀ ਸ਼ਾਮਲ ਸਨ, ਡਰੋਲੀ ਵਾਲੇ ਪਾਸੇ ਤੋਂ ਮੌਕੇ 'ਤੇ ਪਹੁੰਚ ਰਹੇ ਸਨ ਤਾਂ ਇਸੇ ਦੌਰਾਨ ਦੋਸ਼ੀ ਮੌਕੇ 'ਤੇ ਪਹੁੰਚੇ, ਲੁਕੇ ਹੋਏ ਹਥਿਆਰ ਬਰਾਮਦ ਕੀਤੇ ਅਤੇ ਭੱਜਣ ਦੀ ਕੋਸ਼ਿਸ਼ ਕੀਤੀ। ਜਦੋਂ ਪੁਲਸ ਨੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਦੋਸ਼ੀਆਂ ਨੇ ਪੁਲਸ ਪਾਰਟੀ 'ਤੇ ਗੋਲੀਬਾਰੀ ਕੀਤੀ। ਮੁਲਜ਼ਮਾਂ ਵੱਲੋਂ ਚਲਾਈਆਂ ਗਈਆਂ ਤਿੰਨ ਗੋਲ?ੀਆਂ ਵਿੱਚੋਂ, ਇਕ ਗੋਲ?ੀ ਆਦਮਪੁਰ ਥਾਣੇ ਦੀ ਸਕਾਰਪੀਓ ਗੱਡੀ ਦੇ ਸੱਜੇ ਪਾਸੇ ਲੱਗੀ, ਇਕ ਦਰੱਖ਼ਤ ਨਾਲ ਟਕਰਾ ਗਈ ਅਤੇ ਇਕ ਨਿਸ਼ਾਨਾ ਖੁੰਝ ਗਈ। ਸਵੈ-ਰੱਖਿਆ ਵਿੱਚ ਅਤੇ ਮੁਲਜ਼ਮਾਂ ਨੂੰ ਫੜਨ ਲਈ, ਪੁਲਿਸ ਨੇ ਜਵਾਬੀ ਕਾਰਵਾਈ ਕੀਤੀ, ਜਿਸ ਦੌਰਾਨ ਦੋਵਾਂ ਮੁਲਜ਼ਮਾਂ ਦੀਆਂ ਲੱਤਾਂ ਵਿੱਚ ਗੋਲੀਆਂ ਲੱਗੀਆਂ।

## ਸੁਨੀਲ ਜਾਖੜ ਦੀ ਅਚਾਨਕ ਵਿਗੜੀ ਸਿਹਤ

ਜਲੰਧਰ/ਚੰਡੀਗੜ੍ਹ, 18 ਜਨਵਰੀ : ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਦੀ ਅਚਾਨਕ ਸਿਹਤ ਵਿਗੜ ਗਈ। ਮਿਲੀ ਜਾਣਕਾਰੀ ਮੁਤਾਬਕ ਉਨ੍ਹਾਂ ਨੂੰ ਛਾਤੀ ਵਿਚ



ਦਰਦ ਹੋਣ ਕਾਰਨ ਉਨ੍ਹਾਂ ਨੂੰ ਤੁਰੰਤ ਮੋਹਾਲੀ ਦੇ ਫੋਰਟਿਸ ਹਸਪਤਾਲ ਲਿਜਾਇਆ ਗਿਆ। ਡਾਕਟਰੀ ਜਾਂਚ ਅਤੇ ਇਲਾਜ ਹਸਪਤਾਲ ਪਹੁੰਚਣ 'ਤੇ ਡਾਕਟਰਾਂ ਨੇ ਤੁਰੰਤ ਉਨ੍ਹਾਂ ਦਾ ਇਲਾਜ ਸ਼ੁਰੂ ਕਰ ਦਿੱਤਾ ਹੈ ਅਤੇ ਉਨ੍ਹਾਂ ਦੀ ਐਂਜੀਓਗ੍ਰਾਫ਼ੀ ਵੀ ਕਰਵਾਈ ਗਈ ਹੈ। ਫਿਲਹਾਲ ਡਾਕਟਰਾਂ ਦੀ ਟੀਮ ਉਨ੍ਹਾਂ ਦੀ ਸਿਹਤ 'ਤੇ ਨਜ਼ਰ ਰੱਖ ਰਹੀ ਹੈ। ਗਵਰਨਰ ਨਾਲ ਹੋਣ ਵਾਲੀ ਮੁਲਾਕਾਤ ਟਲੀ ਸੁਨੀਲ ਜਾਖੜ ਨੇ ਅੱਜ ਸਵੇਰੇ 10 ਵਜੇ ਪੰਜਾਬ ਭਾਜਪਾ ਦੇ ਇੱਕ ਵਫ਼ਦ ਦੀ ਅਗਵਾਈ ਕਰਦਿਆਂ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨਾਲ ਮੁਲਾਕਾਤ ਕਰਨੀ ਸੀ ਪਰ ਘਰ ਵਿੱਚ ਅਚਾਨਕ ਸਿਹਤ ਖਰਾਬ ਹੋਣ ਕਾਰਨ ਉਨ੍ਹਾਂ ਨੂੰ ਹਸਪਤਾਲ ਜਾਣਾ ਪਿਆ ਅਤੇ ਉਨ੍ਹਾਂ ਦਾ ਗਵਰਨਰ ਹਾਊਸ ਜਾਣ ਦਾ ਪ੍ਰੋਗਰਾਮ ਰੱਦ ਹੋ ਗਿਆ। ਉਨ੍ਹਾਂ ਦੀ ਗੈਰ-ਮੌਜੂਦਗੀ ਵਿੱਚ ਵਫ਼ਦ ਨੇ ਭਾਜਪਾ ਆਗੂ ਸੁਭਾਸ਼ ਸ਼ਰਮਾ ਦੀ ਅਗਵਾਈ ਵਿੱਚ ਰਾਜਪਾਲ ਨਾਲ ਮੁਲਾਕਾਤ ਕੀਤੀ। ਹਾਲੀਆ ਸਰਗਰਮੀਆਂ ਜ਼ਿਕਰਯੋਗ ਹੈ ਕਿ ਦੋ ਦਿਨ ਪਹਿਲਾਂ ਹੀ ਸੁਨੀਲ ਜਾਖੜ ਨੇ ਚੰਡੀਗੜ੍ਹ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੀ ਰਿਹਾਇਸ਼ ਦਾ ਘਿਰਾਓ ਕਰਨ ਵਾਲੇ ਪ੍ਰਦਰਸ਼ਨ ਦੀ ਅਗਵਾਈ ਕੀਤੀ ਸੀ। ਇਸ ਹੰਗਾਮੇ ਦੌਰਾਨ ਪੁਲਿਸ ਨੇ ਉਨ੍ਹਾਂ ਨੂੰ ਹਿਰਾਸਤ ਵਿੱਚ ਵੀ ਲਿਆ ਸੀ ਅਤੇ ਕੁਝ ਸਮੇਂ ਬਾਅਦ ਛੱਡ ਦਿੱਤਾ ਸੀ। ਇਸ ਤੋਂ ਇਲਾਵਾ, ਉਨ੍ਹਾਂ ਨੇ ਬੀਤੇ ਦਿਨੀਂ ਸਾਬਕਾ ਸੰਸਦ ਮੈਂਬਰ ਜਗਮੀਤ ਬਰਾੜ ਸਮੇਤ ਚਾਰ ਆਗੂਆਂ ਨੂੰ ਪਾਰਟੀ ਵਿੱਚ ਸ਼ਾਮਲ ਕਰਵਾਇਆ ਸੀ।

# ਹਰਿਆਣਾ ਮੈਡੀਕਲ ਸਰਵਿਸਿਜ਼ ਕਾਰਪੋਰੇਸ਼ਨ 6 ਹ.ਫਤਿਆਂ 'ਚ ਖਰੀਦੇਗੀ ਰਮਨ ਲਈ ਨਕਲੀ ਅੰਗ

ਕੌਮੀ ਪਤ੍ਰਿਕਾ

ਚੰਡੀਗੜ੍ਹ, 18 ਜਨਵਰੀ : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਹਰਿਆਣਾ ਮੈਡੀਕਲ ਸਰਵਿਸਿਜ਼ ਕਾਰਪੋਰੇਸ਼ਨ ਲਿਮਟਿਡ, ਪੰਚਕੂਲਾ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਰਮਨ ਲਈ ਨਕਲੀ ਅੰਗ ਖਰੀਦਣ ਲਈ ਕਦਮ ਚੁੱਕੇ, ਜਿਸ ਵਿੱਚ ਟੈਂਡਰ ਜਾਰੀ ਕਰਨਾ ਵੀ ਸ਼ਾਮਲ ਹੈ। ਰਮਨ ਨੇ 2011 ਵਿੱਚ ਬਿਜਲੀ ਦੇ ਝਟਕੇ ਦੀ ਘਟਨਾ ਵਿੱਚ ਆਪਣੀਆਂ ਦੋਵੇਂ ਬਾਹਾਂ ਅਤੇ ਇੱਕ ਲੱਤ ਗੁਆ ਦਿੱਤੀ ਸੀ। ਪਾਣੀਪਤ ਦੇ ਸਨੋਲੀ ਖੁਰਦ ਪਿੰਡ ਦਾ ਰਹਿਣ ਵਾਲਾ ਰਮਨ ਸਵਾਮੀ 3 ਨਵੰਬਰ, 2011 ਨੂੰ ਸਿਰਫ਼ ਪੰਜ ਸਾਲ ਦਾ ਸੀ, ਜਦੋਂ ਉਹ ਆਪਣੇ ਘਰ ਦੀ ਛੱਤ ਨਾਲ ਲਟਕਦੀ ਇੱਕ ਹਾਈਵੋਲਟੇਜ਼ ਬਿਜਲੀ ਦੀ ਤਾਰ ਦੇ ਸੰਪਰਕ ਵਿੱਚ ਆਇਆ। ਇਸ ਘਟਨਾ ਵਿੱਚ ਉਸਨੇ ਆਪਣੀਆਂ ਦੋਵੇਂ ਬਾਹਾਂ ਅਤੇ ਖੱਬੀ ਲੱਤ ਗੁਆ ਦਿੱਤੀ। ਅਗਸਤ 2025 ਵਿੱਚ ਪਾਸ ਕੀਤੇ ਇੱਕ ਅੰਤਰਿਮ ਆਦੇਸ਼ ਵਿੱਚ, ਅਦਾਲਤ ਨੇ ਹਰਿਆਣਾ ਦੇ ਸਿਹਤ ਸੇਵਾਵਾਂ ਦੇ ਡਾਇਰੈਕਟਰ ਜਨਰਲ (478♥) ਨੂੰ ਮੁੰਡੇ ਲਈ ਟ?ਰਾਂਸਪਲਾਂਟ ਸਰਜਰੀ ਸਮੇਤ ਸਾਰੇ ਵਿਕਲਪਾਂ ਦੀ ਪੜਚੋਲ ਕਰਨ ਲਈ ਆਰਥੋਪੀਡਿਕ ਮਾਹਿਰਾਂ ਦੀ ਇੱਕ ਟੀਮ ਬਣਾਉਣ ਦਾ ਨਿਰਦੇਸ਼ ਦਿੱਤਾ। ਜਸਟਿਸ ਸੁਵੀਰ ਸਹਿਗਲ ਨੇ ਹੁਕਮ ਵਿੱਚ ਕਿਹਾ ਕਿ ਅੰਤਰਿਮ ਹੁਕਮ ਤੋਂ ਬਾਅਦ, ਪਟੀਸ਼ਨਕਰਤਾ ਦੀ 6 ਅਗਸਤ, 2025 ਨੂੰ ਜਾਂਚ ਕੀਤੀ ਗਈ ਸੀ, ਅਤੇ ਡੀਜੀਐਚਐਸ ਦੁਆਰਾ 24 ਨਵੰਬਰ, 2025 ਨੂੰ ਇੱਕ ਹਲਫ਼ਨਾਮੇ ਦੇ ਨਾਲ ਰਿਪੋਰਟ ਪੇਸ਼ ਕੀਤੀ ਗਈ ਸੀ, ਜਿਸ ਵਿੱਚ ਕਿਹਾ ਗਿਆ ਸੀ ਕਿ 17 ਸਾਲਾ ਰਮਨ ਦੀ ਪੀਜੀਆਈਐਮਐਸ, ਰੋਹਤਕ ਵਿਖੇ ਇੱਕ ਮੈਡੀਕਲ ਬੋਰਡ ਦੇ ਮੈਂਬਰਾਂ ਦੁਆਰਾ ਕਲੀਨਿਕਲ ਅਤੇ ਰੇਡੀਓਲੋਜੀਕਲ ਜਾਂਚ ਕੀਤੀ ਗਈ ਸੀ ਕਿ ਮਰੀਜ਼ ਟ੍ਰਿਪਲ ਐਂਪਿਊਟੇਸ਼ਨ ਦਾ ਮਾਮਲਾ ਹੈ, ਬੋਰਡ ਸਰਬਸੰਮਤੀ ਨਾਲ ਇਸ ਰਾਏ ਦਾ ਹੈ ਕਿ ਉਸਨੂੰ ਕਾਸਮੈਟਿਕ ਅਤੇ ਕਾਰਜਸ਼ੀਲ ਉਦੇਸ਼ਾਂ ਲਈ ਦੋਵੇਂ ਉਪਰਲੇ ਅੰਗਾਂ ਲਈ ਮਾਇਓ-ਇਲੈਕਟ੍ਰਿਕ ਤਕਨਾਲੋਜੀ ਵਾਲੇ ਬਾਇਓਨਿਕ ਹੱਥਾਂ ਦੀ ਲੋੜ ਹੈ। ਆਰਥੋਪੈਡਿਕਸ ਵਿਭਾਗ, ਪੀਜੀਆਈਐਮਐਸ, ਰੋਹਤਕ ਕੋਲ ਅਜਿਹੇ ਪ੍ਰੋਸਥੇਸਿਸ ਪ੍ਰਦਾਨ ਕਰਨ ਦੀਆਂ ਸਹੂਲਤਾਂ ਨਹੀਂ ਹਨ। ਹਲਫ਼ਨਾਮੇ ਵਿੱਚ ਕਿਹਾ ਗਿਆ ਹੈ ਕਿ ਅੰਗ ਟ?ਰਾਂਸਪਲਾਂਟ ਸਰਜਰੀ ਦੀ ਸੰਭਾਵਨਾ ਦਾ ਫੈਸਲਾ ਇੱਕ ਕੇਂਦਰ/ਹਸਪਤਾਲ ਦੁਆਰਾ ਕੀਤਾ ਜਾ ਸਕਦਾ ਹੈ ਜੋ ਨਿਯਮਿਤ ਤੌਰ 'ਤੇ ਅਜਿਹੀਆਂ ਸਰਜਰੀਆਂ ਕਰਦਾ ਹੈ। ਹਾਈ ਕੋਰਟ ਨੇ ਕਿਹਾ ਕਿ ਉਪਰੋਕਤ ਪਿਛੋਕੜ ਅਤੇ ਅਦਾਲਤ ਵੱਲੋਂ ਪਾਸ ਕੀਤੇ ਗਏ ਵੱਖ-ਵੱਖ ਹੁਕਮਾਂ ਦੇ ਮੱਦੇਨਜ਼ਰ, ਹਰਿਆਣਾ ਮੈਡੀਕਲ ਸਰਵਿਸਿਜ਼ ਕਾਰਪੋਰੇਸ਼ਨ ਲਿਮਟਿਡ, ਪੰਚਕੂਲਾ ਨੂੰ ਛੇ ਹ.ਫਤਿਆਂ ਦੇ ਅੰਦਰ-ਅੰਦਰ ਟੈਂਡਰ ਆਦਿ ਜਾਰੀ ਕਰਕੇ ਪਟੀਸ਼ਨਰ ਲਈ ਨਕਲੀ ਅੰਗ ਖਰੀਦਣ ਲਈ ਕਦਮ ਚੁੱਕਣ ਦਾ ਨਿਰਦੇਸ਼ ਦਿੱਤਾ ਜਾਂਦਾ ਹੈ, ਜਿਵੇਂ ਕਿ 6 ਅਗਸਤ, 2025 ਦੀ ਰਿਪੋਰਟ ਵਿੱਚ ਦੱਸਿਆ ਗਿਆ ਹੈ। ਅਦਾਲਤ ਨੇ ਸੁਣਵਾਈ 16 ਮਾਰਚ ਤੱਕ ਮੁਲਤਵੀ ਕਰ ਦਿੱਤੀ।

## ਪੰਜਾਬ 'ਚ ਪਵੇਗਾ ਭਾਰੀ ਮੀਂਹ ! Alert ਜਾਰੀ, ਮੌਸਮ ਵਿਭਾਗ ਦੀ 22 ਜਨਵਰੀ ਤੱਕ ਹੋਈ ਵੱਡੀ ਭਵਿੱਖਬਾਣੀ

ਜਲੰਧਰ, 18 ਜਨਵਰੀ : ਪੰਜਾਬ ਸੰਘਣੀ ਧੁੰਦ ਦਾ ਕਹਿਰ ਲਗਾਤਾਰ ਜਾਰੀ ਹੈ। ਉਥੇ ਹੀ ਅਗਲੇ ਦਿਨਾਂ ਲਈ ਮੌਸਮ ਵਿਭਾਗ ਵੱਲੋਂ ਵੱਡੀ ਭਵਿੱਖਬਾਣੀ ਕੀਤੀ ਗਈ ਹੈ। ਮੌਸਮ ਵਿਭਾਗ ਵੱਲੋਂ ਅੱਜ ਤੋਂ ਲੈ ਕੇ 22 ਜਨਵਰੀ ਤੱਕ ਦੀ ਤਾਜ਼ਾ ਜਾਣਕਾਰੀ ਦਿੱਤੀ ਗਈ ਹੈ। ਮੌਸਮ ਵਿਭਾਗ ਦੇ ਅਨੁਸਾਰ ਅਗਲੇ ਦਿਨਾਂ ਦੌਰਾਨ ਪੰਜਾਬ ਅਤੇ ਚੰਡੀਗੜ੍ਹ ਦੇ ਕੁਝ ਇਲਾਕਿਆਂ ਵਿੱਚ ਸੰਘਣੀ ਧੁੰਦ ਪੈਣ ਦੇ ਨਾਲ-ਨਾਲ ਬਾਰਿਸ਼ ਵੀ ਹੋਵੇਗੀ। 18 ਜਨਵਰੀ ਦੀ ਮੌਸਮ ਵਿਭਾਗ ਵੱਲੋਂ ਕੀਤੀ ਗਈ ਭਵਿੱਖਬਾਣੀ ਵਿਚ ਅੱਜ ਸੂਬੇ ਵਿਚ ਓਰੇਂਜ ਅਤੇ ਯੈਲੋ ਅਲਰਟ ਦਾ ਐਲਾਨ ਕੀਤਾ ਗਿਆ ਹੈ। ਇਸ ਦੇ ਨਾਲ ਹੀ ਬਾਰਿਸ਼ ਦੀ ਸੰਭਾਵਨਾ ਵੀ ਜਤਾਈ ਗਈ ਹੈ। ਮੌਸਮ ਵਿਭਾਗ ਨੇ ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ ਵਿਚ ਓਰੇਂਜ ਅਲਰਟ ਦਾ ਐਲਾਨ ਕੀਤਾ ਹੈ, ਜਦਕਿ ਪਠਾਨਕੋਟ, ਹੁਸ਼ਿਆਰਪੁਰ, ਕਪੂਰਥਲਾ, ਜਲੰਧਰ, ਫਿਰੋਜ਼ਪੁਰ, ਫਰੀਦਕੋਟ, ਬਠਿੰਡਾ, ਮਾਨਸਾ, ਬਰਨਾਲਾ, ਸੰਗਰੂਰ, ਮੋਗਾ, ਲੁਧਿਆਣਾ, ਫਤਿਹਗੜ੍ਹ ਸਾਹਿਬ, ਪਟਿਆਲਾ, ਮੋਹਾਲੀ ਵਿਚ ਯੈਲੋ ਅਲਰਟ ਰਹੇਗਾ। 19 ਅਤੇ 20 ਤਾਰੀਖ਼ ਨੂੰ ਅੰਮ੍ਰਿਤਸਰ, ਕਪੂਰਥਲਾ, ਜਲੰਧਰ, ਲੁਧਿਆਣਾ, ਫਤਿਹਗੜ੍ਹ ਸਾਹਿਬ, ਪਟਿਆਲਾ, ਮੋਹਾਲੀ ਵਿਚ ਸੀਤ ਲਹਿਰ ਦਾ ਯੈਲੋ ਅਲਰਟ ਰਹੇਗਾ। 19 ਜਨਵਰੀ ਨੂੰ ਗੁਰਦਾਸਪੁਰ, ਅੰਮ੍ਰਿਤਸਰ, ਹੁਸ਼ਿਆਰਪੁਰ ਅਤੇ ਰੂਪਨਗਰ ਵਿੱਚ ਮੀਂਹ ਪੈਣ ਦੀ ਉਮੀਦ ਹੈ। ਇਸ ਦੇ ਬਾਅਦ 21 ਜਨਵਰੀ ਨੂੰ ਸੂਬੇ ਵਿਚ ਮੌਸਮ ਵਿਭਾਗ ਵੱਲੋਂ ਕੋਈ ਅਲਰਟ ਜਾਰੀ ਨਹੀਂ ਕੀਤਾ ਗਿਆ ਹੈ ਜਦਕਿ 22 ਤਾਰੀਖ਼ ਨੂੰ ਪਠਾਨਕੋਟ, ਗੁਰਦਾਸਪੁਰ, ਹੁਸ਼ਿਆਰਪੁਰ, ਅੰਮ੍ਰਿਤਸਰ, ਤਰਨਤਾਰਨ, ਜਲੰਧਰ, ਲੁਧਿਆਣਾ ਵਿਚ ਯੈਲੋ ਅਲਰਟ ਰਹਿਣ ਦੇ ਨਾਲ-ਨਾਲ ਤੂਫ਼ਾਨ ਅਤੇ ਭਾਰੀ ਬਾਰਿਸ਼ ਦੀ ਸੰਭਾਵਨਾ ਜਤਾਈ ਗਈ ਹੈ। ਫਿਰ 23 ਅਤੇ 24 ਤਰੀਕ ਨੂੰ ਭਾਰੀ ਮੀਂਹ ਪੈਣ ਦੀ ਸੰਭਾਵਨਾ ਹੈ। ਚੰਡੀਗੜ੍ਹ ਮੌਸਮ ਵਿਗਿਆਨ ਕੇਂਦਰ ਦੇ ਡਾਇਰੈਕਟਰ ਸੁਰੇਂਦਰ ਪਾਲ ਨੇ ਦੱਸਿਆ ਕਿ ਪਹਾੜਾਂ ਵਿੱਚ ਇਕ ਪੱਛਮੀ ਗੜਬੜੀ ਸਰਗਰਮ ਹੋ ਗਈ ਹੈ। ਇਸ ਲਈ 19 ਤਾਰੀਖ਼ ਨੂੰ ਸੂਬੇ ਦੇ ਕੁਝ ਇਲਾਕਿਆਂ ਵਿੱਚ ਹਲਕੀ ਬਾਰਿਸ਼ ਹੋਣ ਦੀ ਸੰਭਾਵਨਾ ਹੈ। 22 ਅਤੇ 23 ਤਾਰੀਖ਼ ਨੂੰ ਰਾਜ ਦੇ ਕਈ ਹਿੱਸਿਆਂ ਵਿੱਚ ਹਲਕੀ ਤੋਂ ਦਰਮਿਆਨੀ ਬਾਰਿਸ਼ ਹੋ ਸਕਦੀ ਹੈ। ਜੇਕਰ ਪੰਜਾਬ ਦੇ ਤਾਪਮਾਨ ਦੀ ਗੱਲ ਕੀਤੀ ਜਾਵੇ ਤਾਂ ਮੌਸਮ ਵਿਭਾਗ ਅਨੁਸਾਰ ਅੱਜ ਵੱਧ ਤੋਂ ਵੱਧ ਤਾਪਮਾਨ 2.8 ਡਿਗਰੀ ਸੈਲਸੀਅਸ ਵਧ ਗਿਆ। ਇਹ ਹੁਣ ਆਮ ਨਾਲੋਂ 1.7 ਡਿਗਰੀ ਵੱਧ ਹੈ। ਸ੍ਰੀ ਆਨੰਦਪੁਰ ਸਾਹਿਬ ਵਿੱਚ ਵੱਧ ਤੋਂ ਵੱਧ ਤਾਪਮਾਨ 22.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਅੰਮ੍ਰਿਤਸਰ ਵਿੱਚ ਸਭ ਤੋਂ ਘੱਟ ਘੱਟੋ-ਘੱਟ ਤਾਪਮਾਨ 4.4 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈੱਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਪੰਜਾਬ ਦੇ ਇਨ੍ਹਾਂ ਪਿੰਡਾਂ 'ਚ ਪੈ ਰਹੀਆਂ ਵੋਟਾਂ, ਸੁਰੱਖਿਆ ਦੇ ਸਖ਼ਤ ਪ੍ਰਬੰਧ

ਕੌਮੀ ਪਤ੍ਰਿਕਾ

ਤਰਨਤਾਰਨ, 18 ਜਨਵਰੀ : ਪੰਜਾਬ ਰਾਜ ਚੋਣ ਕਮਿਸ਼ਨ ਵੱਲੋਂ ਜ਼ਿਲ੍ਹਾ ਤਰਨਤਾਰਨ ਦੇ ਪਿੰਡਾਂ ਕੱਕਾ ਕੰਡਿਆਲਾ ਅਤੇ ਕਾਜ਼ੀਕੋਟ ਵਿਚ ਸਰਪੰਚਾਂ/ਪੰਚਾਂ ਦੀਆਂ ਆਮ ਚੋਣਾਂ ਲਈ ਅੱਜ ਸਵੇਰੇ 8 ਵਜੇ ਤੋਂ ਵੋਟਾਂ ਪੈ ਰਹੀਆਂ ਹਨ, ਜੋਕਿ ਸ਼ਾਮ 4 ਵਜੇ ਤੱਕ ਜਾਰੀ ਰਹਿਣਗੀਆਂ। ਵੋਟਾਂ ਦੀ ਗਿਣਤੀ ਵੀ ਉਨ੍ਹਾਂ ਪੋਲਿੰਗ ਸਟੇਸ਼ਨ/ਬੂਥਾਂ ਉਪਰ ਉਸੇ ਸ਼ਾਮ ਕਰਕੇ ਚੋਣਾਂ ਦਾ ਨਤੀਜਾ ਐਲਾਨਿਆ ਜਾਵੇਗਾ। ਗ੍ਰਾਮ ਪੰਚਾਇਤ ਕੱਕਾ ਕੰਡਿਆਲਾ ਦੇ ਬੂਥ ਨੰਬਰ 39, ਵਾਰਡ ਨੰਬਰ 03 ਦਾ ਬੂਥ ਸਰਕਾਰੀ ਐਲੀਮੈਂਟਰੀ ਸਕੂਲ ਕੱਕਾ ਕੰਡਿਆਲਾ (ਸੱਜਾ ਪਾਸਾ) ਅਤੇ ਪਿੰਡ ਕਾਜ਼ੀਕੋਟ ਦੇ ਬੂਥ ਨੰਬਰ 51, ਵਾਰਡ ਨੰਬਰ 05 ਦਾ ਬੂਥ ਸਰਕਾਰੀ ਐਲੀਮੈਂਟਰੀ ਸਕੂਲ ਕਾਜ਼ੀਕੋਟ (ਖੱਬਾ ਪਾਸਾ) ਹੋਵੇਗਾ। ਇਨ੍ਹਾਂ ਚੋਣਾਂ ਮੌਕੇ ਅਮਨ-ਸ਼ਾਂਤੀ ਤੇ ਕਾਨੂੰਨ ਦੀ ਸਥਿਤੀ ਨੂੰ ਬਣਾਏ ਰੱਖਣ/ਲੋਕ ਹਿੱਤ ਵਿਚ ਸ਼ਾਂਤੀ ਬਰਕਰਾਰ ਰੱਖਣ ਅਤੇ ਚੋਣਾਂ ਨੂੰ ਸੁਚੱਜੇ/ਸ਼ਾਂਤਮਈ ਢੰਗ ਨਾਲ ਨੇਪਰੇ ਚਾੜ੍ਹਨ ਲਈ ਰਾਜ ਚੋਣ ਕਮਿਸ਼ਨ, ਪੰਜਾਬ ਵੱਲੋਂ ਪ੍ਰਾਪਤ ਦਿਸ਼ਾ ਪੰਜਾਬ ਰਾਜ ਚੋਣ ਕਮਿਸ਼ਨ ਐਕਟ, 1994 ਦੀ ਧਾਰਾ 110 ਦੀ ਸਖ਼ਤੀ ਨਾਲ ਪਾਲਣਾ ਨੂੰ ਯਕੀਨੀ ਬਣਾਉਣ ਲਈ ਪ੍ਰਾਪਤ ਹੋਏ ਨਿਰਦੇਸ਼ਾਂ ਤਹਿਤ ਰਾਹੁਲ, ਆਈ.ਏ.ਐੱਸ, ਜ਼ਿਲ੍ਹਾ ਮੈਜਿਸਟਰੇਟ ਤਰਨਤਾਰਨ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਏ ਪ੍ਰਕਿਰਿਆ ਮੁਕੰਮਲ ਹੋਣ ਤੱਕ ਜ਼ਿਲ੍ਹਾ ਤਰਨਤਾਰਨ ਦੇ ਉਕਤ ਪੋਲਿੰਗ ਸਟੇਸ਼ਨਾਂ/ਬੂਥਾਂ ਦੇ 100 ਮੀਟਰ ਦੇ ਘੇਰੇ ਅੰਦਰ ਹੇਠ ਲਿਖੀਆਂ ਪਾਬੰਦੀਆਂ ਲਗਾਈਆਂ ਹੋਈਆਂ ਹਨ। ਪੋਲਿੰਗ ਸਟੇਸ਼ਨ ਦੇ 100 ਮੀਟਰ ਦੇ ਅੰਦਰ (ਕਤਾਰ ਵਿਚ ਲੱਗੇ ਵੋਟਰਾਂ ਤੋਂ ਇਲਾਵਾ) ਪੰਜ ਜਾਂ ਪੰਜ ਤੋਂ ਵੱਧ ਵਿਅਕਤੀਆਂ ਦੇ ਇਕੱਠੇ ਹੋਣ/ਗਤੀਵਿਧੀਆਂ 'ਤੇ ਪਾਬੰਦੀ ਲੱਗੀ ਹੋਈ ਹੈ। ਪੋਲਿੰਗ ਸਟੇਸ਼ਨ ਦੇ 100 ਮੀਟਰ ਦੇ ਅੰਦਰ ਕਿਸੇ ਵੀ



ਕਿਸਮ ਦਾ ਚੋਣਾਂ ਨਾਲ ਸਬੰਧਤ ਰਾਜਨੀਤਕ ਪਾਰਟੀ/ਉਮੀਦਵਾਰਾਂ ਦਾ ਪੋਸਟਰ/ਬੈਨਰ ਨਹੀਂ ਲਗਾਇਆ ਜਾਵੇਗਾ। ਪੋਲਿੰਗ ਸਟੇਸ਼ਨ ਦੇ 100 ਮੀਟਰ ਦੇ ਅੰਦਰ ਸੈਲੂਲਰ ਫੋਨ, ਕੋਰਡ ਲੈੱਸ ਫੋਨ, ਵਾਇਰਲੈੱਸ ਸੈੱਟ, ਲਾਊਡ ਸਪੀਕਰ ਆਦਿ ਦੀ ਵਰਤੋਂ 'ਤੇ ਪਾਬੰਦੀ ਹੋਵੇਗੀ। ਚੋਣ ਡਿਊਟੀ ਵਿਚ ਤਾਇਨਾਤ ਚੋਣ ਅਬਜ਼ਰਵਰ, ਪੁਲਸ ਅਧਿਕਾਰੀ, ਡਿਊਟੀ 'ਤੇ ਤਇਨਾਤ ਸੁਰੱਖਿਆ ਕਰਮਚਾਰੀਆਂ, ਪੋਲਿੰਗ ਨਾਲ ਸਬੰਧਿਤ ਕਰਮਚਾਰੀਆਂ ਨੂੰ ਇਸ ਤੋਂ ਛੋਟ ਦਿੱਤੀ ਜਾ ਰਹੀ ਹੈ।

ਪੋਲਿੰਗ ਸਟੇਸ਼ਨ ਦੇ 100 ਮੀਟਰ ਦੇ ਅੰਦਰ ਕੋਈ ਵੀ ਵਿਅਕਤੀ ਸਿਵਾਏ ਰਾਜ ਚੋਣ ਕਮਿਸ਼ਨ, ਪੰਜਾਬ, ਜ਼ਿਲ੍ਹਾ ਚੋਣ ਅਫ਼ਸਰ ਅਤੇ ਸਬੰਧਿਤ ਰਿਟਰਨਿੰਗ ਅਫ਼ਸਰ ਵੱਲੋਂ ਅਧਿਕਾਰਤ ਵਿਅਕਤੀ ਤੋਂ ਬਿਨਾਂ ਆਪਣਾ ਪ੍ਰਾਈਵੇਟ ਵਹੀਕਲ ਲੈ ਕੇ ਜਾਣ ਦੀ ਮਨਾਹੀ ਹੋਵੇਗੀ। ਪੋਲਿੰਗ ਸਟੇਸ਼ਨ ਦੇ 100 ਮੀਟਰ ਦੇ ਅੰਦਰ ਕਿਸੇ ਵੀ ਤਰ੍ਹਾਂ ਦੀ ਗਤੀਵਿਧੀ ਜੋ ਚੋਣ ਪ੍ਰਕਿਰਿਆ ਨੂੰ ਪ੍ਰਭਾਵਿਤ ਕਰਦੀ ਹੋਵੇ 'ਤੇ ਮੁਕੰਮਲ ਪਾਬੰਦੀ ਹੋਵੇਗੀ। ਜ਼ਿਲ੍ਹਾ ਮੈਜਿਸਟਰੇਟ ਨੇ ਆਪਣੇ ਮਨਾਹੀ ਦੇ ਹੁਕਮਾਂ ਵਿਚ ਕਿਹਾ ਹੈ ਕਿ ਜੇਕਰ ਕਿਸੇ ਵੀ ਵਿਅਕਤੀ ਨੇ ਇਨ੍ਹਾਂ ਹੁਕਮਾਂ ਦੀ ਉਲੰਘਣਾਂ ਕੀਤੀ ਤਾਂ ਉਸ ਵਿਰੁੱਧ ਭਾਰਤੀ ਨਿਆਂ ਸੰਹਿਤਾ 2023 ਦੀ ਧਾਰਾ 223 ਅਧੀਨ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

## ਪੰਜਾਬ 'ਚ ਕਾਨੂੰਨ ਵਿਵਸਥਾ ਡਗਮਗਾਈ, ਕਾਰੋਬਾਰੀ ਦੇ ਘਰ 'ਤੇ ਚੱਲੀਆਂ ਗੋਲੀਆਂ

ਖਮਾਣੋਂ, 18 ਜਨਵਰੀ : ਸ਼ਰਮਾ ਗਾਰਮੈਂਟਸ ਖਮਾਣੋਂ ਦੇ ਮਾਲਕ ਦੇ ਘਰ ਦੇ ਬਾਹਰ ਬੀਤੀ ਰਾਤ ਕਰੀਬ 9 ਵਜੇ ਇੱਕ ਅਣਪਛਾਤੇ ਮੋਟਰਸਾਈਕਲ ਸਵਾਰ ਨੇ ਗੋਲੀ ਚਲਾ ਕੇ ਦਹਿਸ਼ਤ ਫੈਲਾ ਦਿੱਤੀ ਅਤੇ ਮੌਕੇ ਤੋਂ ਫਰਾਰ ਹੋ ਗਿਆ। ਘਟਨਾ ਸਬੰਧੀ ਜਾਣਕਾਰੀ ਦਿੰਦਿਆਂ ਜਸਵਿੰਦਰ ਕੁਮਾਰ ਸ਼ਰਮਾ ਨੇ ਦੱਸਿਆ ਕਿ ਰਾਤ ਦੇ ਸਮੇਂ ਇੱਕ ਅਣਪਛਾਤਾ ਵਿਅਕਤੀ ਮੋਟਰਸਾਈਕਲ 'ਤੇ ਉਨ੍ਹਾਂ ਦੇ ਘਰ ਦੇ ਆਲੇ-ਦੁਆਲੇ ਗੇੜੇ ਮਾਰ ਰਿਹਾ ਸੀ। ਉਨ੍ਹਾਂ ਦੱਸਿਆ ਕਿ ਉਕਤ ਵਿਅਕਤੀ ਵਾਰ-ਵਾਰ ਆਪਣੇ ਰਿਵਾਲਵਰ ਨੂੰ ਲੋਡ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ, ਪਰ ਗੋਲੀ ਨਾ ਚੱਲਣ ਕਾਰਨ ਉਹ ਉਨ੍ਹਾਂ ਦੇ ਘਰ ਅੱਗੋਂ ਲੰਘ ਗਿਆ। ਲਗਭਗ ਪੰਜ ਮਿੰਟ ਬਾਅਦ ਉਹ ਮੁੜ ਵਾਪਸ ਆਇਆ ਅਤੇ ਫਿਰ ਘਰ ਦੇ ਸਾਹਮਣੇ ਖੜ੍ਹਾ ਹੋ ਕੇ ਰਿਵਾਲਵਰ ਲੋਡ ਕੀਤਾ। ਇਸ ਦੌਰਾਨ ਇੱਕ ਗੋਲੀ ਰਿਵਾਲਵਰ ਵਿੱਚੋਂ ਥੱਲੇ ਡਿੱਗ ਗਈ, ਜਿਸ ਤੋਂ ਬਾਅਦ ਅਣਪਛਾਤੇ ਵਿਅਕਤੀ ਨੇ ਉਨ੍ਹਾਂ ਦੇ ਘਰ ਦੀ ਕੰਧ 'ਤੇ ਸਿੱਧੀ ਗੋਲੀ ਚਲਾਈ ਅਤੇ ਤੁਰੰਤ ਮੋਟਰਸਾਈਕਲ 'ਤੇ ਫਰਾਰ ਹੋ ਗਿਆ। ਜਸਵਿੰਦਰ ਕੁਮਾਰ ਸ਼ਰਮਾ ਨੇ ਦੱਸਿਆ ਕਿ ਉਨ੍ਹਾਂ ਦੇ ਪੁੱਤਰ ਗੋਕਲ ਸ਼ਰਮਾ ਨੇ ਤੁਰੰਤ ਪੁਲਸ ਨੂੰ ਸੂਚਨਾ ਦਿੱਤੀ।

# ਸੁਖਪਾਲ ਖਹਿਰਾ ਨੇ 'ਆਪ' ਨੂੰ ਘੇਰਿਆ, ਮੋਹਾਲੀ ਰੋਡ ਟੈਂਡਰ 'ਚ 1000 ਕਰੋੜ ਦੇ ਘੁਟਾਲੇ ਦਾ ਲਾਇਆ ਇਲਜ਼ਾਮ

ਚੰਡੀਗੜ੍ਹ, 18 ਜਨਵਰੀ : ਪੰਜਾਬ ਦੀ ਸਿਆਸਤ 'ਚ ਉਸ ਵੇਲੇ ਨਵਾਂ ਭੂਚਾਲ ਆ ਗਿਆ ਜਦੋਂ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਗੰਭੀਰ ਦੋਸ਼ ਲਾਏ ਹਨ। ਖਹਿਰਾ ਨੇ ਐਕਸ ਟਵੀਟ ਕਰਦਿਆਂ ਕਿਹਾ ਕਿ ਗਮਾਡਾ (GMADA) ਵੱਲੋਂ ਮੋਹਾਲੀ ਵਿੱਚ 83 ਕਿਲੋਮੀਟਰ ਸੜਕਾਂ ਦੀ 10 ਸਾਲਾਂ ਦੀ ਸਾਂਭ-ਸੰਭਾਲ ਲਈ 1000 ਕਰੋੜ ਰੁਪਏ ਦਾ ਟੈਂਡਰ ਜਾਰੀ ਕੀਤਾ ਗਿਆ ਹੈ। ਸੁਖਪਾਲ ਖਹਿਰਾ ਅਨੁਸਾਰ, ਇਸ ਪ੍ਰੋਜੈਕਟ ਤਹਿਤ ਹਰੇਕ ਕਿਲੋਮੀਟਰ ਦੀ ਸਾਂਭ-ਸੰਭਾਲ 'ਤੇ ਲਗਭਗ 10 ਕਰੋੜ ਰੁਪਏ ਦੀ ਲਾਗਤ ਆਵੇਗੀ, ਜੋ ਕਿ ਬਹੁਤ ਜ਼ਿਆਦਾ ਹੈ। ਉਨ੍ਹਾਂ ਨੇ ਦੋਸ਼ ਲਾਇਆ ਕਿ ਇਹ ਟੈਂਡਰ ਨਿਯਮਾਂ ਨੂੰ ਛਿੱਕੇ ਟੰਗ ਕੇ ਵਿਸ਼ੇਸ਼ ਤੌਰ 'ਤੇ ਦਿੱਲੀ ਦੀ ਇੱਕ ਕੰਪਨੀ ਨੂੰ ਫਾਇਦਾ ਪਹੁੰਚਾਉਣ ਲਈ ਤਿਆਰ ਕੀਤਾ ਗਿਆ ਹੈ। ਖਹਿਰਾ ਨੇ ਇਹ ਵੀ ਕਿਹਾ ਕਿ ਇਹ ਸਭ ਅਰਵਿੰਦ ਕੇਜਰੀਵਾਲ ਦੇ ਇਸ਼ਾਰੇ 'ਤੇ ਕੀਤਾ



ਜਾ ਰਿਹਾ ਹੈ। ਇਸ ਟੈਂਡਰ ਪ੍ਰਕਿਰਿਆ 'ਤੇ ਸਵਾਲ ਚੁੱਕਦਿਆਂ ਖਹਿਰਾ ਨੇ ਕਿਹਾ ਕਿ ਇਸ ਫੈਸਲੇ ਨਾਲ ਪੰਜਾਬ ਦੇ 383 ਸੜਕ ਠੇਕੇਦਾਰ ਮੁਸ਼ਕਿਲ ਵਿੱਚ ਪੈ ਗਏ ਹਨ। ਉਨ੍ਹਾਂ ਇਸ ਨੂੰ ਸਿਰਫ਼ ਪੱਖਪਾਤ ਅਤੇ ਭਾਈ-ਭਤੀਜਾਵਾਦ ਹੀ ਨਹੀਂ, ਸਗੋਂ ਬਾਹਰਲੇ ਲੋਕਾਂ ਦੁਆਰਾ ਪੰਜਾਬ ਦੇ ਲੋਕਾਂ ਦੇ ਪੈਸੇ ਦੀ ਸ਼ਰੇਆਮ ਲੁੱਟ ਕਰਾਰ ਦਿੱਤਾ ਹੈ। ਸੁਖਪਾਲ ਖਹਿਰਾ ਅਤੇ ਕਾਂਗਰਸ ਪਾਰਟੀ ਨੇ ਮੰਗ ਕੀਤੀ ਹੈ ਕਿ ਇਸ "ਵੱਡੇ ਘੁਟਾਲੇਬਾਜ਼ ਟੈਂਡਰ" ਨੂੰ ਤੁਰੰਤ ਰੱਦ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਮੋਹਾਲੀ ਦੀਆਂ ਸੜਕਾਂ ਨੂੰ ਸਾਂਭ-ਸੰਭਾਲ ਦੀ ਲੋੜ ਹੈ, ਤਾਂ ਇਹ ਕੰਮ ਪੰਜਾਬ ਦੇ ਆਪਣੇ ਠੇਕੇਦਾਰਾਂ ਨੂੰ ਦਿੱਤੇ ਜਾਣੇ ਚਾਹੀਦੇ ਹਨ।

## ਪੰਜਾਬ 'ਚ ਸੰਘਣੀ ਧੁੰਦ ਕਾਰਨ ਵਾਪਰਿਆ ਸੜਕ ਹਾਦਸਾ

ਮੋਗਾ, 18 ਜਨਵਰੀ : ਮੋਗਾ ਦੇ ਪਿੰਡ ਜਨੇਰ ਕੋਲ ਇੱਕ ਦਰਦਨਾਕ ਸੜਕ ਹਾਦਸਾ ਵਾਪਰਨ ਦੀ ਖ਼ਬਰ ਸਾਹਮਣੇ ਆਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ, ਇਹ ਹਾਦਸਾ ਇਲਾਕੇ ਵਿੱਚ ਪੈ ਰਹੀ ਸੰਘਣੀ ਧੁੰਦ ਕਾਰਨ ਵਾਪਰਿਆ, ਜਿਸ ਕਾਰਨ ਸੜਕ 'ਤੇ ਜਾ ਰਹੇ ਵਾਹਨ ਆਪਸ ਵਿੱਚ ਟਕਰਾ ਗਏ। ਗੱਡੀ (ਟਰੱਕ), ਜੋ ਕਿ ਬਜਰੀ ਨਾਲ ਲੱਦੀ ਹੋਈ ਸੀ, ਸੰਤੁਲਨ ਵਿਗੜਨ ਕਾਰਨ ਸੜਕ 'ਤੇ ਪਲਟ ਗਈ। ਇਸ ਦੇ ਨਾਲ ਹੀ ਦੂਸਰੇ ਪਾਸੇ ਇੱਕ ਸ਼ਿਫਟ ਕਾਰ ਵੀ ਇਸ ਹਾਦਸੇ ਦਾ ਸ਼ਿਕਾਰ ਹੋ ਗਈ, ਜਿਸ ਦਾ ਕਾਫੀ ਨੁਕਸਾਨ ਹੋਇਆ ਹੈ।


**NAME CHANGE**
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

**NAME CHANGE**
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

**NAME CHANGE**
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

**NAME CHANGE**
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

**NAME CHANGE**
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

**NAME CHANGE**
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

**PUBLIC NOTICE**
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**PUBLIC NOTICE**
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.
**Shyam Sharma (Adv)**

**NAME CHANGE**
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

**NAME CHANGE**
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

**NAME CHANGE**
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**
ਧੀਆਂ ਦੀ ਮਹੱਤਤਾ ਨੂੰ ਉਜਾਗਰ ਕਰਦੇ ਹੋਏ ਅਤੇ ਸਮਾਜ ਵਿੱਚ ਸਕਾਰਾਤਮਕ ਸੋਚ ਨੂੰ ਪ੍ਰੋਤਸਾਹਿਤ ਕਰਨ ਦੇ ਉਦੇਸ਼ ਨਾਲ ਐਸ.ਐਸ.ਪੀ ਗਗਨ ਅਜੀਤ ਸਿੰਘ ਦੀ ਅਗਵਾਈ ਹੇਠ ਜ਼ਿਲਾ ਪੁਲਿਸ ਮਾਲੇਰਕੋਟਲਾ ਵੱਲੋਂ ਪੁਲਿਸ ਅਤੇ ਸਾਂਝ ਕੇਂਦਰ ਦੇ ਸਹਿਯੋਗ ਨਾਲ ਧੀਆਂ ਦੀ ਲੋਹੜੀ ਮਨਾਉਣ ਲਈ ਇੱਕ ਵਿਸ਼ੇਸ਼ ਸਮਾਗਮ ਆਯੋਜਿਤ ਕੀਤਾ ਗਿਆ।

ਇਸ ਸਮਾਗਮ ਦੌਰਾਨ ਪੁਲਿਸ ਮੁਲਾਜ਼ਮਾਂ ਦੀਆਂ ਧੀਆਂ ਨੂੰ ਸੱਦਾ ਦੇ ਕੇ ਉਨ੍ਹਾਂ ਨੂੰ ਵਧਾਈਆਂ ਦਿੱਤੀਆਂ ਗਈਆਂ ਅਤੇ ਪਿਆਰ ਦੇ ਪ੍ਰਤੀਕ ਵਜੋਂ ਤੋਹਫ਼ੇ ਭੇਟ ਕੀਤੇ ਗਏ। ਸਮਾਗਮ ਦਾ ਮੰਤਵ ਧੀਆਂ ਪ੍ਰਤੀ ਸਮਾਜਕ ਜ਼ਿੰਮੇਵਾਰੀ ਅਤੇ ਸਨਮਾਨ ਦੀ ਭਾਵਨਾ ਨੂੰ ਮਜ਼ਬੂਤ ਕਰਨਾ ਸੀ।

ਸਮਾਗਮ ਦੌਰਾਨ ਸਕੂਲੀ ਵਿਦਿਆਰਥੀਆਂ ਵੱਲੋਂ ਦੇਸ਼ਭਗਤੀ ਅਤੇ ਸੱਭਿਆਚਾਰਕ ਰੰਗ ਨਾਲ ਭਰਪੂਰ ਗੀਤ ਪੇਸ਼ ਕੀਤੇ ਗਏ, ਜਦਕਿ ਭੰਗੜੇ ਦੀ ਪੇਸ਼ਕਾਰੀ ਨੇ ਸਮੂਹ ਮਾਹੌਲ ਨੂੰ ਖੁਸ਼ੀ ਅਤੇ ਉਤਸ਼ਾਹ ਨਾਲ ਭਰ ਦਿੱਤਾ। ਪੁਲਿਸ ਪਰਿਵਾਰਾਂ ਨੇ ਪੂਰੇ ਉਤਸ਼ਾਹ ਨਾਲ ਇਸ ਸਮਾਗਮ ਵਿੱਚ ਭਾਗ ਲਿਆ।

ਇਸ ਮੌਕੇ ਐਸ.ਐਸ.ਪੀ ਗਗਨ ਅਜੀਤ ਸਿੰਘ ਵੱਲੋਂ ਬੱਚੀਆਂ ਨੂੰ ਸਨਮਾਨਿਤ ਕਰਦੇ ਹੋਏ ਉਨ੍ਹਾਂ ਦੀ ਪ੍ਰਤਿਭਾ, ਆਤਮਵਿਸ਼ਵਾਸ ਅਤੇ ਉਤਸ਼ਾਹ ਦੀ ਖੁੱਲ੍ਹ ਕੇ ਸ਼ਲਾਘਾ ਕੀਤੀ ਗਈ। ਉਨ੍ਹਾਂ ਆਪਣੇ ਸੰਬੋਧਨ ਵਿੱਚ ਕਿਹਾ ਕਿ ਧੀਆਂ ਸਿਰਫ਼ ਪਰਿਵਾਰ ਦਾ ਹੀ ਨਹੀਂ ਸਗੋਂ ਸਮੂਹ ਸਮਾਜ ਦਾ ਮਾਣ ਹਨ। ਉਨ੍ਹਾਂ ਨੇ ਕਿਹਾ ਕਿ ਧੀਆਂ ਨੂੰ ਬਰਾਬਰੀ ਦੇ ਮੌਕੇ, ਸਿੱਖਿਆ ਅਤੇ ਸੁਰੱਖਿਆ ਦੇਣਾ ਸਾਡਾ ਫਰਜ਼ ਹੈ ਅਤੇ ਇਸ ਦਿਸ਼ਾ ਵਿੱਚ ਹਰ ਵਰਗ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ।

ਲੋਹੜੀ ਦੇ ਤਿਉਹਾਰ ਦੀ ਰਸਮ ਅਨੁਸਾਰ ਧੂਣੀ ਬਾਲੀ ਗਈ, ਜਿਸ ਦੌਰਾਨ ਰੇਵੜੀਆਂ, ਮੂੰਗਫ਼ਲੀ, ਗੱਚਕ ਅਤੇ ਹੋਰ ਖਾਣ-ਪੀਣ ਦਾ ਸਮਾਨ ਵੰਡਿਆ ਗਿਆ।

ਇਸ ਦੇ ਨਾਲ ਹੀ ਪੰਜਾਬ ਪੁਲਿਸ ਵਿੱਚ ਨਿਯੁਕਤ ਹੋਏ 9 ਨਵੇਂ ਪੁਲਿਸ ਮੁਲਾਜ਼ਮਾਂ ਨੂੰ ਵੀ ਇਸ ਖੁਸ਼ੀ ਦੇ ਮੌਕੇ 'ਤੇ ਮੁਬਾਰਕਬਾਦ ਦਿੱਤੀ ਗਈ ਅਤੇ ਉਨ੍ਹਾਂ ਦੇ ਉਜਲੇ ਭਵਿੱਖ ਦੀ ਕਾਮਨਾ ਕੀਤੀ ਗਈ।

ਸਮਾਗਮ ਵਿੱਚ ਐਸ.ਪੀ.(ਡੀ) ਸੱਤਪਾਲ ਸ਼ਰਮਾ, ਐਸ.ਪੀ.(ਪੀ.ਬੀ.ਆਈ) ਰਾਜਵਿੰਦਰ ਸਿੰਘ, ਡੀ.ਐਸ.ਪੀ ਸ਼ਤੀਸ ਕੁਮਾਰ, ਡੀ.ਐਸ.ਪੀ ਅਮਰਗੜ੍ਹ ਸੰਜੀਵ ਕਪੂਰ, ਜ਼ਿਲਾ ਨੋਡਲ ਸਟੂਡੈਂਟ ਪੁਲਿਸ ਕੈਡੇਟ ਪ੍ਰੇਮ ਸਿੰਘ ਸਮੇਤ ਵੱਖ-ਵੱਖ ਸ਼ਾਖਾਵਾਂ ਦੇ ਪੁਲਿਸ ਅਧਿਕਾਰੀ, ਕਰਮਚਾਰੀ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਹਾਜ਼ਰ ਰਹੇ।

ਸਮਾਗਮ ਅੰਤ ਵਿੱਚ ਸਾਂਝੇ ਉਦੇਸ਼ ਨਾਲ ਸਮਾਜ ਵਿੱਚ ਧੀਆਂ ਪ੍ਰਤੀ ਸਨਮਾਨ, ਸੁਰੱਖਿਆ ਅਤੇ ਸਮਾਨ ਅਧਿਕਾਰਾਂ ਦਾ ਸੰਦੇਸ਼ ਦੇ ਕੇ ਸੰਪੰਨ ਹੋਇਆ।

# ਐਚਡੀਐਫਸੀ ਬੈਂਕ ਪਰਿਵਰਤਨ ਕੈਂਸਰ ਜਾਗਰੂਕਤਾ ਲਈ 'ਮੁੰਬਈ ਮੈਰਾਥਨ 2026' ਵਿੱਚ ਹਿੱਸਾ ਲੈਣ ਵਾਲੀ ਸਭ ਤੋਂ ਵੱਡੀ ਕਾਰਪੋਰੇਟ ਟੀਮ

**ਚੰਡੀਗੜ੍ਹ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਐਚਡੀਐਫਸੀ ਬੈਂਕ, ਆਪਣੇ CSR ਪ੍ਰੋਗਰਾਮ ਪਰਿਵਰਤਨ ਰਾਹੀਂ, ਕੈਂਸਰ ਜਾਗਰੂਕਤਾ ਅਤੇ ਜਲਦੀ ਪਤਾ ਲਗਾਉਣ ਦਾ ਸਮਰਥਨ ਕਰਨ ਲਈ 18 ਜਨਵਰੀ ਨੂੰ 'ਟਾਟਾ ਮੁੰਬਈ ਮੈਰਾਥਨ 2026' ਵਿੱਚ ਹਿੱਸਾ ਲੈਣ ਲਈ ਲਗਭਗ 1,500 ਕਰਮਚਾਰੀਆਂ ਨੂੰ ਲਾਮਬੰਦ ਕਰੇਗਾ। ਬੈਂਕ ਨੇ ਇੰਡੀਅਨ ਕੈਂਸਰ ਸੋਸਾਇਟੀ (ICS) ਨਾਲ ਭਾਈਵਾਲੀ ਕੀਤੀ ਹੈ, ਜੋ ਕਿ ਕੈਂਸਰ ਦੀ ਦੇਖਭਾਲ ਲਈ ਸਮਰਪਿਤ ਭਾਰਤ ਦੀ ਸਭ ਤੋਂ ਪੁਰਾਣੀ ਗੈਰ-ਮੁਨਾਫ਼ਾ ਸੰਸਥਾ ਹੈ। ਆਪਣੇ ਸਿਹਤ ਸੰਭਾਲ ਅਤੇ ਸਫਾਈ ਥੰਮ੍ਹ ਦੇ ਤਹਿਤ, ਪਰਿਵਰਤਨ, 18 ਜਨਵਰੀ ਨੂੰ ਨਿਰਧਾਰਤ, ਪ੍ਰਾਇਮਰੀ ਅਤੇ ਰੋਕਥਾਮ ਸਿਹਤ ਸੰਭਾਲ ਤੱਕ ਪਹੁੰਚ ਨੂੰ ਬਿਹਤਰ ਬਣਾਉਣ, ਸਿਹਤ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਭਾਈਚਾਰਿਆਂ ਵਿੱਚ ਸਿਹਤ ਪ੍ਰਤੀ ਜਾਗਰੂਕ ਵਿਵਹਾਰਾਂ ਨੂੰ ਉਤਸ਼ਾਹਿਤ ਕਰਨ 'ਤੇ ਕੇਂਦ੍ਰਤ ਕਰਦਾ ਹੈ। ਟਾਟਾ ਮੁੰਬਈ ਮੈਰਾਥਨ ਵਿੱਚ ICS ਨਾਲ ਇਹ ਭਾਈਵਾਲੀ ਕੈਂਸਰ ਦੀ ਜਲਦੀ ਪਤਾ ਲਗਾਉਣ ਨੂੰ ਉਤਸ਼ਾਹਿਤ ਕਰਕੇ ਇਸ ਵਚਨਬੱਧਤਾ ਨੂੰ ਮਜ਼ਬੂਤ ਕਰਦੀ ਹੈ, ਜਿਸਦਾ, ਜੇਕਰ ਜਲਦੀ ਪਤਾ ਲੱਗ ਜਾਂਦਾ ਹੈ, ਤਾਂ ਆਸਾਨੀ ਨਾਲ ਇਲਾਜ ਕੀਤਾ ਜਾ ਸਕਦਾ ਹੈ। ਇਹ ਸਹਿਯੋਗ 18 ਜਨਵਰੀ ਨੂੰ ਹੋਣ ਵਾਲੀ ਭਾਈਚਾਰਕ ਸਿਹਤ ਪ੍ਰਤੀ ਬੈਂਕ ਪਰਿਵਰਤਨ ਦੀ ਵਿਆਪਕ ਵਚਨਬੱਧਤਾ ਨੂੰ ਅੱਗੇ ਵਧਾਉਂਦਾ ਹੈ। ਮੈਰਾਥਨ ਦੇ ਹਿੱਸੇ ਵਜੋਂ, ਆਈਸੀਐਸ 100 ਤੋਂ ਵੱਧ ਦੌੜਾਕਾਂ ਦੀ ਇੱਕ ਟੀਮ ਵੀ ਉਤਾਰੇਗਾ, ਜਿਸ ਵਿੱਚ ਨੌਜਵਾਨ ਕੈਂਸਰ ਸਰਵਾਈਵਰ ਅਤੇ ਆਈਸੀਐਸ ਕਰਮਚਾਰੀ ਸ਼ਾਮਲ ਹੋਣਗੇ। ਮੈਰਾਥਨ ਬਾਰੇ ਬੋਲਦੇ ਹੋਏ, ਐਚਡੀਐਫਸੀ ਬੈਂਕ ਦੇ ਡਿਪਟੀ ਮੈਨੇਜਿੰਗ ਡਾਇਰੈਕਟਰ, ਸ਼੍ਰੀ ਕੈਜ਼ਾਦ ਭਰੂਚਾ ਨੇ ਕਿਹਾ, ਅਸੀਂ ਇੱਕ ਅਜਿਹੇ ਉਦੇਸ਼ ਲਈ ਦੌੜ ਰਹੇ ਹਾਂ ਜੋ ਹਰ ਪਰਿਵਾਰ ਨੂੰ ਕਿਸੇ ਨਾ ਕਿਸੇ ਤਰੀਕੇ

HDFC BANK
We understand your world

ਨਾਲ ਛੂੰਹਦਾ ਹੈ। ਇੱਕ ਬੈਂਕ ਦੇ ਤੌਰ 'ਤੇ, ਸਾਡੀ ਜ਼ਿੰਮੇਵਾਰੀ ਵਿੱਤੀ ਸੇਵਾਵਾਂ ਤੋਂ ਪਰੇ ਉਨ੍ਹਾਂ ਭਾਈਚਾਰਿਆਂ ਦੀ ਭਲਾਈ ਤੱਕ ਫੈਲੀ ਹੋਈ ਹੈ ਜਿਨ੍ਹਾਂ ਦੀ ਅਸੀਂ ਸੇਵਾ ਕਰਦੇ ਹਾਂ। ਸਾਨੂੰ ਜਾਗਰੂਕਤਾ ਪੈਦਾ ਕਰਨ, ਜਲਦੀ ਪਤਾ ਲਗਾਉਣ ਨੂੰ ਉਤਸ਼ਾਹਿਤ ਕਰਨ ਅਤੇ ਸਾਰਿਆਂ ਨੂੰ ਯਾਦ ਦਿਵਾਉਣ ਲਈ ਇੰਡੀਅਨ ਕੈਂਸਰ ਸੋਸਾਇਟੀ ਦੇ ਨਾਲ ਖੜ੍ਹੇ ਹੋਣ 'ਤੇ ਮਾਣ ਹੈ ਕਿ ਛੋਟੇ ਕਦਮ ਜੀਵਨ ਬਦਲਣ ਵਾਲਾ ਪ੍ਰਭਾਵ ਪਾ ਸਕਦੇ ਹਨ। ਇਸ ਸਾਂਝੇਦਾਰੀ 'ਤੇ ਟਿੱਪਣੀ ਕਰਦੇ ਹੋਏ, ਭਾਰਤੀ ਕੈਂਸਰ ਸੁਸਾਇਟੀ ਦੇ ਆਨਰੇਰੀ ਸਕੱਤਰ ਅਤੇ ਮੈਨੇਜਿੰਗ ਟਰੱਸਟੀ ਅਤੇ ਭਾਰਤੀ ਰਿਜ਼ਰਵ ਬੈਂਕ ਦੇ ਸਾਬਕਾ ਡਿਪਟੀ ਗਵਰਨਰ ਸ਼੍ਰੀਮਤੀ ਉਸ਼ਾਥੋਰਾ ਨੇ ਕਿਹਾ, ਅਸੀਂ ਐਚਡੀਐਫਸੀ ਬੈਂਕ ਦੇ ਉਨ੍ਹਾਂ ਦੇ ਅਟੁੱਟ ਸਮਰਥਨ ਅਤੇ ਕੈਂਸਰ ਜਾਗਰੂਕਤਾ ਨੂੰ ਉਤਸ਼ਾਹਿਤ ਕਰਨ ਲਈ ਕਰਮਚਾਰੀਆਂ ਦੇ ਇੰਨੇ ਵੱਡੇ ਸਮੂਹ ਨੂੰ ਇਕੱਠਾ ਕਰਨ ਲਈ ਧੰਨਵਾਦੀ ਹਾਂ। ਕੈਂਸਰ ਭਾਰਤ ਵਿੱਚ ਅਣਗਿਣਤ ਪਰਿਵਾਰਾਂ ਨੂੰ ਪ੍ਰਭਾਵਿਤ ਕਰਦਾ ਹੈ, ਅਤੇ ਜਾਗਰੂਕਤਾ ਬਿਹਤਰ ਨਤੀਜਿਆਂ ਵੱਲ ਪਹਿਲਾ ਕਦਮ ਹੈ। ਸਧਾਰਨ ਸਕ੍ਰੀਨਿੰਗ ਦੁਆਰਾ ਜਲਦੀ ਪਤਾ ਲਗਾਉਣ ਨਾਲ ਬਚਾਅ ਦਰਾਂ ਵਿੱਚ ਕਾਫ਼ੀ ਸੁਧਾਰ ਹੁੰਦਾ ਹੈ, ਫਿਰ ਵੀ ਡਰ ਅਤੇ ਜਾਣਕਾਰੀ ਦੀ ਘਾਟ ਨਿਦਾਨ ਵਿੱਚ ਦੇਰੀ ਕਰਦੀ ਰਹਿੰਦੀ ਹੈ। ਟਾਟਾ ਮੁੰਬਈ ਮੈਰਾਥਨ 2026 ਵਿੱਚ ਕੈਂਸਰ ਤੋਂ ਬਚੇ ਲੋਕਾਂ ਨੂੰ ਹਿੱਸਾ ਲੈਂਦੇ ਦੇਖਣਾ ਬਹੁਤ ਪ੍ਰੇਰਨਾਦਾਇਕ ਹੈ। ਉਨ੍ਹਾਂ ਦੀ ਹਿੰਮਤ ਅਤੇ ਸਕਾਰਾਤਮਕਤਾ ਕੈਂਸਰ ਨਾਲ ਲੜਨ ਅਤੇ ਅੱਗੇ ਰਹਿਣ ਲਈ ਲੋੜੀਂਦੀ ਭਾਵਨਾ ਨੂੰ ਦਰਸਾਉਂਦੀ ਹੈ।÷ ਸਰਲ ਸਕ੍ਰੀਨਿੰਗ ਪ੍ਰਕਿਰਿਆਵਾਂ ਦੁਆਰਾ ਮੂੰਹ, ਸਰਵਾਈਕਲ ਅਤੇ ਛਾਤੀ ਦੇ ਕੈਂਸਰਾਂ ਦਾ ਜਲਦੀ ਪਤਾ ਲਗਾਇਆ ਜਾ ਸਕਦਾ ਹੈ, ਅਤੇ ਜਲਦੀ ਪਤਾ ਲਗਾਉਣ ਨਾਲ ਲਗਾਤਾਰ ਬਿਹਤਰ ਨਤੀਜੇ ਨਿਕਲਦੇ ਹਨ, ਜਿਵੇਂ ਕਿ ਬਿਮਾਰੀ ਅਤੇ ਇਲਾਜ ਦੀ ਲਾਗਤ ਵਿੱਚ ਕਮੀ, ਅਤੇ ਬਿਹਤਰ ਬਚਾਅ। ਇਸ ਸਹਿਯੋਗ ਨੂੰ ਦਰਸਾਉਣ ਲਈ, ਭਾਰਤੀ ਕੈਂਸਰ ਸੁਸਾਇਟੀ ਨੇ ਐਚਡੀਐਫਸੀ ਬੈਂਕ ਦੇ ਕਰਮਚਾਰੀਆਂ ਲਈ ਕੈਂਸਰ ਜਾਗਰੂਕਤਾ ਸੈਸ਼ਨ ਆਯੋਜਿਤ ਕੀਤੇ ਹਨ ਅਤੇ ਚੋਣਵੇਂ ਸਥਾਨਾਂ 'ਤੇ ਸਕ੍ਰੀਨਿੰਗ ਕੈਂਪ ਲਗਾਏ ਹਨ। ਸ਼੍ਰੀ ਭਰੂਚਾ ਨੇ ਅੱਗੇ ਕਿਹਾ, ਐਚਡੀਐਫਸੀ ਬੈਂਕ ਵਿਖੇ, ਸਾਡਾ ਮੰਨਣਾ ਹੈ ਕਿ ਮਜ਼ਬੂਤ ਭਾਈਚਾਰੇ ਸਿਹਤਮੰਦ ਜੀਵਨ ਨਾਲ ਸ਼ੁਰੂ ਹੁੰਦੇ ਹਨ। ਸਾਨੂੰ ਖੁਸ਼ੀ ਹੈ ਕਿ 1,500 ਸਾਥੀ ਇਸ ਨੇਕ ਕੰਮ ਲਈ ਦੌੜਨ ਲਈ ਸਵੈ-ਇੱਛਾ ਨਾਲ ਕੰਮ ਕਰ ਰਹੇ ਹਨ। ਇਹ ਹੁਣ ਤੱਕ ਮੈਰਾਥਨ ਲਈ ਸਾਡੇ ਵੱਲੋਂ ਖੜ੍ਹੇ ਕੀਤੇ ਗਏ ਕਰਮਚਾਰੀਆਂ ਦੇ ਸਭ ਤੋਂ ਵੱਡੇ ਸਮੂਹਾਂ ਵਿੱਚੋਂ ਇੱਕ ਹੈ। ਸਾਡੇ ਕਰਮਚਾਰੀ ਇੱਕ ਅਰਥਪੂਰਨ ਫਰਕ ਲਿਆਉਣ ਲਈ ਵਚਨਬੱਧ ਭਾਈਚਾਰੇ ਵਜੋਂ ਇਕੱਠੇ ਹੋਏ ਹਨ। ਇਸ ਪਹਿਲਕਦਮੀ ਤੋਂ ਇਲਾਵਾ, ਐਚਡੀਐਫਸੀ ਬੈਂਕ ਪਰਿਵਰਤਨ ਭਾਰਤ ਭਰ ਵਿੱਚ ਸਿਹਤ ਸੰਭਾਲ ਪ੍ਰੋਗਰਾਮਾਂ ਦਾ ਸਮਰਥਨ ਕਰਨਾ ਜਾਰੀ ਰੱਖਦਾ ਹੈ। ਕੈਂਸਰ ਦੇਖਭਾਲ ਦੇ ਖੇਤਰ ਵਿੱਚ, ਬੈਂਕ ਨੇ ਗੁਜਰਾਤ ਕੈਂਸਰ ਸੋਸਾਇਟੀ ਅਤੇ ਟਾਟਾ ਮੈਮੋਰੀਅਲ ਹਸਪਤਾਲ ਵਰਗੀਆਂ ਸੰਸਥਾਵਾਂ ਨਾਲ ਸਾਂਝੇਦਾਰੀ ਕੀਤੀ ਹੈ। ਐਚਡੀਐਫਸੀ ਬੈਂਕ ਦਾ ਛਤਰੀ CSR ਪ੍ਰੋਗਰਾਮ 'ਪਰਿਵਰਤਨ', ਛੇ ਮੁੱਖ ਖੇਤਰਾਂ ਵਿੱਚ ਵਿਕਾਸ ਪਹਿਲਕਦਮੀਆਂ ਨੂੰ ਇਕੱਠਾ ਕਰਦਾ ਹੈ: ਪੇਂਡੂ ਵਿਕਾਸ, ਸਿੱਖਿਆ ਪ੍ਰੋਤਸਾਹਨ, ਹੁਨਰ ਵਿਕਾਸ ਅਤੇ ਰੋਜ਼ੀ-ਰੋਟੀ ਵਧਾਉਣਾ, ਸਿਹਤ ਸੰਭਾਲ ਅਤੇ ਸੈਨੀਟੇਸ਼ਨ, ਵਿੱਤੀ ਸਾਖਰਤਾ ਅਤੇ ਸਮਾਵੇਸ਼, ਅਤੇ ਵਾਤਾਵਰਣ ਸਥਿਰਤਾ।

# ਮੈਂ ਸੀਤਾ ਨਹੀਂ, ਜੋ ਅਗਨੀ ਪ੍ਰੀਖਿਆ ਦੇਵਾਂ, ਮਹਾਂਕੁੰਭ ਵਾਲੀ ਲੜਕੀ ਨੇ ਛੱਡੀ ਧਰਮ ਦੀ ਰਾਹ

**ਪ੍ਰਯਾਗਰਾਜ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮਹਾਕੁੰਭ 2025 ਦੌਰਾਨ ਸੁਰਖ਼ੀਆਂ 'ਚ ਆਈ ਸੋਸ਼ਲ ਮੀਡੀਆ ਇਨਫ਼ਲੂਐਂਸਰ ਅਤੇ ਮਾਡਲ ਹਰਸ਼ਾ ਰਿਛਾਰੀਆ ਨੇ ਹੁਣ ਸਨਾਤਨ ਧਰਮ ਦੇ ਪ੍ਰਚਾਰ ਦਾ ਰਾਹ ਛੱਡਣ ਦਾ ਵੱਡਾ ਐਲਾਨ ਕੀਤਾ ਹੈ। ਪ੍ਰਯਾਗਰਾਜ ਦੇ ਮਾਘ ਮੇਲੇ 'ਚ ਪਹੁੰਚੀ ਹਰਸ਼ਾ ਨੇ ਇੱਕ ਵੀਡੀਓ ਜਾਰੀ ਕਰਦਿਆਂ ਕਿਹਾ ਕਿ ਉਸ ਦੇ ਚਰਿੱਤਰ 'ਤੇ ਸਵਾਲ ਚੁੱਕੇ ਜਾ ਰਹੇ ਹਨ, ਅਤੇ ਉਹ ਹੁਣ ਹੋਰ ਅਪਮਾਨ ਬਰਦਾਸ਼ਤ ਨਹੀਂ ਕਰ ਸਕਦੀ।



ਹਰਸ਼ਾ ਨੇ ਦੱਸਿਆ ਕਿ ਪਿਛਲੇ ਇੱਕ ਸਾਲ ਤੋਂ ਉਸ ਨੂੰ ਲਗਾਤਾਰ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਸ ਨੇ ਭਾਵੁਕ ਹੁੰਦਿਆਂ ਕਿਹਾ, "ਕਿਸੇ ਲੜਕੀ ਦੇ ਚਰਿੱਤਰ 'ਤੇ ਸਵਾਲ ਚੁੱਕਣਾ ਆਸਾਨ ਹੈ, ਪਰ ਮੈਂ ਸੀਤਾ ਨਹੀਂ ਹਾਂ ਜੋ ਅਗਨੀ ਪ੍ਰੀਖਿਆ ਦੇਵਾਂ।" ਹਰਸ਼ਾ ਨੇ ਉਨ੍ਹਾਂ ਅਫ਼ਵਾਹਾਂ ਨੂੰ ਨਕਾਰ ਦਿੱਤਾ ਕਿ ਉਸ ਨੇ ਧਰਮ ਨੂੰ ਧੰਦਾ ਬਣਾ ਕੇ ਕਰੋੜਾਂ ਰੁਪਏ ਕਮਾਏ ਹਨ। ਉਸ ਨੇ ਦਾਅਵਾ ਕੀਤਾ ਕਿ ਉਹ ਇਸ ਵੇਲੇ ਕਰਜ਼ੇ 'ਚ ਡੁੱਬੀ ਹੋਈ ਹੈ। ਧਰਮ ਦੇ ਰਾਹ 'ਤੇ ਆਉਣ ਤੋਂ ਪਹਿਲਾਂ ਉਹ ਵਿਦੇਸ਼ਾਂ 'ਚ ਐਂਕਰਿੰਗ ਦਾ ਕੰਮ ਕਰਦੀ ਸੀ ਅਤੇ ਚੰਗੀ ਕਮਾਈ ਕਰ ਰਹੀ ਸੀ।

ਹਰਸ਼ਾ ਨੇ ਐਲਾਨ ਕੀਤਾ ਹੈ ਕਿ ਮੌਨੀ ਮੱਸਿਆ 'ਤੇ ਇਸ਼ਨਾਨ ਕਰਨ ਤੋਂ ਬਾਅਦ ਉਹ ਧਰਮ ਦੇ ਰਾਹ ਨੂੰ ਪੂਰੀ ਤਰ੍ਹਾਂ ਛੱਡ ਦੇਵੇਗੀ ਅਤੇ ਆਪਣੇ ਪੁਰਾਣੇ ਪੇਸ਼ੇ (ਐਂਕਰਿੰਗ/ਮੌਡਲਿੰਗ) 'ਚ ਵਾਪਿਸ ਚਲੀ ਜਾਵੇਗੀ ਜਿੱਥੇ ਉਸ ਦੇ ਚਰਿੱਤਰ 'ਤੇ ਕੋਈ ਵੀ ਉਂਗਲ ਨਹੀਂ ਸੀ ਉਠਾਉਂਦਾ।

ਉਸ ਨੇ ਹੋਰਨਾਂ ਲੜਕੀਆਂ ਅਤੇ ਨੌਜਵਾਨਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਕਿਸੇ ਦੇ ਪਿੱਛੇ ਲੱਗਣ ਦੀ ਬਜਾਏ ਆਪਣੇ ਪਰਿਵਾਰ ਨਾਲ ਜੁੜੇ ਰਹਿਣ ਅਤੇ ਆਪਣੇ ਘਰ ਦੇ ਮੰਦਰ 'ਚ ਹੀ ਪੂਜਾ ਕਰਨ। ਹਰਸ਼ਾ ਰਿਛਾਰੀਆ ਮੂਲ ਰੂਪ 'ਚ ਝਾਂਸੀ ਦੀ ਰਹਿਣ ਵਾਲੀ ਹੈ, ਅਤੇ ਇਸ ਵੇਲੇ ਉਤਰਾਖੰਡ 'ਚ ਰਹਿੰਦੀ ਹੈ। ਉਹ ਆਚਾਰੀਆ ਮਹਾਮੰਡਲੇਸ਼ਵਰ ਸਵਾਮੀ ਕੈਲਾਸ਼ਾਨੰਦ ਗਿਰੀ ਮਹਾਰਾਜ ਦੀ ਚੇਲੀ ਹੈ। ਮਹਾਕੁੰਭ ਦੌਰਾਨ ਜਦੋਂ ਉਹ ਨਿਰੰਜਨੀ ਅਖਾੜੇ ਦੇ ਰਥ 'ਤੇ ਸਵਾਰ ਹੋਈ ਸੀ ਤਾਂ ਸੰਤ ਸਮਾਜ ਨੇ ਉਸ ਦੇ ਸਾਧਵੀ ਰੂਪ 'ਤੇ ਇਤਰਾਜ਼ ਜਤਾਇਆ ਸੀ ਜਿਸ ਤੋਂ ਬਾਅਦ ਉਹ ਚਰਚਾ 'ਚ ਆਈ ਸੀ। ਸੋਸ਼ਲ ਮੀਡੀਆ 'ਤੇ ਉਸ ਦੇ 17 ਲੱਖ ਤੋਂ ਵੱਧ ਫ਼ੌਲੋਅਰਜ਼ ਹਨ।

# ਗਣਤੰਤਰ ਦਿਵਸ 2026 ਦੌਰਾਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਸਮਰਪਿਤ ਹੋਵੇਗੀ ਪੰਜਾਬ ਦੀ ਝਾਕੀ

**ਨਵੀਂ ਦਿੱਲੀ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਵਿਖੇ 26 ਜਨਵਰੀ 2026 ਨੂੰ ਹੋਣ ਵਾਲੀ ਗਣਤੰਤਰ ਦਿਵਸ ਦੀ ਪਰੇਡ 'ਚ ਪੰਜਾਬ ਦੀ ਝਾਕੀ ਇੱਕ ਵਾਰ ਫ਼ਿਰ ਆਪਣੀ ਚਮਕ ਬਿਖੇਰੇਗੀ। ਪੁਖ਼ਤਾ ਸੂਤਰਾਂ ਦੇ ਹਵਾਲੇ ਨਾਲ ਇਹ ਖ਼ਬਰ ਸਾਹਮਣੇ ਆਈ ਹੈ ਕਿ ਰੱਖਿਆ ਮੰਤਰਾਲੇ ਨੇ ਪੰਜਾਬ ਸਰਕਾਰ ਦੇ ਪ੍ਰਸਤਾਵ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਪੰਜਾਬ ਲਈ ਇਹ ਇੱਕ ਵੱਡੀ ਪ੍ਰਾਪਤੀ ਹੈ। ਜਾਣਕਾਰੀ ਅਨੁਸਾਰ ਇਸ ਵਾਰ ਦੀ ਝਾਕੀ ਬੇਹੱਦ ਖ਼ਾਸ ਅਤੇ ਭਾਵੁਕ ਹੋਵੇਗੀ। ਇਹ ਝਾਕੀ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹੋਵੇਗੀ। ਇਸ ਰਾਹੀਂ ਗੁਰੂ ਸਾਹਿਬ ਦੀ ਮਹਾਨ ਸ਼ਹਾਦਤ ਅਤੇ ਉਨ੍ਹਾਂ ਦੇ ਜੀਵਨ ਫ਼ਲਸਫ਼ੇ ਨੂੰ ਪੂਰੀ ਦੁਨੀਆ ਦੇ ਸਾਹਮਣੇ ਪੇਸ਼ ਕੀਤਾ ਜਾਵੇਗਾ।

**ਹਰਿਆਣਾ ਨੂੰ ਲੱਗਾ ਝਟਕਾ, ਹਿਮਾਚਲ ਦੀ ਹੋਈ ਵਾਪਸੀ:** ਜਿੱਥੇ ਪੰਜਾਬ ਦੀ ਝਾਕੀ ਕਰਤੱਵ ਪੱਥ 'ਤੇ ਦਿਖਾਈ ਦੇਵੇਗੀ, ਉੱਥੇ ਹੀ ਗੁਆਂਢੀ ਰਾਜ ਹਰਿਆਣਾ ਨੂੰ ਇਸ ਵਾਰ ਨਿਰਾਸ਼ਾ ਹੱਥ ਲੱਗੀ ਹੈ। ਰੱਖਿਆ ਮੰਤਰਾਲੇ ਨੇ ਹਰਿਆਣਾ ਵਲੋਂ ਭੇਜੀ ਗਈ ਰਾਖੀਗੜ੍ਹੀ (ਸਿੰਧੂ ਘਾਟੀ ਸਭਿਅਤਾ) ਦੀ ਥੀਮ ਵਾਲੀ ਝਾਕੀ ਦੇ ਪ੍ਰਸਤਾਵ ਨੂੰ ਰੱਦ ਕਰ ਦਿੱਤਾ ਹੈ ਹਾਲਾਂਕਿ ਹਿਮਾਚਲ ਪ੍ਰਦੇਸ਼ ਲਈ ਖੁਸ਼ੀ ਦੀ ਖ਼ਬਰ ਹੈ ਕਿਉਂਕਿ ਪੰਜ ਸਾਲਾਂ ਦੇ ਲੰਬੇ ਅੰਤਰਾਲ ਤੋਂ ਬਾਅਦ ਰਾਜ ਦੀ ਝਾਕੀ ਨੂੰ ਪਰੇਡ 'ਚ ਸ਼ਾਮਿਲ ਕੀਤਾ ਗਿਆ ਹੈ।

**ਰੋਟੇਸ਼ਨ ਨੀਤੀ ਤਹਿਤ ਹੋਇਆ ਚੋਣ:** ਰੱਖਿਆ ਮੰਤਰਾਲੇ ਨੇ ਇਸ ਵਾਰ 17 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀਆਂ ਝਾਕੀਆਂ ਨੂੰ ਮਨਜ਼ੂਰੀ ਦਿੱਤੀ ਹੈ। ਅਧਿਕਾਰੀਆਂ ਅਨੁਸਾਰ ਇਹ ਚੋਣ ਰੋਟੇਸ਼ਨ ਪੀਰੀਅਡ ਤਹਿਤ ਕੀਤੀ ਗਈ ਹੈ ਤਾਂ ਜੋ ਸਾਰੇ ਰਾਜਾਂ ਨੂੰ ਆਪਣੀ ਵਿਰਾਸਤ ਦਿਖਾਉਣ ਦਾ ਮੌਕਾ ਮਿਲ ਸਕੇ।

# ਲੰਡਨ ਤੋਂ ਅਮੀਰਾਂ ਦਾ ਪਲਾਇਨ



**ਲੰਡਨ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਬ੍ਰਿਟੇਨ ਨੇ 200 ਸਾਲ ਤੋਂ ਵੀ ਵੱਧ ਪੁਰਾਣੇ ਟੈਕਸ ਨਿਯਮ ਨੌਨ-ਡੌਮ ਨੂੰ ਇਸੇ ਸਾਲ ਅਪ੍ਰੈਲ 'ਚ ਖ਼ਤਮ ਕਰ ਦਿੱਤਾ ਹੈ। ਇਸ ਤੋਂ ਬਾਅਦ ਲੰਡਨ ਦਾ ਰੀਅਲ ਐਸਟੇਟ ਨਕਸ਼ਾ ਤੇਜ਼ੀ ਨਾਲ ਬਦਲ ਰਿਹਾ ਹੈ। ਵਿਦੇਸ਼ੀ ਮੂਲ ਦੇ ਕਈ ਸੁਪਰ-ਰਿਚ (ਬਹੁਤ ਅਮੀਰ) ਹੁਣ ਬ੍ਰਿਟੇਨ ਛੱਡ ਰਹੇ ਹਨ। ਟੈਕਸ ਤੋਂ ਬਚਣ ਲਈ ਇਹ ਅਮੀਰ ਆਪਣੀਆਂ ਕਰੋੜਾਂ ਦੀਆਂ ਕੋਠੀਆਂ ਵੇਚ ਕੇ ਦੁਬਈ, ਅਬੂਧਾਬੀ, ਮਿਲਾਨ, ਮੋਨੈਕੋ ਅਤੇ ਜਨੇਵਾ ਵਰਗੇ ਟੈਕਸ-ਫ੍ਰੈਂਡਲੀ ਸ਼ਹਿਰਾਂ ਦਾ ਰੁਖ਼ ਕਰ ਰਹੇ ਹਨ।

ਦੂਜੇ ਪਾਸੇ ਲੰਡਨ 'ਚ ਲਗਾਤਾਰ ਖ਼ਾਲੀ ਹੋ ਰਹੀਆਂ ਮਹਿੰਗੀਆਂ ਕੋਠੀਆਂ ਅਤੇ ਲੱਗਜ਼ਰੀ ਬੰਗਲਿਆਂ ਦੇ ਨਵੇਂ ਖ਼ਰੀਦਦਾਰਾਂ ਦੀ ਸੂਚੀ 'ਚ ਭਾਰਤੀ ਅਤੇ ਪਾਕਿਸਤਾਨੀ ਮੂਲ ਦੇ ਰਈਸ ਸਭ ਤੋਂ ਉੱਪਰ ਹਨ। ਇਨ੍ਹਾਂ ਤੋਂ ਇਲਾਵਾ ਅਰਬ ਦੇਸ਼ਾਂ, ਅਮਰੀਕਾ, ਚੀਨ, ਯਮਨ ਅਤੇ ਲਿਬਨਾਨ ਦੇ ਕਰੋੜਪਤੀ ਵੀ ਇਨ੍ਹਾਂ ਜਾਇਦਾਦਾਂ ਨੂੰ ਖ਼ਰੀਦਣ ਲਈ ਅੱਗੇ ਆ ਰਹੇ ਹਨ। ਇੱਕ ਰਿਪੋਰਟ ਮੁਤਾਬਿਕ ਸਾਲ 2025 'ਚ ਕਰੀਬ 181 ਕਰੋੜ ਰੁਪਏ ਜਾਂ ਇਸ ਤੋਂ ਵੱਧ ਕੀਮਤ ਵਾਲੇ 65 ਫ਼ੀਸਦੀ ਬੰਗਲੇ ਉਨ੍ਹਾਂ ਨੌਨ-ਡੋਮਜ਼ ਨੇ ਵੇਚੇ ਹਨ ਜੋ ਟੈਕਸ ਨਿਯਮਾਂ ਕਾਰਨ ਦੇਸ਼ ਛੱਡ ਰਹੇ ਹਨ।

ਭਾਰਤੀ ਮੂਲ ਦੇ ਅਰਬਪਤੀ ਅਮਰਵੀਰ ਸਿੰਘ ਪੰਨੂ ਨੇ ਲੰਡਨ ਦੇ ਪੌਸ਼ ਇਲਾਕੇ ਹੈਂਪਸਟੇਡ 'ਚ 16.4 ਮਿਲੀਅਨ ਪਾਊਂਡ (ਕਰੀਬ 172 ਕਰੋੜ ਰੁਪਏ) ਦੀ ਇੱਕ ਕੋਠੀ ਖ਼ਰੀਦੀ ਹੈ। ਪੰਨੂ ਇਸ ਕੋਠੀ ਨੂੰ 50 ਲਗਯਰੀ ਅਪਾਰਟਮੈਂਟਸ 'ਚ ਤਬਦੀਲ ਕਰਨ ਦੀ ਯੋਜਨਾ ਬਣਾ ਰਹੇ ਹਨ।

ਉੱਥੇ ਹੀ ਟੈਕਸ ਕਾਨੂੰਨਾਂ 'ਚ ਬਦਲਾਅ ਤੋਂ ਬਾਅਦ ਪਿਛਲੇ ਮਹੀਨੇ ਭਾਰਤੀ ਮੂਲ ਦੇ ਸਟੀਲ ਕਾਰੋਬਾਰੀ ਲਕਸ਼ਮੀ ਮਿੱਤਲ ਨੇ ਆਪਣਾ ਟੈਕਸ ਰੈਜ਼ੀਡੈਂਸ ਬ੍ਰਿਟੇਨ ਤੋਂ ਹਟਾ ਕੇ ਸਵਿਟਜ਼ਰਲੈਂਡ ਸ਼ਿਫ਼ਟ ਕਰ ਲਿਆ ਹੈ। ਮਿੱਤਲ ਬ੍ਰਿਟੇਨ ਦੇ ਅਠਵੇਂ ਸਭ ਤੋਂ ਅਮੀਰ ਵਿਅਕਤੀ ਰਹੇ ਹਨ, ਅਤੇ ਉਨ੍ਹਾਂ ਦੀ ਕੁੱਲ ਸੰਪਤੀ ਤਕਰੀਬਨ 1.8 ਲੱਖ ਕਰੋੜ ਰੁਪਏ ਹੈ।

ਰਿਪੋਰਟਾਂ 'ਚ ਖ਼ਦਸ਼ਾ ਜਤਾਇਆ ਗਿਆ ਹੈ ਕਿ ਬੇਲਗ੍ਰੇਵੀਆ ਅਤੇ ਮੇਫ਼ੇਅਰ ਵਰਗੇ ਮਹਿੰਗੇ ਇਲਾਕਿਆਂ 'ਚ ਘਰ ਖ਼ਾਲੀ ਰਹਿਣ ਦਾ ਖ਼ਤਰਾ ਵੱਧ ਸਕਦਾ ਹੈ ਕਿਉਂਕਿ ਨਵੇਂ ਖ਼ਰੀਦਦਾਰ ਇੱਥੇ ਸਾਲ ਦਾ ਬਹੁਤਾ ਸਮਾਂ ਨਹੀਂ ਰਹਿਣਗੇ। ਮਿੱਤਲ ਵਰਗੇ ਉਦਯੋਗਪਤੀ ਨਾ ਸਿਰਫ਼ ਵੱਡਾ ਟੈਕਸ ਦਿੰਦੇ ਸਗੋਂ ਰੁਜ਼ਗਾਰ ਅਤੇ ਨਿਵੇਸ਼ ਵੀ ਲਿਆਉਂਦੇ ਹਨ। ਆਲੋਚਕਾਂ ਦੀ ਚਿਤਾਵਨੀ ਹੈ ਕਿ ਜੇਕਰ ਪੂੰਜੀ ਅਤੇ ਨਿਵੇਸ਼ ਬਾਹਰ ਚਲਾ ਗਿਆ ਤਾਂ ਬ੍ਰਿਟੇਨ ਦੀ ਆਰਥਿਕਤਾ ਨੂੰ ਵੱਡਾ ਝਟਕਾ ਲੱਗ ਸਕਦਾ ਹੈ।

# ਕੈਨੇਡਾ 'ਚ ਦੋ ਪੰਜਾਬੀ ਲੜਕੇ ਅਤੇ ਇੱਕ ਲੜਕੀ ਗ੍ਰਿਫ਼ਤਾਰ

**ਬਰੈਂਪਟਨ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਬਰੈਂਪਟਨ 'ਚ ਪੁਲੀਸ ਨੇ ਵਾਹਨ ਚੋਰੀ ਕਰਨ ਵਾਲੇ ਇੱਕ ਨੈੱਟਵਰਕ ਦਾ ਪਰਦਾਫ਼ਾਸ਼ ਕਰਦਿਆਂ ਭਾਰਤੀ ਮੂਲ ਦੇ ਤਿੰਨ ਕੈਨੇਡੀਅਨ ਪੰਜਾਬੀ ਨਾਗਰਿਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਕਾਰਵਾਈ ਦੌਰਾਨ ਚੋਰੀ ਕੀਤੇ ਗਏ ਤਿੰਨ ਵਾਹਨ ਵੀ ਬਰਾਮਦ ਕੀਤੇ ਗਏ ਹਨ। ਜਾਣਕਾਰੀ ਅਨੁਸਾਰ ਗ੍ਰਿਫ਼ਤਾਰ ਕੀਤੇ ਗਏ ਤਿੰਨ ਨੌਜਵਾਨਾਂ 'ਚ ਦੋ ਲੜਕੇ ਅਤੇ ਇੱਕ ਲੜਕੀ ਸ਼ਾਮਿਲ ਹੈ ਜਿਨ੍ਹਾਂ ਦੀ ਪਛਾਣ ਅੰਮ੍ਰਿਤਪਾਲ ਖੱਟੜਾ (28 ਸਾਲ), ਗੁਰਤਾਸ ਭੁੱਲਰ (33 ਸਾਲ) ਅਤੇ ਮਨਦੀਪ ਕੌਰ (32 ਸਾਲ) ਵਜੋਂ ਹੋਈ ਹੈ। ਇਹ ਮਾਮਲਾ ਦਸੰਬਰ 2025 'ਚ ਸ਼ੁਰੂ ਹੋਈ ਇੱਕ ਵਿਸ਼ੇਸ਼ ਜਾਂਚ ਦਾ ਨਤੀਜਾ ਹੈ ਜੋ ਕਿ ਵਾਹਨਾਂ ਅਤੇ ਟ੍ਰੈਕਟਰ-ਟ੍ਰੇਲਰਾਂ ਦੀ ਚੋਰੀ ਦੇ ਨਾਲ-ਨਾਲ ਵਾਹਨਾਂ ਨਾਲ ਸਬੰਧਤ



ਧੋਖਾਧੜੀ ਕਰਨ ਵਾਲੇ ਇੱਕ ਗਿਰੋਹ 'ਤੇ ਕੇਂਦ੍ਰਿਤ ਸੀ। 8 ਜਨਵਰੀ 2026 ਨੂੰ ਪੁਲੀਸ ਨੇ ਬਰੈਂਪਟਨ 'ਚ ਇੱਕ ਘਰ ਦੀ ਤਲਾਸ਼ੀ ਲਈ ਜਿੱਥੋਂ ਚੋਰੀ ਦੇ ਤਿੰਨ ਵਾਹਨ ਮਿਲੇ ਜਿਨ੍ਹਾਂ 'ਤੇ ਜਾਅਲੀ ਓਨਟੈਰੀਓ ਲਾਇਸੈਂਸ ਪਲੇਟਾਂ ਲੱਗੀਆਂ ਹੋਈਆਂ ਸਨ।

ਇਸ ਮਾਮਲੇ 'ਚ ਅੰਮ੍ਰਿਤਪਾਲ ਖੱਟੜਾ ਅਤੇ ਗੁਰਤਾਸ ਭੁੱਲਰ 'ਤੇ ਵਾਹਨ ਚੋਰੀ ਦੀ ਕੋਸ਼ਿਸ਼, ਚੋਰੀ ਦਾ ਸਾਮਾਨ ਰੱਖਣ, ਚੋਰੀ ਦੇ ਔਜ਼ਾਰ ਰੱਖਣ ਅਤੇ ਅਦਾਲਤ ਵਲੋਂ ਪਹਿਲਾਂ ਜਾਰੀ ਕੀਤੇ ਗਏ ਰਿਹਾਈ ਹੁਕਮਾਂ ਦੀ ਉਲੰਘਣਾ ਕਰਨ ਸਣੇ ਕਈ ਦੋਸ਼ ਲਗਾਏ ਗਏ ਹਨ। ਪੁਲੀਸ ਨੇ ਦੱਸਿਆ ਕਿ ਗ੍ਰਿਫ਼ਤਾਰੀ ਦੇ ਸਮੇਂ ਇਹ ਦੋਵੇਂ ਪਹਿਲਾਂ ਹੀ ਹੋਰ ਅਪਰਾਧਾਂ ਦੇ ਸਬੰਧ 'ਚ ਜ਼ਮਾਨਤ 'ਤੇ ਸਨ ਜਦ ਕਿ ਮਨਦੀਪ ਕੌਰ 'ਤੇ ਚੋਰੀ ਦਾ ਸਾਮਾਨ ਰੱਖਣ ਅਤੇ ਜਾਅਲੀ ਪਲੇਟਾਂ ਰੱਖਣ ਦੇ ਦੋਸ਼ ਲਾਏ ਗਏ ਹਨ। ਫ਼ਿਲਹਾਲ ਖੱਟੜਾ ਅਤੇ ਭੁੱਲਰ ਨੂੰ ਜ਼ਮਾਨਤ ਦੀ ਸੁਣਵਾਈ ਤਕ ਹਿਰਾਸਤ 'ਚ ਰੱਖਿਆ ਗਿਐ ਜਦੋਂ ਕਿ ਮਨਦੀਪ ਕੌਰ ਨੂੰ ਕੁੱਝ ਸ਼ਰਤਾਂ ਦੇ ਆਧਾਰ 'ਤੇ ਰਿਹਾਅ ਕਰ ਦਿੱਤਾ ਗਿਆ ਹੈ। ਪੁਲੀਸ ਇਸ ਨੈੱਟਵਰਕ ਨਾਲ ਜੁੜੇ ਹੋਰ ਪਹਿਲੂਆਂ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ।

# ਦੁਨੀਆਂ ਤੋਂ ਜਾਂਦਿਆਂ ਵੀ ਤਿੰਨ ਲੋਕਾਂ ਨੂੰ ਦਿੱਤੀ ਜ਼ਿੰਦਗੀ

**ਚੰਡੀਗੜ੍ਹ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿੱਥੇ ਭਿਆਨਕ ਸੜਕ ਹਾਦਸੇ 'ਚ ਇੱਕ ਨੌਜਵਾਨ ਦੀ ਮੌਤ ਨੇ ਇੱਕ ਪਰਿਵਾਰ ਨੂੰ ਡੂੰਘੇ ਦੁੱਖ 'ਚ ਡੁੱਬੋ ਦਿੱਤਾ, ਉੱਥੇ ਹੀ ਉਸ ਦੀ ਪਤਨੀ ਦੇ ਉਸੇ ਪਲ ਆਪਣੇ ਪਤੀ ਦੇ ਅੰਗਦਾਨ ਕਰਨ ਦੇ ਫ਼ੈਸਲੇ ਨੇ ਤਿੰਨ ਅਣਜਾਣ ਜ਼ਿੰਦਗੀਆਂ ਨੂੰ ਨਵੀਂ ਜ਼ਿੰਦਗੀ ਦਿੱਤੀ। ਸਾਲ 2026 ਦਾ ਪਹਿਲਾ ਮ੍ਰਿਤਕ ਅੰਗਦਾਨ PGI ਵਿਖੇ ਸਫ਼ਲਤਾ ਪੂਰਵਕ ਪੂਰਾ ਹੋਇਆ ਜਿਸ ਨਾਲ ਤਿੰਨ ਗੰਭੀਰ ਬੀਮਾਰ ਮਰੀਜ਼ਾਂ ਨੂੰ ਨਵੀਂ ਜ਼ਿੰਦਗੀ ਮਿਲੀ। 40 ਸਾਲਾ ਹਰਪਿੰਦਰ ਸਿੰਘ ਇੱਕ ਸੜਕ ਹਾਦਸੇ 'ਚ ਗੰਭੀਰ ਜ਼ਖਮੀ ਹੋ ਗਿਆ ਸੀ। ਦੋਪਹੀਆ ਵਾਹਨ ਚਲਾਉਂਦੇ ਸਮੇਂ ਹਾਦਸੇ ਤੋਂ ਬਾਅਦ ਉਸ ਨੂੰ 6 ਜਨਵਰੀ ਨੂੰ PGI 'ਚ ਦਾਖ਼ਲ ਕਰਵਾਇਆ ਗਿਆ ਸੀ। ਸਿਰ 'ਚ ਗੰਭੀਰ ਸੱਟਾਂ ਲੱਗਣ ਕਾਰਨ ਉਸ ਨੂੰ ਤੁਰੰਤ ਵੈਂਟੀਲੇਟਰ 'ਤੇ ਰੱਖਿਆ ਗਿਆ ਸੀ।

ਡਾਕਟਰਾਂ ਦੀਆਂ ਪੂਰੀਆਂ ਕੋਸ਼ਿਸ਼ਾਂ ਤੇ ਉੱਨਤ ਇਲਾਜ ਦੇ ਬਾਵਜੂਦ ਉਸਦੀ ਹਾਲਤ ਵਿਗੜਦੀ ਰਹੀ। 9 ਜਨਵਰੀ ਨੂੰ ਉਸ ਨੂੰ ਬ੍ਰੇਨ ਸਟੈਮ (ਦਿਮਾਗ਼ ਦੇ ਹੇਠਲੇ ਹਿੱਸੇ 'ਚ) ਮ੍ਰਿਤਕ ਐਲਾਨ ਦਿੱਤਾ ਗਿਆ। ਇਸ ਮੌਕੇ ਹਰਪਿੰਦਰ ਦੀ ਪਤਨੀ ਨੀਤੂ ਕੁਮਾਰੀ ਨੇ ਕਿਹਾ ਕਿ ਕੋਈ ਵੀ ਮੇਰੇ ਪਤੀ ਦੀ ਥਾਂ ਨਹੀਂ ਲੈ ਸਕਦਾ, ਪਰ ਇਹ ਜਾਣ ਕੇ ਦਿਲਾਸਾ ਮਿਲਦਾ ਹੈ ਕਿ ਉਸ ਦਾ ਇੱਕ ਹਿੱਸਾ ਕਿਸੇ ਹੋਰ ਨੂੰ ਸਾਹ ਲੈਣ ਅਤੇ ਜਿਊਣ ਦਾ ਮੌਕਾ ਦੇ ਰਿਹਾ ਹੈ। ਜੇਕਰ ਉਸ ਦੇ ਜਾਣ ਨਾਲ ਕਿਸੇ ਦੀ ਜਾਨ ਬਚ ਸਕਦੀ ਹੈ ਤਾਂ ਉਸ ਦੀ ਯਾਤਰਾ ਇੱਥੇ ਖ਼ਤਮ ਨਹੀਂ ਹੁੰਦੀ। ਇਸ ਮੌਕੇ 'ਤੇ PGI ਦੇ ਡਾਇਰੈਕਟਰ ਪ੍ਰੋ. ਵਿਵੇਕ ਲਾਲ ਨੇ ਕਿਹਾ ਕਿ 2026 ਦਾ ਪਹਿਲਾ ਮ੍ਰਿਤਕ ਅੰਗਦਾਨ ਇਹ ਸਾਬਿਤ ਕਰਦਾ ਹੈ ਕਿ ਡੂੰਘਾ ਦੁੱਖ ਵੀ ਦਇਆ ਅਤੇ ਮਨੁੱਖਤਾ ਨੂੰ ਜਨਮ ਦੇ ਸਕਦਾ ਹੈ।

ਇਸ ਅਤਿ ਦੁਖਦਾਈ ਸਮੇਂ 'ਚ ਵੀ ਪਰਿਵਾਰ ਨੇ ਮਨੁੱਖਤਾ ਦਾ ਬੇਮਿਸਾਲ ਜਜ਼ਬਾ ਦਿਖਾਉਂਦੀਆਂ ਅੰਗਦਾਨ ਦਾ ਫ਼ੈਸਲਾ ਕੀਤਾ। ਹਰਪਿੰਦਰ ਸਿੰਘ ਦੇ ਦੋਵੇਂ ਗੁਰਦੇ PGI 'ਚ ਹੀ ਦੋ ਮਰੀਜ਼ਾਂ ਨੂੰ ਟਰਾਂਸਪਲਾਂਟ ਕੀਤੇ ਗਏ। ਫ਼ੇਫੜਿਆਂ ਦੇ ਟਰਾਂਸਪਲਾਂਟ ਲਈ PGI ਦੀ ਵੇਟਿੰਗ ਲਿਸਟ 'ਚ ਮਰੀਜ਼ ਨਾ ਮਿਲਣ 'ਤੇ ਦੇਸ਼ ਭਰ ਦੇ ਹਸਪਤਾਲਾਂ ਨਾਲ ਸੰਪਰਕ ਕੀਤਾ ਗਿਆ। ਇਸ ਦੌਰਾਨ **Sir HN Reliance Foundation Hospital and Research Centre Mumbai** ਨੇ ਤੁਰੰਤ ਟਰਾਂਸਪਲਾਂਟ ਲਈ ਸਹਿਮਤੀ ਦਿੱਤੀ। ਉਸ ਤੋਂ ਬਾਅਦ ਗਰੀਨ ਕੌਰੀਡੋਰ ਬਣਾ ਕੇ ਫ਼ੇਫੜੇ ਮੁੰਬਈ ਭੇਜੇ ਗਏ ਜਿੱਥੇ ਸਮੇਂ 'ਤੇ ਟਰਾਂਸਪਲਾਂਟ ਕਰ ਕੇ ਮਰੀਜ਼ ਦੀ ਜਾਨ ਬਚਾਈ ਗਈ। ਇਸ ਪੂਰੀ ਪ੍ਰਕਿਰਿਆ ਦੌਰਾਨ ਸਿਹਤ ਵਿਭਾਗ, ਪੁਲੀਸ ਅਤੇ ਏਵੀਏਸ਼ਨ ਖੇਤਰ ਦਰਮਿਆਨ ਸ਼ਾਨਦਾਰ ਕੋ-ਔਰਡੀਨੇਸ਼ਨ ਦੇਖਣ ਨੂੰ ਮਿਲੀ। ਪਰਿਵਾਰ ਦਾ ਅੰਗਦਾਨ ਦਾ ਫ਼ੈਸਲਾ ਤਿੰਨ ਜ਼ਿੰਦਗੀਆਂ ਬਚਾਉਣ ਵਾਲਾ ਮਹਾਨ ਕਦਮ ਰਿਹਾ।

## ਸੰਪਾਦਕੀ

# ਕਿਵੇਂ ਹੱਲ ਹੋਵੇ ਪਾਣੀਆਂ ਦਾ ਮਸਲਾ ?

ਹਰਿਆਣਾ ਸੂਬੇ ਦੇ ਗਠਨ ਤੇ ਪੰਜਾਬੀ ਸੂਬੇ ਦੀ ਸਿਰਜਣਾ ਦੀ 60ਵੀਂ ਵਰ੍ਹੇਗੰਢ ਮਨਾਉਣ ਦਾ ਸਭ ਤੋਂ ਵਧੀਆ ਤਰੀਕਾ ਕੀ ਹੋਵੇਗਾ ? ਮੇਰੇ ਕੋਲ ਇੱਕ ਤਜਵੀਜ਼ ਹੈ। ਇਸ ਇਤਿਹਾਸਕ ਮੌਕੇ ਨੂੰ ਪੰਜਾਬ ਅਤੇ ਹਰਿਆਣਾ ਵਿਚਾਲੇ ਚੱਲ ਰਹੇ ਪਾਣੀ ਦੇ ਵਿਵਾਦ ਨੂੰ ਦੋਸਤਾਨਾ ਢੰਗ ਨਾਲ ਹੱਲ ਕਰਨ ਲਈ ਵਰਤਿਆ ਜਾਵੇ। ਇਹ ਇਨ੍ਹਾਂ ਦੋਵਾਂ ਰਾਜਾਂ ਦੇ ਸਾਂਝੇ ਸੱਭਿਆਚਾਰ ਅਤੇ ਇਤਿਹਾਸ ਨੂੰ ਇੱਕ ਸੱਚੀ ਸ਼ਰਧਾਂਜਲੀ ਹੋਵੇਗੀ। ਇਸ ਨਾਲ ਇਤਿਹਾਸਕ ਕਿਸਾਨ ਸੰਘਰਸ਼ ਦੇ ਗਵਾਹ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਦੀ ਏਕਤਾ ਨੂੰ ਵੀ ਮਜ਼ਬੂਤੀ ਮਿਲੇਗੀ। ਪਹਿਲਾਂ ਹੀ ਕਈ ਸਮਝਦਾਰ ਲੋਕ ਮੇਰੀ ਇਸ ਗੱਲ ਨਾਲ ਸਹਿਮਤੀ ਪ੍ਰਗਟਾ ਚੁੱਕੇ ਹਨ ਪਰ ਨਾਲ ਹੀ ਉਨ੍ਹਾਂ ਦਾ ਸੁਆਲ ਹੈ ਕਿ ਇਹ ਕਿਵੇਂ ਸੰਭਵ ਹੈ ? ਕੀ ਗੱਲ ਕਿਸੇ ਤਣ-ਪੱਤਣ ਲੱਗ ਸਕਦੀ ਹੈ ? ਜੇ ਕਿਸੇ ਇੱਕ ਦਾ ਲਾਭ ਹੋਵੇਗਾ ਤਾਂ ਦੂਜੇ ਦਾ ਨੁਕਸਾਨ ਹੋਣਾ ਲਾਜ਼ਮੀ ਹੈ। ਹਾਰਨ ਲਈ ਕੌਣ ਰਾਜ਼ੀ ਹੋਵੇਗਾ ? ਅਜਿਹਾ ਕਿਹੜਾ ਪ੍ਰਸਤਾਵ ਹੋਵੇਗਾ ਜੋ ਦੋਵੇਂ ਧਿਰਾਂ ਨੂੰ ਮਨਜ਼ੂਰ ਹੋਵੇਗਾ ? ਹਕੀਕਤ ਇਹ ਹੈ ਕਿ ਦੋਵੇਂ ਧਿਰਾਂ 'ਚੋਂ ਕੋਈ ਵੀ ਪਾਣੀ ਦੀ ਇੱਕ ਬੂੰਦ ਛੱਡਣ ਲਈ ਰਾਜ਼ੀ ਨਹੀਂ। ਮੇਰਾ ਮੰਨਣਾ ਹੈ ਕਿ ਇਹ ਪੂਰੀ ਸਚਾਈ ਨਹੀਂ ਹੈ। ਪਿਛਲੇ ਇੱਕ ਦਹਾਕੇ ਦੌਰਾਨ ਮੈਂ ਵਾਰ ਵਾਰ ਤਰਕ ਦਿੱਤਾ ਹੈ ਕਿ ਪੰਜਾਬ-ਹਰਿਆਣਾ ਐੱਸ ਵਾਈ ਐੱਲ ਮੁੱਦੇ ਦਾ ਹੱਲ ਇੰਨਾ ਅਸੰਭਵ ਨਹੀਂ, ਜਿੰਨਾ ਇਸ ਨੂੰ ਬਣਾ ਦਿੱਤਾ ਗਿਆ ਹੈ। ਠੀਕ ਹੈ, ਇਹ ਮੁਸ਼ਕਲ ਹੈ ਜਿਵੇਂ ਕਿ ਸਾਰੇ ਹੀ ਮੁੱਦੇ ਹੁੰਦੇ ਹਨ, ਪਰ ਜੇਕਰ ਅਸੀਂ ਇਸ 'ਤੇ ਸਹੀ ਢੰਗ ਨਾਲ ਸੋਚਾਂਗੇ ਤਾਂ ਇਸ ਦਾ ਹੱਲ ਨਿਕਲ ਸਕਦਾ ਹੈ। ਸਹੀ ਸੋਚ ਲਈ ਕੁਝ ਕੌੜੀਆਂ ਤੇ ਅਸਹਿਜ ਸਚਾਈਆਂ ਨੂੰ ਸਵੀਕਾਰ ਕਰਨ ਦੀ ਲੋੜ ਹੁੰਦੀ ਹੈ। ਪਹਿਲੀ ਗੱਲ, ਇਸ ਮੁੱਦੇ ਦਾ ਹੱਲ ਕੋਈ ਕਾਨੂੰਨ ਬਣਾ ਕੇ ਜਾਂ ਕਿਸੇ ਅਦਾਲਤ ਦੇ ਹੁਕਮ ਨਾਲ ਨਹੀਂ ਸਗੋਂ ਗੱਲਬਾਤ ਰਾਹੀਂ ਹੀ ਨਿਕਲ ਸਕਦਾ ਹੈ। ਇਹ ਗੱਲ ਮੈਂ ਇਸ ਲਈ ਕਹਿ ਰਿਹਾ ਹਾਂ ਕਿਉਂਕਿ ਹਰਿਆਣਾ ਦੇ ਪੱਖ ਵਿੱਚ ਅਦਾਲਤੀ ਹੁਕਮ ਹਨ ਤੇ ਪੰਜਾਬ ਕੋਲ ਕਬਜ਼ਾ। ਕਿਸੇ ਵੀ ਸਮਝਦਾਰ ਕਿਸਾਨ ਨੂੰ ਇਹ ਪਤਾ ਹੁੰਦਾ ਹੈ ਕਿ ਕਬਜ਼ਾ ਅੱਧੀ ਮਾਲਕੀ ਦੇ ਬਰਾਬਰ ਹੁੰਦਾ ਹੈ। ਇਹ ਸਵੀਕਾਰ ਕਰਨ ਦਾ ਸਮਾਂ ਆ ਗਿਆ ਹੈ ਕਿ 25 ਸਾਲ ਪੁਰਾਣਾ ਸੁਪਰੀਮ ਕੋਰਟ ਦਾ ਹੁਕਮ ਪੰਜਾਬ ਵਰਗੇ ਸਰਹੱਦੀ ਸੂਬੇ ਦੇ ਲੋਕਾਂ 'ਤੇ ਥੋਪਿਆ ਨਹੀਂ ਜਾ ਸਕਦਾ। ਇਸ ਨੁਕਤੇ ਦਾ ਦੂਜਾ ਪੱਖ ਇਹ ਮੰਨਣਾ ਹੈ ਕਿ ਪੰਜਾਬ ਰਾਜ ਸਿਰਫ਼ ਕਾਨੂੰਨੀ ਤੌਰ 'ਤੇ ਬੰਧੇਜਕਾਰੀ ਸਮਝੌਤਿਆਂ ਨੂੰ ਰੱਦ ਨਹੀਂ ਕਰ ਸਕਦਾ ਤੇ ਨਾ ਹੀ ਐੱਸ ਵਾਈ ਐੱਲ ਨਹਿਰ ਲਈ ਪ੍ਰਾਪਤ ਕੀਤੀ ਜ਼ਮੀਨ ਦੇ ਅਮਲ ਨੂੰ ਉਲਟਾ ਨਹੀਂ ਸਕਦਾ। ਦੋਵੇਂ ਧਿਰਾਂ ਦੇ ਅਜਿਹੇ ਕਾਨੂੰਨੀ ਦਾਅ-ਪੇਚ ਗੁਆਂਢੀ ਸੂਬਿਆਂ ਪੰਜਾਬ ਅਤੇ ਹਰਿਆਣੇ ਦੇ ਦਿਲਾਂ ਵਿੱਚ ਬੇਭਰੋਸਗੀ ਦੇ ਬੀਜ ਬੀਜਣ ਦਾ ਕੰਮ ਕਰਨਗੀਆਂ। ਤੁਸੀਂ ਸਭ ਕੁਝ ਬਦਲ ਸਕਦੇ ਹੋ, ਪਰ ਆਪਣੇ ਮਾਤਾ-ਪਿਤਾ ਤੇ ਆਪਣੇ ਗੁਆਂਢ ਨੂੰ ਨਹੀਂ ਬਦਲ ਸਕਦੇ। ਦੂਜਾ ਕੌੜਾ ਸੱਚ ਇਹ ਹੈ ਕਿ ਦੋਵੇਂ ਸੂਬਿਆਂ ਦੇ ਸਿਆਸਤਦਾਨਾਂ ਨੇ ਨਿਹਾਇਤ ਗ਼ੈਰਜ਼ਿੰਮੇਵਾਰਾਨਾ ਰਵੱਈਆ ਅਖ਼ਤਿਆਰ ਕਰਦੇ ਹੋਏ ਇਸ ਮੁੱਦੇ ਨੂੰ ਸਿਰਫ਼ ਵਿਗਾੜਿਆ ਹੈ। ਇਹ ਗੱਲ ਸਹਿਜੇ ਹੀ ਸਮਝੀ ਜਾ ਸਕਦੀ ਹੈ ਕਿ ਪੰਜਾਬ ਅਤੇ ਹਰਿਆਣਾ ਦੀਆਂ ਸਿਆਸੀ ਪਾਰਟੀਆਂ ਅਕਾਲੀ ਦਲ ਤੇ ਇੰਡੀਅਨ ਨੈਸ਼ਨਲ ਲੋਕ ਦਲ ਨੇ ਆਪਣੇ ਫਾਇਦਿਆਂ ਲਈ ਇਸ ਮੁੱਦੇ ਨੂੰ ਉਲਝਾਈ ਰੱਖਿਆ ਹੈ, ਜਦਕਿ ਨਿੱਜੀ ਪੱਧਰ 'ਤੇ ਦੋਵੇਂ ਪਾਰਟੀਆਂ ਦੇ ਲੀਡਰਾਂ ਦੇ ਸਬੰਧ ਕਾਫ਼ੀ ਨਿੱਘੇ ਰਹੇ ਹਨ। ਪਰ ਸਭ ਤੋਂ ਹੈਰਾਨ ਕਰਨ ਵਾਲਾ ਰਵੱਈਆ ਕੌਮੀ ਸਿਆਸੀ ਪਾਰਟੀਆਂ ਦਾ ਹੈ, ਜਿਨ੍ਹਾਂ ਕੌਮੀ ਹਿੱਤ ਨੂੰ ਪੂਰੀ ਤਰ੍ਹਾਂ ਅਣਡਿੱਠ ਕੀਤਾ ਹੈ।ਪਹਿਲਾਂ ਕਾਂਗਰਸ, ਫਿਰ ਭਾਜਪਾ ਤੇ ਹੁਣ ਆਮ ਆਦਮੀ ਪਾਰਟੀ- ਸਭ ਨੇ ਸਿਆਸੀ ਦੋਗਲੇਪਨ ਨੂੰ ਅਪਣਾਇਆ ਹੈ। ਇਨ੍ਹਾਂ ਪਾਰਟੀਆਂ ਦੀਆਂ ਪੰਜਾਬ ਤੇ ਹਰਿਆਣਾ ਇਕਾਈਆਂ ਇੱਕ ਦੂਜੇ ਦੇ ਬਿਲਕੁਲ ਉਲਟ ਫ਼ੈਸਲੇ ਲੈਂਦੀਆਂ ਰਹੀਆਂ ਹਨ, ਜਦਕਿ ਕੌਮੀ ਲੀਡਰਸ਼ਿਪ ਮੂਕ ਦਰਸ਼ਕ ਬਣ ਕੇ ਦੇਖਦੀ ਰਹੀ ਹੈ।ਅਖੀਰ ਵਾਤਾਵਰਨ ਪੱਖੋਂ ਇੱਕ ਅਸਹਿਜ ਹਕੀਕਤ ਇਹ ਹੈ ਕਿ ਪੰਜਾਬ ਅਤੇ ਹਰਿਆਣਾ ਦੋਵੇਂ ਹੀ ਆਪਣੀਆਂ ਪਾਣੀ ਦੀਆਂ ਲੋੜਾਂ ਨੂੰ ਵਧਾ-ਚੜ੍ਹਾਅ ਕੇ ਦੱਸਣ ਦੇ ਦੋਸ਼ੀ ਹਨ। ਹਰੀ ਕ੍ਰਾਂਤੀ ਨੇ ਦੋਵੇਂ ਰਾਜਾਂ ਦੇ ਕਿਸਾਨਾਂ 'ਤੇ ਝੋਨੇ ਅਤੇ ਕਣਕ ਵਰਗੀਆਂ ਪਾਣੀ ਦੀ ਜ਼ਿਆਦਾ ਖਪਤ ਕਰਨ ਵਾਲੀਆਂ ਫ਼ਸਲਾਂ ਬੀਜਣ ਲਈ ਦਬਾਅ ਪਾਇਆ, ਜੋ ਇਸ ਖੇਤਰ ਦੀ ਜਲਵਾਯੂ ਅਤੇ ਮਿੱਟੀ ਦੇ ਅਨੁਕੂਲ ਵੀ ਨਹੀਂ ਸਨ। ਕਿਸਾਨਾਂ ਨੂੰ ਫ਼ਸਲੀ ਵਿਭਿੰਨਤਾ ਨਾ ਅਪਣਾਉਣ ਲਈ ਦੋਸ਼ੀ ਠਹਿਰਾਉਣਾ ਜਾਂ ਉਨ੍ਹਾਂ ਵੱਲੋਂ ਫ਼ਸਲੀ ਵਿਭਿੰਨਤਾ ਅਪਣਾਉਣ ਦੀ ਉਮੀਦ ਕਰਨਾ ਫਜ਼ੂਲ ਹੈ। ਇਸ ਦੇ ਲਈ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਇਹ ਭਰੋਸਾ ਦੁਆਇਆ ਜਾਵੇ ਕਿ ਜੇਕਰ ਉਹ ਫ਼ਸਲੀ ਵਿਭਿੰਨਤਾ ਅਪਣਾਉਣਗੇ ਤਾਂ ਉਨ੍ਹਾਂ ਫ਼ਸਲਾਂ ਦਾ ਲਾਹੇਵੰਦ ਭਾਅ ਯਕੀਨੀ ਬਣਾਇਆ ਜਾਵੇਗਾ। ਇੱਕ ਯਥਾਰਥਵਾਦੀ ਹੱਲ ਸਾਰੀਆਂ ਧਿਰਾਂ ਦੇ ਅਸਲ ਮੁੱਦਿਆਂ ਨੂੰ ਸਮਝਦੇ ਹੋਏ ਹੀ ਕੱਢਿਆ ਜਾ ਸਕਦਾ ਹੈ। ਪੰਜਾਬ ਦੇ ਕਿਸਾਨ, ਖਾਸ ਤੌਰ 'ਤੇ ਮਾਲਵਾ ਖੇਤਰ ਦੇ ਕਿਸਾਨਾਂ ਨੂੰ ਇਹ ਫ਼ਿਕਰ ਵੱਢ ਵੱਢ ਖਾ ਰਿਹਾ ਹੈ ਕਿ ਜਿਸ ਪਾਣੀ ਨਾਲ ਉਹ ਪਿਛਲੇ ਕਈ ਦਹਾਕਿਆਂ ਤੋਂ ਸਿੰਜਾਈ ਕਰਦੇ ਆ ਰਹੇ ਹਨ, ਉਹ ਹੁਣ ਹੌਲੀ ਹੌਲੀ ਘਟ ਰਿਹਾ ਹੈ। ਇਸੇ ਤਰ੍ਹਾਂ, ਉੱਤਰੀ ਰਾਜਸਥਾਨ ਵਿੱਚ ਹਰੀ ਕ੍ਰਾਂਤੀ ਵਾਲਾ ਖੇਤਰ ਸਿੰਜਾਈ ਲਈ ਪੂਰੀ ਤਰ੍ਹਾਂ ਰਾਵੀ-ਬਿਆਸ ਦੇ ਪਾਣੀ 'ਤੇ ਨਿਰਭਰ ਹੈ। ਇਹ ਸਾਰੀਆਂ ਗੱਲਾਂ ਧਿਆਨ ਵਿੱਚ ਰੱਖਣੀਆਂ ਬਹੁਤ ਜ਼ਰੂਰੀ ਹਨ। ਨਾਲ ਹੀ ਇਹ ਗੱਲ ਵੀ ਸਮਝਣੀ ਜ਼ਰੂਰੀ ਹੈ ਕਿ ਦੱਖਣੀ ਹਰਿਆਣਾ ਦੇ ਕਿਸਾਨ ਖੇਤੀ ਲਈ ਅੱਜ ਵੀ ਸਿਰਫ਼ ਮੀਂਹ 'ਤੇ ਨਿਰਭਰ ਹਨ ਤੇ ਉਨ੍ਹਾਂ ਨੂੰ ਸਿੰਜਾਈ ਲਈ ਨਹਿਰ ਦੀ ਸਖ਼ਤ ਲੋੜ ਹੈ। ਇਸ ਖੇਤਰ ਦੇ ਕੁੱਝ ਹਿੱਸਿਆਂ ਵਿੱਚ ਪੀਣ ਵਾਲੇ ਪਾਣੀ ਦਾ ਵੀ ਸੰਕਟ ਹੈ ਜਿਸ ਵੱਲ ਧਿਆਨ ਦੇਣ ਦੀ ਲੋੜ ਹੈ। ਖੁਸ਼ਕਿਸਮਤੀ ਨਾਲ, ਇਹ ਮੁੱਦਾ ਓਨਾ ਔਖਾ ਨਹੀਂ ਹੈ, ਜਿੰਨਾ ਇਸ ਨੂੰ ਬਣਾ ਦਿੱਤਾ ਗਿਆ ਹੈ। ਸਤਲੁਜ ਦੇ ਪਾਣੀਆਂ, ਜੋ ਤਕਰੀਬਨ 14.01 ਮਿਲੀਅਨ ਏਕੜ ਫੁੱਟ (ਐੱਮ ਏ ਐੱਫ) ਹੈ, ਦੀ ਅੰਦਰੂਨੀ ਵੰਡ ਬਾਰੇ ਕੋਈ ਵਿਵਾਦ ਨਹੀਂ ਹੈ। ਮੂਲ ਸਮਝੌਤੇ ਅਨੁਸਾਰ ਪੰਜਾਬ ਨੂੰ 8.15 ਐੱਮ ਏ ਐੱਫ ਪਾਣੀ ਮਿਲਦਾ ਹੈ, ਜਦਕਿ 4.4 ਐੱਮ ਏ ਐੱਫ ਹਰਿਆਣਾ ਨੂੰ ਤੇ 1.46 ਐੱਮ ਏ ਐੱਫ ਰਾਜਸਥਾਨ ਨੂੰ ਜਾਂਦਾ ਹੈ। ਵਿਵਾਦ ਬਾਕੀ ਅੱਧੇ ਹਿੱਸੇ, ਯਾਨੀ ਰਾਵੀ ਅਤੇ ਬਿਆਸ ਦੇ ਪਾਣੀਆਂ ਦੀ ਵੰਡ ਬਾਰੇ ਹੈ, ਜੋ 15.9 ਅਤੇ 18.3 ਐੱਮ ਏ ਐੱਫ ਦੇ ਵਿਚਕਾਰ ਹੋਣ ਦਾ ਅਨੁਮਾਨ ਹੈ। ਇੱਥੇ, ਪੰਜਾਬ ਦਾ ਹਿੱਸਾ ਪਹਿਲਾਂ 1976 ਵਿੱਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੁਆਰਾ ਕਰਵਾਏ ਗਏ ਇੱਕ ਗ਼ੈਰ-ਮੁਨਾਸਿਬ ਸਮਝੌਤੇ ਅਨੁਸਾਰ 22 ਫ਼ੀਸਦ ਨਿਰਧਾਰਤ ਕੀਤਾ ਗਿਆ ਸੀ। ਬਾਅਦ ਵਿੱਚ 1981 'ਚ ਸਾਰੇ ਮੁੱਖ ਮੰਤਰੀਆਂ ਦੀ ਆਪਸੀ ਸਹਿਮਤੀ ਨਾਲ ਇਸ ਨੂੰ 25 ਫ਼ੀਸਦ ਅਤੇ ਫਿਰ 1987 ਵਿੱਚ ਇਰਾਡੀ ਕਮਿਸ਼ਨ ਵੱਲੋਂ 28 ਫ਼ੀਸਦ ਤੈਅ ਕੀਤਾ ਗਿਆ ਸੀ। ਵਿਵਾਦ ਵੱਧ ਤੋਂ ਵੱਧ, ਲਗਪਗ ਇੱਕ ਐੱਮ ਏ ਐੱਫ ਪਾਣੀ ਦਾ ਹੈ, ਜੋ ਸਤਲੁਜ-ਰਾਵੀ-ਬਿਆਸ ਦੇ ਸਾਂਝੇ ਪਾਣੀਆਂ ਦਾ ਲਗਪਗ 3 ਫ਼ੀਸਦ ਬਣਦਾ ਹੈ। ਪਹਿਲਾ, ਰਾਵੀ ਅਤੇ ਬਿਆਸ ਵਾਟਰਜ਼ ਟ੍ਰਿਬਿਊਨਲ (ਪਹਿਲਾਂ ਇਰਾਡੀ ਟ੍ਰਿਬਿਊਨਲ) ਨੂੰ ਆਪਣੀ ਤਕਨੀਕੀ ਰਿਪੋਰਟ ਨੂੰ ਅੰਤਿਮ ਰੂਪ ਦੇਣ ਦੀ ਪ੍ਰਵਾਨਗੀ ਦੇ ਕੇ ਉਪਲਬਧ ਪਾਣੀ ਦੀ ਮਾਤਰਾ ਬਾਰੇ ਵਿਵਾਦ ਦਾ ਤੁਰੰਤ ਨਿਪਟਾਰਾ ਕੀਤਾ ਜਾਣਾ ਚਾਹੀਦਾ ਹੈ। ਦੂਜਾ, ਕੇਂਦਰ ਸਰਕਾਰ ਨੂੰ ਪਾਕਿਸਤਾਨ ਵੱਲ ਅਜਾਈਂ ਵਗ ਰਹੇ ਭਾਰਤ ਦੇ ਹਿੱਸੇ ਦੇ ਪਾਣੀ ਨੂੰ ਰੋਕਣ ਲਈ ਕਦਮ ਚੁੱਕਣੇ ਚਾਹੀਦੇ ਹਨ ਤਾਂ ਜੋ ਵੰਡੇ ਜਾਣ ਵਾਲੇ ਪਾਣੀ ਦੀ ਮਾਤਰਾ ਵਿੱਚ ਵਾਧਾ ਹੋਵੇ। ਤਿੰਨ, ਹਰਿਆਣਾ ਅਤੇ ਰਾਜਸਥਾਨ ਨੂੰ ਰਾਵੀ-ਬਿਆਸ ਦੇ ਪਾਣੀਆਂ ਦੇ ਆਪਣੇ ਪਹਿਲਾਂ ਸਹਿਮਤ ਹੋਏ ਹਿੱਸੇ ਦਾ ਇੱਕ ਹਿੱਸਾ ਪੰਜਾਬ ਨੂੰ ਛੱਡਣ ਲਈ ਸਹਿਮਤ ਹੋਣਾ ਚਾਹੀਦਾ ਹੈ, ਕਿਉਂਕਿ ਪੰਜਾਬ ਦੇ ਮਾਲਵਾ ਖੇਤਰ ਦੇ ਕਿਸਾਨਾਂ ਨੂੰ ਇਹ ਪਾਣੀ ਖੇਤੀ ਲਈ ਲੋੜੀਂਦਾ ਹੈ। ਚੌਥਾ, ਇਸ ਦੇ ਬਦਲੇ ਵਿੱਚ, ਪੰਜਾਬ ਨੂੰ ਐੱਸ ਵਾਈ ਐੱਲ ਨਹਿਰ ਦੀ ਉਸਾਰੀ ਕਰਵਾਉਣ ਅਤੇ ਉਸ ਮਗਰੋਂ ਨਿਰਵਿਘਨ ਪਾਣੀ ਛੱਡਣ ਬਾਰੇ ਤੈਅ ਸਮਾਂ-ਸੀਮਾ ਨਿਰਧਾਰਤ ਕਰਨ ਲਈ ਸਹਿਮਤ ਹੋਣਾ ਚਾਹੀਦਾ ਹੈ। ਪੰਜਵਾਂ, ਕੇਂਦਰ ਨੂੰ ਪੰਜਾਬ ਅਤੇ ਹਰਿਆਣਾ ਵਿੱਚ ਫ਼ਸਲੀ ਵਿਭਿੰਨਤਾ ਲਈ ਇੱਕ ਵਿਸ਼ੇਸ਼ ਪੈਕੇਜ ਦਾ ਐਲਾਨ ਕਰਨਾ ਚਾਹੀਦਾ ਹੈ, ਜਿਸ ਵਿੱਚ ਪਾਣੀ ਬਚਾਉਣ ਵਾਲੀਆਂ ਫ਼ਸਲਾਂ ਲਈ ਲਾਹੇਵੰਦ ਭਾਅ ਦੀ ਕਾਨੂੰਨੀ ਗਾਰੰਟੀ ਦਿੱਤੀ ਜਾਵੇ।

# ਬਟਾਲਾ ਸ਼ਹਿਰ ਨੂੰ ਖ਼ੂਬਸੂਰਤ ਬਣਾਉਣ ਲਈ ਕੀਤੇ ਗਏ ਖਾਸ ਉਪਰਾਲੇ

**ਬਟਾਲਾ,18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸ਼ਿੰਘ ਸ਼ੈਰੀ ਕਲਸੀ ਵਲੋਂ ਬਟਾਲਾ ਸ਼ਹਿਰ ਨੂੰ ਸੁੰਦਰ ਬਣਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਤਹਿਤ ਜਲੰਧਰ-ਅੰਮ੍ਰਿਤਸਰ ਬਾਈਪਾਸ ਨਿਰਵਾਣਾ ਰਿਜੋਰਟ ਤੋਂ ਲੈ ਕੇ ਅਗਰਸੈਨ ਚੌਕ ਤੱਕ ਸਟਰੀਟ ਲਾਈਟਾਂ ਦਾ ਉਦਘਾਟਨ ਕੀਤਾ ਗਿਆ।



ਇਸ ਸਬੰਧੀ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਦੇ ਭਰਾ ਅੰਮ੍ਰਿ ਕਲਸੀ ਨੇ ਦੱਸਿਆ ਕਿ ਸ਼ਹਿਰ ਵਾਸੀਆਂ ਦੀ ਮੌਜੂਦਗੀ ਵਿੱਚ ਉਨ੍ਹਾਂ ਵਲੋਂ ਆਪਣੇ ਸਾਥੀਆਂ ਨਾਲ ਲਾਈਟਾਂ ਦਾ ਉਦਘਾਟਨ ਕੀਤਾ ਗਿਆ ਹੈ ਜਿਸ ਨਾਲ ਇਥੋਂ ਦੇ ਵਸਨੀਕਾਂ ਅਤੇ ਰਾਹਗੀਰਾਂ ਨੂੰ ਵੱਡੀ ਸਹੂਲਤ ਮਿਲੀ ਹੈ।

ਅੰਮ੍ਰਿ ਕਲਸੀ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਵਿਧਾਇਕ ਸ਼ੈਰੀ ਕਲਸੀ ਦੀ ਅਗਵਾਈ ਹੇਠ ਇਤਿਹਾਸਕ ਤੇ ਧਾਰਮਿਕ ਸ਼ਹਿਰ ਬਟਾਲਾ ਨੂੰ ਹੋਰ ਖ਼ੂਬਸੂਰਤ ਬਣਾਉਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ ਅਤੇ ਪਾਰਦਰਸ਼ੀ ਢੰਗ ਨਾਲ ਵਿਕਾਸ ਕੰਮ ਤੇਜਗਤੀ ਨਾਲ ਕਰਵਾਏ ਗਏ ਹਨ।

ਉਨ੍ਹਾਂ ਦੱਸਿਆ ਕਿ ਸ਼ਹਿਰ ਦੀਆਂ ਵੱਖ-ਵੱਖ ਵਾਰਡਾਂ ਵਿੱਚ ਵਿਕਾਸ ਕੰਮ ਬਿਨਾਂ ਪੱਖਪਾਤ ਦੇ ਕਰਵਾਏ ਜਾ ਰਹੇ ਹਨ। ਸ਼ਹਿਰ ਅੰਦਰ ਚੌਕਾਂ ਨੂੰ ਚੌੜਾ ਕਰਕੇ ਖ਼ੂਬਸੂਰਤ ਬਣਾਇਆ ਗਿਆ ਹੈ। ਸ਼ਹੀਦ ਭਾਈ ਸੁੱਖਾ ਸਿੰਘ ਭਾਈ ਮਹਿਤਾਬ ਦੀ ਯਾਦ ਵਿੱਚ ਉਸਾਰੇ ਨਵੇਂ ਚੌਂਕ ਦਾ ਉਦਘਾਟਨ ਕਰਕੇ ਲੋਕ ਸਮਰਪਿਤ ਕੀਤਾ ਗਿਆ ਹੈ। ਇਸ ਚੌਂਕ ਵਿੱਚ ਸ਼ਾਨਦਾਰ ਲਾਈਟਾਂ ਵੀ ਲਗਾਈਆਂ ਗਈਆਂ ਹਨ। ਇਸ ਤੋਂ ਪਹਿਲਾਂ ਵੀ ਸ਼ਹੀਦ ਭਗਤ ਸਿੰਘ ਚੌਂ5 ਅਗਰਸੈਨ ਚੌਂਕ ਆਦਿ ਦੀ ਉਸਾਰੀ ਕੀਤੀ ਜਾ ਚੁੱਕੀ ਹੈ।

ਉਨ੍ਹਾਂ ਕਿਹਾ ਕਿ ਵਿਧਾਇਕ ਸ਼ੈਰੀ ਕਲਸੀ ਨੇ ਦਾ ਮੁੱਖ ਉਦੇਸ਼ ਬਟਾਲੇ ਦਾ ਸਰਬਪੱਖੀ ਵਿਕਾਸ ਕਰਵਾਉਣਾ ਤੇ ਦਹਾਕਿਆਂ ਤੋਂ ਮੁਸ਼ਕਿਲਾਂ ਨਾਲ ਜੂਝ ਰਹੇ ਸ਼ਹਿਰ ਵਾਸੀਆਂ ਦੀਆਂ ਮੁਸ਼ਕਿਲਾਂ ਦਾ ਨਿਪਟਾਰਾ ਕਰਨਾ ਹੈ, ਜਿਸ ਲਈ ਉਹ ਦਿਨ ਰਾਤ ਲੋਕਾਂ ਦੀ ਸੇਵਾ ਵਿੱਚ ਲੱਗੇ ਹੋਏ ਹਨ।

ਇਸ ਮੌਕੇ ਦੁਕਾਨਦਾਰਾਂ ਤੇ ਵਸਨੀਕਾਂ ਨੇ ਵਿਧਾਇਕ ਸ਼ੈਰੀ ਕਲਸੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਲਾਈਟਾਂ ਲੱਗਣ ਨਾਲ ਉਨ੍ਹਾਂ ਨੂੰ ਬਹੁਤ ਰਾਹਤ ਮਿਲੀ ਹੈ ਅਤੇ ਸਵੇਰੇ ਤੜਕਸਾਰ ਅਤੇ ਰਾਤ ਸਮੇਂ ਸਟਰੀਟ ਲਾਈਟਾਂ ਲੱਗਣ ਨਾਲ ਬਹੁਤ ਲਾਭ ਮਿਲੇਗਾ।

ਉਨ੍ਹਾਂ ਅੱਗੇ ਕਿਹਾ ਕਿ ਬਟਾਲਾ ਸ਼ਹਿਰ ਨੂੰ ਖ਼ੂਬਸੂਰਤ ਬਣਾਉਣ ਲਈ ਵਿਧਾਇਕ ਸ਼ੈਰੀ ਕਲਸੀ ਵਲੋਂ ਜਿਕਰਯੋਗ ਉਪਰਾਲੇ ਕੀਤੇ ਗਏ ਹਨ ਅਤੇ ਉਨ੍ਹਾਂ ਲੋਕਾਂ ਨੂੰ ਲਗਾਤਾਰ ਮਿਲ ਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਦਾ ਨਿਪਟਾਰਾ ਕੀਤਾ ਜਾ ਰਿਹਾ ਹੈ।

# ਨੌਜਵਾਨਾਂ ਨੂੰ ਸਕਿਊਰਟੀ ਗਾਰਡ ਟ੍ਰੇਨਿੰਗ ਕੋਰਸ ਦੀ ਰਜਿਸਟ੍ਰੇਸ਼ਨ 18 ਜਨਵਰੀ ਤੋਂ

**ਬਠਿੰਡਾ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਸ਼੍ਰੀ ਰਾਜੇਸ਼ ਧੀਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨਾਸਰ ਜ਼ਿਲ੍ਹੇ ਦੇ ਪਿੰਡ ਕਾਲਝਰਾਣੀ ਕੈਂਪ ਦੇ ਟ੍ਰੇਨਿੰਗ ਅਧਿਕਾਰੀ ਕੈਪਟਨ ਲਖਵਿੰਦਰ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਰੋਜਗਾਰ ਉਤਪੱਤੀ ਤੇ ਟ੍ਰੇਨਿੰਗ ਵਿਭਾਗ ਦੇ ਅਦਾਰੇ ਸੀ-ਪਾਈਟ ਕੈਂਪ ਪਿੰਡ ਕਾਲਝਰਾਣੀ ਵੱਲੋਂ ਪੰਜਾਬ ਦੇ ਨੌਜਵਾਨਾਂ ਨੂੰ ਸਕਿਊਰਟੀ ਗਾਰਡ ਟ੍ਰੇਨਿੰਗ ਕੋਰਸ ਲਈ ਰਜਿਸਟ੍ਰੇਸ਼ਨ 18 ਜਨਵਰੀ ਤੋਂ 23 ਜਨਵਰੀ 2026 ਤੱਕ ਹੋਵੇਗੀ।



ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਇਹ ਟ੍ਰੇਨਿੰਗ ਕੋਰਸ ਮਿਤੀ 27 ਜਨਵਰੀ 2026 ਤੋਂ ਸੀ-ਪਾਈਟ ਕੈਂਪ, ਕਾਲਝਰਾਣੀ ਵਿਖੇ ਸ਼ੁਰੂ ਹੋ ਰਿਹਾ ਹੈ। ਇਹ ਟ੍ਰੇਨਿੰਗ ਕੋਰਸ ਕਰਨ ਵਾਸਤੇ ਉਮੀਦਵਾਰ ਨੇ ਘੱਟੋਂ ਘੱਟ 10ਵੀਂ ਜਮਾਤ ਪਾਸ, ਉਮਰ ਸੀਮਾਂ 21 ਤੋਂ 29 ਸਾਲ ਹੋਣੀ ਚਾਹੀਦੀ ਹੈ। ਇਸ ਕੋਰਸ ਦੀਆਂ ਸੀਟਾਂ ਸੀਮਤ ਹਨ।

ਉਨ੍ਹਾਂ ਜ਼ਿਲ੍ਹਾ ਬਠਿੰਡਾ, ਸ੍ਰੀ ਮੁਕਤਸਰ ਸਾਹਿਬ ਅਤੇ ਫਾਜਿਲਕਾ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੀ ਰਜਿਸਟ੍ਰੇਸ਼ਨ ਪਹਿਲ ਦੇ ਆਧਾਰ 'ਤੇ ਕਰਵਾਉਣ। ਸਕਿਊਰਟੀ ਗਾਰਡ ਟ੍ਰੇਨਿੰਗ ਦਾ ਕੋਰਸ ਪੂਰਾ ਕਰਨ ਵਾਲੇ ਨੌਜਵਾਨਾਂ ਨੂੰ ਸਰਕਾਰ ਵੱਲੋਂ ਮਾਨਤਾ ਪ੍ਰਾਪਤ ਸਰਟੀਫਿਕੇਟ ਵੀ ਦਿੱਤਾ ਜਾਵੇਗਾ ਜੋ ਕਿ ਸਰਕਾਰੀ ਸੰਸਥਾ, ਅਰਧ-ਸਰਕਾਰੀ ਸੰਸਥਾ, ਵੱਡੀਆਂ ਇੰਡਸਟਰੀਜ਼ ਵਿੱਚ ਨੌਕਰੀ ਲੈਣ ਵਾਸਤੇ ਵੈਲਿਡ ਮੰਨਿਆ ਜਾਵੇਗਾ। ਕੋਰਸ ਪੂਰਾ ਹੋਣ ਉਪਰੰਤ ਵੱਖ-ਵੱਖ ਸਕਿਊਰਟੀ ਏਜੰਸੀਆਂ ਕੈਂਪ ਵਿਖੇ ਪਲੇਸਮੈਂਟ ਕੈਂਪ ਲਗਾਉਣ ਗਈਆਂ।

ਉਨ੍ਹਾਂ ਇਹ ਵੀ ਕਿਹਾ ਕਿ ਇਸ ਕੋਰਸ ਦੌਰਾਨ ਨੌਜਵਾਨਾਂ ਦੇ ਰਿਹਾਇਸ਼, ਖਾਣ-ਪੀਣ ਦਾ ਖਰਚ ਪੰਜਾਬ ਸਰਕਾਰ ਦਾ ਹੋਵੇਗਾ। ਬੇਰੋਜਗਾਰ ਨੌਜਵਾਨਾਂ ਲਈ ਇਹ ਬਹੁਤ ਵੀ ਵਧੀਆ ਤੇ ਮਹੱਤਵਪੂਰਨ ਕੋਰਸ ਹੈ, ਨੌਜਵਾਨ ਪੰਜਾਬ ਸਰਕਾਰ ਦੇ ਇਸ ਉਪਰਾਲੇ ਦਾ ਵੱਧ ਤੋਂ ਵੱਧ ਫਾਇਦਾ ਉਠਾਉਣ ।

ਪੰਜਾਬ ਰਾਜ ਦੇ ਵਸਨੀਕ ਸਕਿਊਰਟੀ ਗਾਰਡ ਟ੍ਰੇਨਿੰਗ ਕੋਰਸ ਕਰਨ ਦੇ ਚਾਹਵਾਨ ਨੌਜਵਾਨ 18 ਜਨਵਰੀ 2026 ਤੋਂ ਕਿਸੇ ਵੀ ਦਿਨ ਸਵੇਰੇ 9 ਵਜੇ ਜ਼ਿਲ੍ਹੇ ਅਧੀਨ ਪੈਂਦੇ ਪਿੰਡ ਕਾਲਝਰਾਣੀ 'ਚ ਸਥਿਤ ਸੀ-ਪਾਈਟ ਕੈਂਪ ਵਿਖੇ 10ਵੀਂ ਜਮਾਤ ਦੇ ਸਰਟੀਫਿਕੇਟ ਦੀ ਫੋਟੋ ਕਾਪੀ, ਅਧਾਰ ਕਾਰਡ ਦੀ ਫੋਟੋ ਕਾਪੀ ਅਤੇ 2 ਤਾਜਾ ਪਾਸਪੋਰਟ ਸਾਈਜ ਫੋਟੋ, ਫਾਈਲ ਕਵਰ ਆਦਿ ਦਸਤਾਵੇਜ਼ ਸਮੇਤ ਨਿੱਜੀ ਤੌਰ 'ਤੇ ਪਹੁੰਚ ਕੇ ਰਜ਼ਿਸਟ੍ਰੇਸ਼ਨ ਕਰਵਾ ਸਕਦੇ ਹਨ।

ਇਸ ਤੋਂ ਇਲਾਵਾ ਕੈਂਪ ਵਿਖੇ ਐਸਐਸਸੀ (ਜੀਡੀ) ਦੇ ਲਿਖਤੀ ਪੇਪਰ ਦੀ ਤਿਆਰੀ ਚੱਲ ਰਹੀ ਹੋ ਜਿਨ੍ਹਾਂ ਨੌਜਵਾਨਾਂ ਦਾ ਐਸਐਸਸੀ ਵਿੱਚ ਅਪਲਾਈ ਕੀਤਾ ਹੋਇਆ ਹੈ ਉਹ ਵੀ ਕੈਂਪ ਆ ਕੇ ਤਿਆਰੀ ਕਰ ਸਕਦੇ ਹਨ। ਵਧੇਰੇ ਜਾਣਕਾਰੀ ਲਈ ਚਾਹਵਾਨਾ ਨੌਜਵਾਨ 94638-31615, 94641-52013 'ਤੇ ਸੰਪਰਕ ਕਰ ਸਕਦੇ ਹਨ।

# ਕਿਸਾਨ 2 ਲੱਖ ਰੁਪਏ ਦੀ ਲਾਗਤ ਨਾਲ ਸਥਾਪਤ ਕਰ ਸਕਦੇ ਹਨ ਇਕ ਛੋਟਾ ਮਸ਼ਰੂਮ ਉਤਪਾਦਨ ਯੂਨਿਟ

**ਬਠਿੰਡਾ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਕਿਸਾਨਾਂ ਨੂੰ ਰਿਵਾਇਤੀ ਖੇਤੀ ਤੋਂ ਬਾਗਬਾਨੀ ਵੱਲ ਪ੍ਰੇਰਿਤ ਕਰਨ ਅਤੇ ਉਨ੍ਹਾਂ ਦੀ ਆਮਦਨ ਵਧਾਉਣ ਲਈ ਤੇਜ਼ੀ ਨਾਲ ਕੰਮ ਕਰ ਰਹੀ ਹੈ, ਜਿਸ ਨਾਲ ਬਾਗਬਾਨੀ ਹੋਰ ਲਾਭਕਾਰੀ ਅਤੇ ਟਿਕਾਊ ਬਣ ਰਹੀ ਹੈ। ਪੰਜਾਬ ਸਰਕਾਰ ਵੱਲੋਂ 2 ਲੱਖ ਰੁਪਏ ਦੀ ਲਾਗਤ ਵਾਲੇ ਛੋਟੇ ਮਸ਼ਰੂਮ ਉਤਪਾਦਨ ਯੂਨਿਟ ਸਥਾਪਿਤ ਕਰਨ ਲਈ ਸੂਬਾ ਸਰਕਾਰ ਵੱਲੋਂ ਕਿਸਾਨਾਂ ਨੂੰ 80,000 ਰੁਪਏ ਤੱਕ ਦੀ ਸਬਸਿਡੀ ਦਿੱਤੀ ਜਾ ਰਹੀ ਹੈ।



ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਵਿਧਾਨ ਸਭਾ ਹਲਕਾ ਖੇਮਕਰਨ ਦੇ ਵਿਧਾਇਕ ਸ. ਸਰਵਨ ਸਿੰਘ ਧੁੰਨ ਨੇ ਦੱਸਿਆ ਕਿ ਕਿਸਾਨ ਮਸ਼ਰੂਮ ਦੀ ਖੇਤੀ ਵਿੱਚ ਘੱਟ ਨਿਵੇਸ਼ ਕਰਕੇ ਵੱਧ ਮੁਨਾਫ਼ਾ ਕਮਾ ਸਕਦੇ ਹਨ ਅਤੇ ਇਸ ਕੰਮ ਲਈ ਘੱਟ ਜ਼ਮੀਨ ਅਤੇ ਘੱਟ ਪਾਣੀ ਦੀ ਲੋੜ ਹੁੰਦੀ ਹੈ। ਉਨ੍ਹਾ ਦੱਸਿਆ ਕਿ ਇੱਕ ਛੋਟਾ ਮਸ਼ਰੂਮ ਯੂਨਿਟ ਆਮ ਤੌਰ 'ਤੇ ਲਗਭਗ 200 ਵਰਗ ਫੁੱਟ ਖੇਤਰ ਵਿੱਚ ਸਥਾਪਤ ਕੀਤਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਬਾਗਬਾਨੀ ਵਿਭਾਗ ਵੱਲੋਂ ਇਸ ਪ੍ਰੋਜੈਕਟ ਲਈ 2 ਲੱਖ ਰੁਪਏ ਦੀ ਲਾਗਤ @ਤੇ 40 ਫ਼ੀਸਦੀ ਤੱਕ ਦੀ ਸਬਸਿਡੀ ਦਿੱਤੀ ਜਾ ਰਹੀ ਹੈ।ਵਿਧਾਇਕ ਸ. ਸਰਵਨ ਸਿੰਘ ਧੁੰਨ ਨੇ ਦੱਸਿਆ ਕਿ ਇਸ ਕੰਮ ਵਿੱਚ ਰੁਚੀ ਰੱਖਣ ਵਾਲੇ ਕਿਸਾਨ ਆਪਣੇ ਜ਼ਿਲ੍ਹੇ ਦੇ ਬਾਗਬਾਨੀ ਅਫਸਰ ਨਾਲ ਸੰਪਰਕ ਕਰਕੇ ਯੋਜਨਾ ਅਧੀਨ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਆਧਾਰ ਕਾਰਡ, ਜ਼ਮੀਨ ਸੰਬੰਧੀ ਜਾਣਕਾਰੀ, ਬੈਂਕ ਖਾਤੇ ਦੇ ਵੇਰਵੇ ਅਤੇ ਫ਼ੋਟੋਗ੍ਰਾਫ਼ ਜਮ੍ਹਾਂ ਕਰਵਾਉਣੇ ਹੋਣਗੇ। ਬਾਗਬਾਨੀ ਵਿਭਾਗ ਵੱਲੋਂ ਕਿਸਾਨ ਨੂੰ ਤਕਨੀਕੀ ਸਹਾਇਤਾ ਬਾਰੇ ਵੀ ਜਾਣਕਾਰੀ ਦਿੱਤੀ ਜਾਂਦੀ ਹੈ।

# ਪੇਂਡੂ ਬੇਰੁਜਗਾਰ ਨੌਜਵਾਨਾਂ ਲਈ ਡੇਅਰੀ ਫਾਰਮਿੰਗ ਦਾ ਸਿਖਲਾਈ ਕੋਰਸ 19 ਜਨਵਰੀ ਨੂੰ ਸ਼ੁਰੂ

**ਗੁਰਦਾਸਪੁਰ,18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਵਰਿਆਮ ਸਿੰਘ, ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਗੁਰਦਾਸਪੁਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਡੇਅਰੀ ਫਾਰਮਰਾਂ ਲਈ 2 ਹਫਤੇ ਦਾ ਡੇਅਰੀ ਸਿਖਲਾਈ ਕੋਰਸ ਮਿਤੀ 19 ਜਨਵਰੀ ਤੋਂ 30 ਜਨਵਰੀ (2 ਹਫਤੇ) ਡੇਅਰੀ ਸਿਖਲਾਈ ਕੇਂਦਰ ਵੇਰਕਾ, ਜਿਲਾ:ਅੰਮ੍ਰਿਤਸਰ ਵਿਖੇ ਚਲਾਇਆ ਜਾਵੇਗਾ।



ਉਨ੍ਹਾਂ ਅੱਗੇ ਦੱਸਿਆ ਕਿ ਜਿਲਾ ਗੁਰਦਾਸਪੁਰ ਨਾਲ ਸਬੰਧਿਤ ਪੇਂਡੂ ਬੇਰੁਜਗਾਰ ਨੌਜਵਾਨ ਲੜਕੇ ਲੜਕੀਆਂ, ਜੋ ਡੇਅਰੀ ਦਾ ਕਿੱਤਾ ਸ਼ੁਰੂ ਕਰਨਾ ਚਾਹੁੰਦੇ ਹਨ, ਡੇਅਰੀ ਸਿਖਲਾਈ ਕੋਰਸ ਵਾਸਤੇ ਦਫਤਰ ਡਿਪਟੀ ਡਾਇਰੈਕਟਰ ਡੇਅਰੀ ਗੁਰਦਾਸਪੁਰ, ਜਿਲਾ ਪ੍ਰਬੰਧਕੀ ਕੰਪਲੈਕਸ, ਬਲਾਕ—ਬੀ, ਚੌਥੀ ਮੰਜਿਲ, ਕਮਰਾ ਨੰ 508 ਵਿਖੇ ਮਿਤੀ 19 ਜਨਵਰੀ ਤੱਕ ਅਰਜੀਆਂ ਦੇ ਸਕਦੇ ਹਨ।

ਉਨ੍ਹਾਂ ਨੇ ਦੱਸਿਆ ਕਿ ਖੇਤੀ ਵਿੱਚ ਵਿਭਿੰਨਤਾ ਲਿਆਉਣ ਅਤੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਲਈ ਡੇਅਰੀ ਦੇ ਕਿੱਤੇ ਨੂੰ ਸਹਾਇਕ ਧੰਦੇ ਵਜੋਂ ਅਪਨਾਉਣ ਲਈ 2 ਹਫਤੇ ਦੀ ਡੇਅਰੀ ਸਿਖਲਾਈ 19 ਜਨਵਰੀ ਤੋ ਡੇਅਰੀ ਸਿਖਲਾਈ ਤੇ ਵਿਸਥਾਰ ਕੇਦਰ, ਵੇਰਕਾ ਜਿਲਾ ਅੰਮ੍ਰਿਤਸਰ ਵਿਖੇ ਕਰਵਾਈ ਜਾਣੀ ਹੈ। ਇਸ ਸਿਖਲਾਈ ਕੋਰਸ ਵਿੱਚ ਜਿਲਾ ਗੁਰਦਾਸਪੁਰ ਨਾਲ ਸਬੰਧਤ ਬੇਰੁਜਗਾਰ ਨੌਜਵਾਨ ਲੜਕੇ /ਲੜਕੀਆਂ ਜ਼ੋ ਘੱਟੋ ਘੱਟ 5 ਵੀਂ ਪਾਸ ਹੋਣ,ਉਮਰ 18 ਤੋਂ 55 ਸਾਲ ਦਰਮਿਆਨ ਹੋਵੇ,ਪੇਂਡੂ ਖੇਤਰ ਨਾਲ ਸਬੰਧਤ ਹੋਣ, ਇਸ ਸਿਖਲਾਈ ਵਿੱਚ ਭਾਗ ਲੈ ਸਕਦੇ ਹਨ।

ਉਨ੍ਹਾਂ ਦੱਸਿਆ ਕਿ ਸਿਖਲਾਈ ਉਪਰੰਤ ਵਿਭਾਗ ਵੱਲੋਂ ਸਬੰਧਤਾਂ ਨੂੰ ਵੱਖ ਵੱਖ ਬੈਂਕਾਂ ਤੋਂ ਡੇਅਰੀ ਕਰਜੇ ਦੀ ਸੁਵਿਧਾ ਰਾਹੀਂ 2 ਤੋਂ 20 ਪਸ਼ੂਆਂ ਦੇ ਡੇਅਰੀ ਯੂਨਿਟ ਸਥਾਪਤ ਕਰਵਾ ਕੇ 25 ਪ੍ਰਤੀਸ਼ਤ ਜਨਰਲ ਅਤੇ 33 ਪ੍ਰਤੀਸ਼ਤ ਅ:ਜਾਤੀ ਲਈ ਸਬਸਿਡੀ ਮੁਹੱਈਆ ਕਰਵਾਈ ਜਾਵੇਗੀ

ਚਾਹਵਾਨ ਲੜਕੇ/ ਲੜਕੀਆਂ ਇਸ ਸਬੰਧੀ ਦਫਤਰ ਡਿਪਟੀ ਡਾਇਰੈਕਟਰ ਡੇਅਰੀ,ਗੁਰਦਾਸਪੁਰ ਨਾਲ ਆਪਣੇ ਅਸਲ ਯੋਗਤਾ ਸਰਟੀਫਿਕੇਟ ਅਤੇ ਪਾਸਪੋਰਟ ਸਾਈਜ ਫੋਟੋ ਅਤੇ ਆਧਾਰ ਕਾਰਡ ਲੈ ਕੇ ਫਾਰਮ ਭਰਵਾ ਸਕਦੇ ਹਨ।

ਵਧੇਰੇ ਜਾਣਕਾਰੀ ਲਈ ਫੋਨ ਨੰਬਰ 80548-00880,75089-73471,78888-50893,98783-45930 ਅਤੇ 94177-66062 ਤੇ ਸੰਪਰਕ ਕਰੋ।

# ਉਪ ਮੰਡਲ ਪੱਧਰ ਦਾ ਗਣਤੰਤਰ ਦਿਵਸ ਸਮਾਰੋਹ ਚਰਨ ਗੰਗਾ ਸਟੇਡੀਅਮ ਵਿਚ ਹੋਵੇਗਾ- ਜਸਪ੍ਰੀਤ ਸਿੰਘ

**ਸ੍ਰੀ ਆਨੰਦਪੁਰ ਸਾਹਿਬ,18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਉਪ ਮੰਡਲ ਪੱਧਰ ਦਾ ਗਣਤੰਤਰਤਾ ਦਿਵਸ ਸਮਾਰੋਹ ਚਰਨ ਗੰਗਾ ਸਟੇਡੀਅਮ ਸ੍ਰੀ ਅਨੰਦਪੁਰ ਸਾਹਿਬ ਹੋਵੇਗਾ। ਇਹ ਜਾਣਕਾਰੀ ਜਸਪ੍ਰੀਤ ਸਿੰਘ ਉਪ ਮੰਡਲ ਮੈਜਿਸਟ੍ਰੇਟ ਸ੍ਰੀ ਅਨੰਦਪੁਰ ਸਾਹਿਬ ਨੇ ਦਿੱਤੀ। ਇਸ ਮੌਕੇ ਜਾਣਕਾਰੀ ਦਿੰਦਿਆ ਐਸ.ਡੀ.ਐਮ ਨੇ ਦੱਸਿਆ ਕਿ ਉਪ ਮੰਡਲ ਪੱਧਰ ਦਾ ਗਣਤੰਤਰਤਾ ਦਿਵਸ ਸਮਾਰੋਹ ਚਰਨ ਗੰਗਾ ਸਟੇਡੀਅਮ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਨਾਇਆ ਜਾਵੇਗਾ। ਉਨ੍ਹਾਂ ਨੇ ਦੱਸਿਆ ਕਿ 26 ਜਨਵਰੀ ਨੂੰ ਸਵੇਰੇ 10 ਵਜੇ ਕੌਮੀ ਝੰਡਾ ਲਹਿਰਾਇਆ ਜਾਵੇਗਾ। ਇਸੇ ਤਰ੍ਹਾਂ ਪਰੇਡ ਦਾ ਨਿਰੀਖਣ 10:02 ਵਜੇ ਹੋਵੇਗਾ, ਮੁੱਖ ਮਹਿਮਾਨ ਦਾ ਭਾਸ਼ਣ 10:10 ਵਜੇ ਅਤੇ ਮਾਰਚ ਪਾਸਟ 10:20 ਵਜੇ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਸਮਾਰੋਹ ਦੀ ਸਮਾਪਤੀ ਕੌਮੀ ਤਰਾਨੇ ਨਾਲ ਹੋਵੇਗੀ।

ਉਨ੍ਹਾਂ ਦੱਸਿਆ ਕਿ 16 ਜਨਵਰੀ ਨੂੰ ਸੱਭਿਆਚਾਰਕ ਪੇਸ਼ਕਾਰੀਆਂ ਦੀ ਚੋਣ ਐਸਜੀਐਸ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿਖੇ ਸਵੇਰੇ 10 ਵਜੇ ਕੀਤੀ ਜਾਵੇਗੀ ਅਤੇ 19,21 ਜਨਵਰੀ ਨੂੰ ਰਿਹਰਸਲ ਤੇ 24 ਜਨਵਰੀ ਨੂੰ ਫੁੱਲ ਡਰੈਸ ਰਿਹਰਸਲ ਚਰਨ ਗੰਗਾ ਸਟੇਡੀਅਮ ਵਿੱਚ ਸਵੇਰੇ 10 ਵਜੇ ਹੋਵੇਗੀ।

# ਸਰਪੰਚ ਕਤਲ ਮਾਮਲੇ ਦਾ ਮੁੱਖ ਸ਼ੂਟਰ ਪੁਲੀਸ ਮੁਕਾਬਲੇ 'ਚ ਹਲਾਕ

**ਅੰਮ੍ਰਿਤਸਰ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਪੰਚ ਝਰਮਲ ਸਿੰਘ ਕਤਲ ਮਾਮਲੇ ਵਿਚ ਗ੍ਰਿਫਤਾਰ ਕੀਤਾ ਗਿਆ ਮੁੱਖ ਸ਼ੂਟਰ ਸੁਖਰਾਜ ਸਿੰਘ ਇੱਥੇ ਇੱਕ ਪੁਲੀਸ ਮੁਕਾਬਲੇ ਦੌਰਾਨ ਮਾਰਿਆ ਗਿਆ ਹੈ। ਪੁਲੀਸ ਨੇ ਉਸ ਨੂੰ ਅਤੇ ਇੱਕ ਹੋਰ ਮੁਲਜ਼ਮ ਨੂੰ ਛੱਤੀਸਗੜ੍ਹ ਤੋਂ ਗ੍ਰਿਫਤਾਰ ਕੀਤਾ ਸੀ। ਇਹ ਪ੍ਰਭ ਦਾਸੂਵਾਲ ਗਰੋਹ ਦੇ ਨਾਲ ਸਬੰਧਤ ਸਨ। ਪੁਲੀਸ ਨੇ ਇਸ ਮਾਮਲੇ ਵਿੱਚ ਕੁੱਲ ਸੱਤ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਸੀ।

ਘਟਨਾ ਸਥਾਨ ਦਾ ਦੌਰਾ ਕਰਨ ਮਗਰੋਂ ਪੁਲੀਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਜਾਣਕਾਰੀ ਦਿੱਤੀ ਹੈ ਕਿ ਮੁਲਜ਼ਮ ਸੁਖਰਾਜ ਸਿੰਘ ਨੂੰ ਇੱਥੇ ਹਥਿਆਰ ਬਰਾਮਦਗੀ ਵਾਸਤੇ ਲਿਆਂਦਾ ਗਿਆ ਸੀ। ਇੱਕ ਪਿਸਤੌਲ ਬਰਾਮਦ ਕਰਨ ਮਗਰੋਂ ਜਦੋਂ ਪੁਲੀਸ ਪਾਰਟੀ ਵਾਪਸ ਆ ਰਹੀ ਸੀ ਤਾਂ ਦੋ ਮੋਟਰਸਾਈਕਲ ਸਵਾਰ ਵਿਅਕਤੀਆਂ ਨੇ ਪੁਲੀਸ ਪਾਰਟੀ 'ਤੇ ਹਮਲਾ ਕੀਤਾ।

ਹਮਲਾਵਰਾਂ ਵੱਲੋਂ ਚਲਾਈਆਂ ਗੋਲੀਆਂ ਨਾਲ ਪੁਲੀਸ ਵਾਹਨ ਦਾ ਟਾਇਰ ਫਟ ਗਿਆ ਅਤੇ ਇੱਕ ਪੁਲੀਸ ਕਰਮਚਾਰੀ ਜ਼ਖ਼ਮੀ ਹੋ ਗਿਆ। ਉਨ੍ਹਾਂ ਦੱਸਿਆ ਕਿ ਜਦੋਂ ਪੁਲੀਸ ਪਾਰਟੀ ਨੇ ਵੀ ਹਮਲਾਵਰਾਂ 'ਤੇ ਗੋਲੀਆਂ ਚਲਾਈਆਂ ਤਾਂ ਉਹ ਵਾਪਸ ਭੱਜ ਗਏ। ਇਸ ਦੌਰਾਨ ਪੁਲੀਸ ਵਾਹਨ ਵਿੱਚ ਹਥਿਆਰ ਬਰਾਮਦ ਕਰਨ ਵਾਸਤੇ ਲੈ ਕੇ ਆਏ ਸੁਖਰਾਜ ਸਿੰਘ ਨੇ ਪੁਲੀਸ ਕਰਮਚਾਰੀ ਤੋਂ ਉਸ ਦੀ ਪਿਸਤੌਲ ਖੋਹਣ ਦਾ ਯਤਨ ਕੀਤਾ। ਇਸ ਹੱਥੋਪਾਈ ਵਿੱਚ ਕਾਰ ਦੇ ਅੰਦਰ ਵੀ ਗੋਲੀਆਂ ਚੱਲੀਆਂ। ਇਸ ਦੌਰਾਨ ਮੁਲਜ਼ਮ ਨੂੰ ਵੀ ਦੋ ਗੋਲੀਆਂ ਲੱਗੀਆਂ ਹਨ ਅਤੇ ਉਹ ਜ਼ਖ਼ਮੀ ਹੋ ਗਿਆ। ਉਨ੍ਹਾਂ ਦੱਸਿਆ ਕਿ ਜ਼ਖ਼ਮੀ ਹੋਏ ਪੁਲੀਸ ਕਰਮਚਾਰੀ ਅਤੇ ਮੁਲਜ਼ਮ ਦੋਵਾਂ ਨੂੰ ਇਲਾਜ ਵਾਸਤੇ ਹਸਪਤਾਲ ਭੇਜਿਆ ਗਿਆ, ਜਿੱਥੇ ਮੁਲਜ਼ਮ ਦੀ ਮੌਤ ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਪੁਲੀਸ ਪਾਰਟੀ 'ਤੇ ਹਮਲਾ ਕਰਨ ਵਾਲੇ ਦੋ ਹਮਲਾਵਰਾਂ ਨੇ ਮੂੰਹ ਬੰਨੇ ਹੋਏ ਸਨ ਅਤੇ ਪੁਲੀਸ ਵੱਲੋਂ ਉਨ੍ਹਾਂ ਦਾ ਪਤਾ ਲਾਉਣ ਵਾਸਤੇ ਵੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

ਪੁਲੀਸ ਕਮਿਸ਼ਨਰ ਨੇ ਆਖਿਆ ਕਿ ਮੁਢਲੀ ਜਾਂਚ ਤੋਂ ਗੱਲ ਸਾਹਮਣੇ ਆਈ ਹੈ ਕਿ ਇਨ੍ਹਾਂ ਅਣਪਛਾਤੇ ਹਮਲਾਵਰਾਂ ਨੇ ਮੁਲਜ਼ਮ ਨੂੰ ਅੰਮ੍ਰਿਤਸਰ ਪੁਲੀਸ ਦੀ ਹਿਰਾਸਤ 'ਚੋਂ ਛੁਡਾਉਣ ਦੀ ਕੋਸ਼ਿਸ਼ ਵਿੱਚ ਪੁਲੀਸ ਟੀਮ 'ਤੇ ਗੋਲੀਬਾਰੀ ਕੀਤੀ।

# ਸਰਬਜੀਤ ਕੌਰ ਤੋਂ 'ਨੂਰ' ਬਣੀ ਭਾਰਤੀ ਸਿੱਖ ਮਹਿਲਾ ਗ੍ਰਿਫ਼ਤਾਰ, ਲਾਹੌਰ ਦੇ ਸ਼ੈਲਟਰ ਹੋਮ ਭੇਜਿਆ

**ਲਾਹੌਰ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿਛਲੇ ਸਾਲ ਨਵੰਬਰ ਵਿੱਚ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਦੌਰਾਨ ਲਾਪਤਾ ਹੋਣ ਮਗਰੋਂ ਸਥਾਨਕ ਮੁਸਲਿਮ ਨਾਲ ਵਿਆਹ ਕਰਵਾਉਣ ਵਾਲੀ ਭਾਰਤੀ ਸਿੱਖ ਮਹਿਲਾ ਸਰਬਜੀਤ ਕੌਰ (48) ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਦੇ ਸਰਕਾਰੀ ਸ਼ੈਲਟਰ ਹੋਮ ਭੇਜ ਦਿੱਤਾ ਗਿਆ ਹੈ। ਸਰਬਜੀਤ ਕੌਰ ਉਨ੍ਹਾਂ 2,000 ਸਿੱਖ ਸ਼ਰਧਾਲੂਆਂ ਵਿੱਚੋਂ ਇੱਕ ਸੀ ਜੋ ਪਿਛਲੇ ਸਾਲ ਨਵੰਬਰ ਵਿੱਚ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਲਈ ਭਾਰਤ ਤੋਂ ਵਾਹਗਾ ਸਰਹੱਦ ਰਸਤੇ ਪਾਕਿਸਤਾਨ ਗਏ ਸਨ।

ਜਥੇ ਵਿਚ ਗਏ ਸਾਰੇ ਸ਼ਰਧਾਲੂ ਕੁਝ ਦਿਨਾਂ ਬਾਅਦ ਘਰ ਵਾਪਸ ਆ ਗਏ, ਪਰ ਸਰਬਜੀਤ ਕੌਰ ਲਾਪਤਾ ਹੋ ਗਈ। ਲਾਹੌਰ ਦੇ ਇੱਕ ਸੀਨੀਅਰ ਪੁਲੀਸ ਅਧਿਕਾਰੀ ਨੇ ਮਗਰੋਂ ਕਿਹਾ ਕਿ ਸਰਬਜੀਤ ਨੇ 4 ਨਵੰਬਰ ਨੂੰ ਪਾਕਿਸਤਾਨ ਪਹੁੰਚਣ ਤੋਂ ਇੱਕ ਦਿਨ ਬਾਅਦ ਲਾਹੌਰ ਤੋਂ ਕਰੀਬ 50 ਕਿਲੋਮੀਟਰ ਦੂਰ ਸ਼ੇਖੂਪੁਰਾ ਜ਼ਿਲ੍ਹੇ ਦੇ ਨਾਸਿਰ ਹੁਸੈਨ ਨਾਲ ਵਿਆਹ ਕਰ ਲਿਆ।

ਉਪਰੰਤ ਸਰਬਜੀਤ ਕੌਰ ਤੇ ਹੁਸੈਨ ਨੇ ਲਾਹੌਰ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਜਿਸ ਵਿੱਚ ਦਾਅਵਾ ਕੀਤਾ ਗਿਆ ਕਿ ਪੁਲੀਸ ਨੇ ਸ਼ੇਖੂਪੁਰਾ ਦੇ ਫਾਰੂਖਾਬਾਦ ਵਿੱਚ ਉਨ੍ਹਾਂ ਦੇ ਘਰ 'ਤੇ ਛਾਪਾ ਮਾਰਿਆ ਅਤੇ ਉਨ੍ਹਾਂ 'ਤੇ ਵਿਆਹ ਖਤਮ ਕਰਨ ਲਈ ਦਬਾਅ ਪਾਇਆ। ਲਾਹੌਰ ਹਾਈ ਕੋਰਟ ਦੇ ਜਸਟਿਸ ਫਾਰੂਕ ਹੈਦਰ ਨੇ ਪੁਲੀਸ ਨੂੰ ਜੋੜੇ ਨੂੰ ਤੰਗ ਪ੍ਰੇਸ਼ਾਨ ਨਾ ਕਰਨ ਦਾ ਹੁਕਮ ਦਿੱਤਾ।

ਪੰਜਾਬ ਸਰਕਾਰ ਦੇ ਸੂਤਰ ਨੇ ਇਸ ਖ਼ਬਰ ਏਜੰਸੀ ਨੂੰ ਦੱਸਿਆ, "ਅਦਾਲਤੀ ਹੁਕਮਾਂ ਦੀ ਪਾਲਣਾ ਕਰਨ ਦੀ ਬਜਾਏ, ਪੰਜਾਬ ਪੁਲੀਸ ਨੇ ਜੋੜੇ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਸਰਬਜੀਤ ਕੌਰ ਨੂੰ ਲਾਹੌਰ ਦੇ ਦਾਰੁਲ ਅਮਾਨ (ਸਰਕਾਰੀ ਸ਼ੈਲਟਰ ਹੋਮ) ਭੇਜ ਦਿੱਤਾ।" ਉਨ੍ਹਾਂ ਕਿਹਾ ਕਿ ਅਧਿਕਾਰੀ ਸਰਬਜੀਤ ਕੌਰ ਨੂੰ ਡਿਪੋਰਟ ਕਰਨਾ ਚਾਹੁੰਦੇ ਹਨ ਜਦੋਂ ਕਿ ਉਸ ਦਾ ਪਤੀ ਇੱਕ ਕੇਸ ਨੂੰ ਲੈ ਕੇ ਪੁਲੀਸ ਦੀ ਹਿਰਾਸਤ ਵਿਚ ਹੈ।

ਸੂਤਰ ਨੇ ਕਿਹਾ, "ਅਧਿਕਾਰੀਆਂ ਨੇ ਪਹਿਲਾਂ ਵੀ ਸਰਬਜੀਤ ਕੌਰ ਨੂੰ ਡਿਪੋਰਟ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਵਾਹਗਾ-ਅਟਾਰੀ ਸਰਹੱਦ ਬੰਦ ਹੋਣ ਕਾਰਨ ਉਹ ਅਸਫਲ ਰਹੇ।" ਇਸ ਤੋਂ ਪਹਿਲਾਂ ਇੱਕ ਵੀਡੀਓ ਕਲਿੱਪ ਵਿੱਚ ਸਰਬਜੀਤ ਕੌਰ ਨੇ ਕਿਹਾ ਕਿ ਉਸ ਨੇ ਆਪਣਾ ਵੀਜ਼ਾ ਵਧਾਉਣ ਲਈ ਇਸਲਾਮਾਬਾਦ ਵਿੱਚ ਦੂਤਾਵਾਸ ਨਾਲ ਸੰਪਰਕ ਕੀਤਾ ਅਤੇ ਪਾਕਿਸਤਾਨੀ ਨਾਗਰਿਕਤਾ ਲਈ ਅਰਜ਼ੀ ਵੀ ਦਿੱਤੀ। ਕੌਰ ਨੇ ਕਿਹਾ, "ਮੈਂ ਇੱਕ ਤਲਾਕਸ਼ੁਦਾ ਹਾਂ ਅਤੇ ਹੁਸੈਨ ਨਾਲ ਵਿਆਹ ਕਰਨਾ ਚਾਹੁੰਦੀ ਸੀ; ਇਸ ਲਈ, ਮੈਂ ਇੱਥੇ ਇਸੇ ਉਦੇਸ਼ ਲਈ ਆਈ ਸੀ।" ਨਿਕਾਹ ਤੋਂ ਪਹਿਲਾਂ ਸਰਬਜੀਤ ਕੌਰ ਨੂੰ ਮੁਸਲਿਮ ਨਾਮ 'ਨੂਰ' ਦਿੱਤਾ ਗਿਆ ਸੀ। ਉਸ ਨੇ ਕਿਹਾ, "ਮੈਂ ਆਪਣੀ ਖ਼ੁਸ਼ੀ ਨਾਲ ਹੁਸੈਨ ਨਾਲ ਨਿਕਾਹ ਕੀਤਾ ਸੀ।"

ਪੰਜਾਬ ਅਸੈਂਬਲੀ ਦੇ ਸਾਬਕਾ ਮੈਂਬਰ ਮਹਿੰਦਰ ਪਾਲ ਸਿੰਘ ਨੇ ਲਾਹੌਰ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਦੋਸ਼ ਲਗਾਇਆ ਸੀ ਕਿ ਇਸ ਗੱਲ ਦੀ ਸੰਭਾਵਨਾ ਹੈ ਕਿ ਸਰਬਜੀਤ ਕੌਰ 'ਭਾਰਤੀ ਜਾਸੂਸ' ਹੈ। ਉਸ ਨੇ ਕਿਹਾ, "ਸਰਬਜੀਤ ਕੌਰ ਦੇ ਵੀਜ਼ੇ ਦੀ ਮਿਆਦ ਪੁੱਗਣ ਤੋਂ ਬਾਅਦ ਉਸ ਦਾ ਪਾਕਿਸਤਾਨ ਵਿੱਚ ਰਹਿਣਾ ਗੈਰ-ਕਾਨੂੰਨੀ ਹੈ "ਅਦਾਲਤੀ ਹੁਕਮਾਂ ਦੀ ਪਾਲਣਾ ਕਰਨ ਦੀ ਬਜਾਏ, ਪੰਜਾਬ ਪੁਲੀਸ ਨੇ ਜੋੜੇ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਸਰਬਜੀਤ ਕੌਰ ਨੂੰ ਲਾਹੌਰ ਦੇ ਦਾਰੁਲ ਅਮਾਨ (ਸਰਕਾਰੀ ਸ਼ੈਲਟਰ ਹੋਮ) ਭੇਜ ਦਿੱਤਾ।" ਉਨ੍ਹਾਂ ਕਿਹਾ ਕਿ ਅਧਿਕਾਰੀ ਸਰਬਜੀਤ ਕੌਰ ਨੂੰ ਡਿਪੋਰਟ ਕਰਨਾ ਚਾਹੁੰਦੇ ਹਨ ਜਦੋਂ ਕਿ ਉਸ ਦਾ ਪਤੀ ਇੱਕ ਕੇਸ ਨੂੰ ਲੈ ਕੇ ਪੁਲੀਸ ਦੀ ਹਿਰਾਸਤ ਵਿਚ ਹੈ।ਕਿਉਂਕਿ ਇਹ ਮਾਮਲਾ ਪਾਕਿਸਤਾਨ ਦੀ ਕੌਮੀ ਸੁਰੱਖਿਆ ਨਾਲ ਜੁੜਿਆ ਹੋਇਆ ਹੈ।"

# ਸੋਸ਼ਲ ਮੀਡੀਆ ਤੇ ਫੈਲਾਏ ਜਾ ਰਹੇ ਝੂਠੇ ਦੋਸ਼ਾਂ ਦੀ ਹੋਵੇ ਨਿਰਪੱਖ ਜਾਂਚ : ਬ੍ਰਮ ਸ਼ੰਕਰ ਜਿੰਪਾ

**ਹੁਸ਼ਿਆਰਪੁਰ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਦਾਣਾ ਮੰਡੀ ਵਿੱਚ ਕਥਿਤ ਗੈਰ-ਕਾਨੂੰਨੀ ਜਬਰੀ ਵਸੂਲੀ ਨੂੰ ਲੈ ਕੇ ਵਿਧਾਇਕ ਬ੍ਰਮ ਸ਼ੰਕਰ ਜ਼ਿੰਪਾ ਨੇ ਅੱਜ ਆਪਣੇ ਉੱਪਰ ਲਗਾਏ ਗਏ ਦੋਸ਼ਾਂ ਸਬੰਧੀ ਇਕ ਸਾਂਝੀ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕੀਤਾ। ਇਸ ਮੌਕੇ ਡੀ.ਐਸ.ਪੀ ਦੇਵ ਦੱਤ ਸ਼ਰਮਾ ਅਤੇ ਜ਼ਿਲ੍ਹਾ ਮੰਡੀ ਅਫ਼ਸਰ ਗੁਰਕਿਰਪਾਲ ਸਿੰਘ ਵੀ ਵਿਸ਼ੇਸ਼ ਤੌਰ @ਤੇ ਮੌਜੂਦ ਸਨ। ਵਿਧਾਇਕ ਜਿੰਪਾ ਨੇ ਸੋਸ਼ਲ ਮੀਡੀਆ @ਤੇ ਵਾਇਰਲ ਹੋ ਰਹੀ ਵੀਡੀਓ ਦਾ ਹਵਾਲਾ ਦਿੰਦੇ ਹੋਏ ਸਪੱਸ਼ਟ ਤੌਰ @ਤੇ ਕਿਹਾ ਕਿ ਉਨ੍ਹਾਂ @ਤੇ ਲਗਾਏ ਗਏ ਸਾਰੇ ਦੋਸ਼ ਪੂਰੀ ਤਰ੍ਹਾਂ ਬੇਬੁਨਿਆਦ ਅਤੇ ਰਾਜਨੀਤਿਕ ਸਾਜ਼ਿਸ਼ ਤੋਂ ਪ੍ਰੇਰਿਤ ਹਨ।



ਵਿਧਾਇਕ ਜਿੰਪਾ ਨੇ ਕਿਹਾ ਕਿ ਸੋਸ਼ਲ ਮੀਡੀਆ 'ਤੇ ਇਕ ਵੀਡੀਓ ਵਾਇਰਲ ਕੀਤੀ ਜਾ ਰਹੀ ਹੈ, ਜਿਸ ਵਿਚ ਇਕ ਸੋਸ਼ਲ ਮੀਡੀਆ ਵੱਲੋਂ ਇਕ ਟਰੱਕ ਡਰਾਈਵਰ ਨਾਲ ਕੀਤੀ ਗਈ ਗੱਲਬਾਤ ਵਿਚ ਇਹ ਦੋਸ਼ ਲਗਾਇਆ ਗਿਆ ਹੈ ਕਿ ਮੰਡੀ ਵਿਚ ਕੱਟੀਆਂ ਗਈਆਂ ਪਰਚੀਆਂ 'ਗੁੰਡਾ ਟੈਕਸ' ਦੇ ਰੂਪ ਵਿਚ ਉਨ੍ਹਾਂ ਦੇ ਨਾਮ 'ਤੇ ਵਸੂਲੀਆਂ ਜਾ ਰਹੀਆਂ ਹਨ।

ਵਿਧਾਇਕ ਨੇ ਕਿਹਾ ਕਿ ਨਾ ਤਾਂ ਉਨ੍ਹਾਂ ਨੇ ਕਦੇ ਅਜਿਹੀ ਕਿਸੇ ਗੈਰ-ਕਾਨੂੰਨੀ ਵਸੂਲੀ ਨੂੰ ਉਤਸ਼ਾਹਿਤ ਕੀਤਾ ਹੈ ਅਤੇ ਨਾ ਹੀ ਉਨ੍ਹਾਂ ਨੇ ਕਿਸੇ ਅਧਿਕਾਰੀ ਜਾਂ ਕਰਮਚਾਰੀ ਨੂੰ ਅਜਿਹਾ ਕਰਨ ਲਈ ਕੋਈ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਕਿਹਾ ਕਿ ਵੀਡੀਓ ਵਿੱਚ ਪਰਚੀਆਂ ਕੱਟ ਰਹੇ ਕਰਮਚਾਰੀਆਂ ਵੱਲੋਂ ਖ਼ੁਦ ਸਪੱਸ਼ਟ ਕੀਤਾ ਗਿਆ ਹੈ ਕਿ ਪਰਚੀਆਂ ਨਿਯਮਾਂ ਅਨੁਸਾਰ ਪੂਰੀ ਤਰ੍ਹਾਂ ਕੱਟੀਆਂ ਗਈਆਂ ਸਨ ਅਤੇ ਵਿਧਾਇਕ ਦੇ ਨਾਮ @ਤੇ ਕਿਸੇ ਵੀ ਤਰ੍ਹਾਂ ਦੀ ਗੈਰ-ਕਾਨੂੰਨੀ ਵਸੂਲੀ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਵਿਧਾਇਕ ਨੇ ਕਿਹਾ ਕਿ ਉਨ੍ਹਾਂ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਜਾਂਚ ਕਰਨ ਲਈ ਕਿਹਾ ਹੈ ਕਿ ਕੀ ਸਲਿੱਪਾਂ ਨਿਯਮਾਂ ਅਨੁਸਾਰ ਜਾਰੀ ਕੀਤੀਆਂ ਜਾ ਰਹੀਆਂ ਹਨ ਜਾਂ ਨਹੀਂ।

ਵਿਧਾਇਕ ਜਿੰਪਾ ਨੇ ਕਿਹਾ ਕਿ ਜਦੋਂ ਉਹ ਪੰਜਾਬ ਸਰਕਾਰ ਵਿੱਚ ਕੈਬਨਿਟ ਮੰਤਰੀ ਬਣੇ ਸਨ, ਉਦੋਂ ਵੀ ਉਨ੍ਹਾਂ ਨੇ ਐਸ.ਐਸ.ਪੀ ਨਾਲ ਸਭ ਤੋਂ ਪਹਿਲਾਂ ਮੰਡੀਆਂ ਦਾ ਦੌਰਾ ਕੀਤਾ ਸੀ ਅਤੇ ਕਿਸਾਨਾਂ, ਆੜ੍ਹਤੀਆਂ ਅਤੇ ਵਪਾਰੀਆਂ ਦੀਆਂ ਸਮੱਸਿਆਵਾਂ ਸੁਣੀਆਂ ਸਨ।

ਪਾਰਦਰਸ਼ੀ ਬਾਜ਼ਾਰ ਪ੍ਰਣਾਲੀ ਅਤੇ ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਉਨ੍ਹਾਂ ਦੀ ਤਰਜੀਹ ਰਹੀ। ਉਨ੍ਹਾਂ ਕਿਹਾ ਕਿ ਇਸ ਪੂਰੇ ਮਾਮਲੇ ਦੀ ਨਿਰਪੱਖ ਅਤੇ ਡੂੰਘਾਈ ਨਾਲ ਜਾਂਚ ਲਈ ਉਹ ਪੰਜਾਬ ਦੇ ਮੁੱਖ ਮੰਤਰੀ, ਮੰਡੀ ਵਿਭਾਗ ਦੇ ਮੰਤਰੀ, ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਅਤੇ ਡਿਪਟੀ ਕਮਿਸ਼ਨਰ ਨੂੰ ਲਿਖਤੀ ਬੇਨਤੀ ਕਰਨਗੇ। ਇਸ ਦੇ ਨਾਲ ਹੀ ਉਹ ਪੁਲਿਸ ਨੂੰ ਲਿਖਤੀ ਸ਼ਿਕਾਇਤ ਵੀ ਦੇਣਗੇ ਅਤੇ ਪੂਰੇ ਮਾਮਲੇ ਦੀ ਜਾਂਚ ਦੀ ਮੰਗ ਕਰਨਗੇ।

ਪ੍ਰੈਸ ਕਾਨਫਰੰਸ ਤੋਂ ਬਾਅਦ ਵਿਧਾਇਕ ਜਿੰਪਾ ਨੇ ਦਾਣਾ ਮੰਡੀ ਦਾ ਦੌਰਾ ਕੀਤਾ ਅਤੇ ਉੱਥੇ ਸਬਜ਼ੀ ਵੇਚਣ ਵਾਲਿਆਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ। ਉਨ੍ਹਾਂ ਵਪਾਰੀਆਂ ਨੂੰ ਭਰੋਸਾ ਦਿੱਤਾ ਕਿ ਕਿਸੇ ਨਾਲ ਵੀ ਬੇਇਨਸਾਫ਼ੀ ਨਹੀਂ ਹੋਣ ਦਿੱਤੀ ਜਾਵੇਗੀ। ਵਿਧਾਇਕ ਨੇ ਪੁਲਿਸ ਅਧਿਕਾਰੀਆਂ ਨੂੰ ਇਹ ਵੀ ਹਦਾਇਤ ਕੀਤੀ ਕਿ ਉਹ ਬਾਜ਼ਾਰ ਦਾ ਨਿਯਮਿਤ ਤੌਰ @ਤੇ ਦੌਰਾ ਕਰਨ ਤਾਂ ਜੋ ਕਿਸੇ ਵੀ ਤਰ੍ਹਾਂ ਦੀ ਅਫਵਾਹ, ਗੈਰ-ਕਾਨੂੰਨੀ ਗਤੀਵਿਧੀ ਜਾਂ ਗੜਬੜ ਨੂੰ ਸਮੇਂ ਸਿਰ ਰੋਕਿਆ ਜਾ ਸਕੇ।

ਇਸ ਮੌਕੇ ਡੀ.ਐਸ.ਪੀ ਦੇਵ ਦੱਤ ਸ਼ਰਮਾ ਨੇ ਕਿਹਾ ਕਿ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾਵੇਗੀ ਅਤੇ ਬਾਜ਼ਾਰ ਵਿੱਚ ਪਰਚੀਆਂ ਕੱਟਣ ਨਾਲ ਸਬੰਧਤ ਸਾਰੇ ਨਿਯਮਾਂ ਦਾ ਬਾਰੀਕੀ ਨਾਲ ਅਧਿਐਨ ਕੀਤਾ ਜਾਵੇਗਾ। ਜੇਕਰ ਦੋਸ਼ ਝੂਠੇ ਪਾਏ ਜਾਂਦੇ ਹਨ, ਤਾਂ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ। ਜ਼ਿਲ੍ਹਾ ਮੰਡੀ ਅਫ਼ਸਰ ਗੁਰਕਿਰਪਾਲ ਸਿੰਘ ਨੇ ਕਿਹਾ ਕਿ ਜੇਕਰ ਕਿਸੇ ਨੂੰ ਮੰਡੀ ਵਿੱਚ ਕੋਈ ਸਮੱਸਿਆ ਆਉਂਦੀ ਹੈ ਤਾਂ ਉਹ ਸਿੱਧਾ ਵਿਭਾਗ ਨਾਲ ਸੰਪਰਕ ਕਰ ਸਕਦਾ ਹੈ। ਬਿਨਾਂ ਤੱਥਾਂ ਦੇ ਕਿਸੇ @ਤੇ ਦੋਸ਼ ਲਗਾਉਣਾ ਉਚਿਤ ਨਹੀਂ ਹੈ ਅਤੇ ਪੂਰੇ ਮਾਮਲੇ ਦੀ ਵਿਭਾਗੀ ਪੱਧਰ @ਤੇ ਜਾਂਚ ਕੀਤੀ ਜਾਵੇਗੀ।

# ਵਚਿੱਤਰ ਜੀਵ

*ਬੱਚਿਓ! ਸਾਡੀ ਦੁਨੀਆ ਬਹੁਤ ਸਾਰੇ ਅਜੀਬ ਤੇ ਵਚਿੱਤਰ ਜੀਵ-ਜੰਤੂਆਂ ਨਾਲ ਭਰੀ ਪਈ ਹੈ। ਆਓ ਅੱਜ ਅਸੀਂ ਇਨ੍ਹਾਂ 'ਚੋਂ ਕੁੱਝ ਜੀਵਾਂ ਬਾਰੇ ਤੁਹਾਨੂੰ ਜਾਣਕਾਰੀ ਦੇਈਏ...*

## ਮੀਰਕੈਟ



**ਇਹ** ਅਫਰੀਕਾ ਦੇ ਖ਼ੁਸ਼ਕ ਮਾਰੂਥਲਾਂ ਵਿਚ ਬੜੀ ਅਸਾਨੀ ਨਾਲ ਵੇਖਿਆ ਜਾ ਸਕਦਾ ਹੈ। ਇਸ ਦਾ ਚਿਹਰਾ ਨੋਕਦਾਰ ਅਤੇ ਅੱਖਾਂ ਦੁਆਲੇ ਕਾਲੇ ਰੰਗ ਦੇ ਧੱਬੇ ਹੁੰਦੇ ਹਨ। ਪੂਛ ਪਤਲੀ ਤੇ ਕਾਲੇ ਰੰਗ ਦੀ ਹੁੰਦੀ ਹੈ। ਇਹ ਵੇਖਣ 'ਚ ਲੰਮੀ ਗਲਹਿਰੀ ਦੀ ਤਰ੍ਹਾਂ ਲਗਦਾ ਹੈ। ਇਹ ਇਕੱਲਾ ਨਹੀਂ ਰਹਿੰਦਾ, ਸਗੋਂ ਪੂਰੇ ਦਾ ਪੂਰਾ ਕੁਨਬਾ ਇਕੱਠਾ ਰਹਿੰਦਾ ਹੈ। ਇਸ ਦੀ ਰਹਿਣ ਵਾਲੀ ਜਗ੍ਹਾ ਡੂੰਘੀਆਂ ਖੁੱਡਾਂ ਦੇ ਰੂਪ ਵਿਚ ਹੁੰਦੀ ਹੈ। ਅਜਿਹਾ ਆਪਣੀ ਬਸਤੀ ਦੀ ਚੰਗੇ ਢੰਗ ਨਾਲ ਪਹਿਰੇਦਾਰੀ ਕਰਨ ਹਿੱਤ ਕੀਤਾ ਜਾਂਦਾ ਹੈ। ਇਸ ਦੀ ਖ਼ੁਰਾਕ ਵਿਚ ਕੀੜੇ ਮਕੌੜੇ, ਮੱਕੜੀਆਂ, ਮੋਟੀਆਂ ਸੁੰਡੀਆਂ, ਫਲ ਆਦਿ ਸ਼ਾਮਲ ਹਨ। ਪੇਟ ਭਰ ਜਾਣ ਬਾਅਦ ਇਹ ਪਿਛਲੇ ਪੈਰਾਂ ਭਾਰ ਬੈਠ ਜਾਂਦਾ ਹੈ। ਇਸ ਦੀਆਂ ਅੱਖਾਂ ਇਸ ਸਮੇਂ ਬੰਦ ਰਹਿੰਦੀਆਂ ਹਨ। ਵੇਖਣ ਨੂੰ ਇਸ ਤਰ੍ਹਾਂ ਜਾਪਦਾ ਹੈ ਕਿ ਪੇਟ ਭਰਨ ਬਾਅਦ ਇਹ ਸੁਸਤਾ ਰਿਹਾ ਹੈ। ਆਪਣੇ ਸਰੀਰਕ ਹਾਵ-ਭਾਵ ਅਤੇ ਆਵਾਜ਼ ਤੋਂ ਇਹ ਦੂਜੇ ਮੈਂਬਰਾਂ ਨੂੰ ਕਿਸੇ ਵੀ ਖ਼ਤਰੇ ਬਾਰੇ ਸੁਚੇਤ ਕਰ ਦਿੰਦਾ ਹੈ।

## ਆਸਟ੍ਰੇਲੀਅਨ ਡ੍ਰੈਗਨ



**ਇਹ** ਵੱਡੀ ਛਿਪਕਲੀ ਆਸਟਰੇਲੀਆ ਦੇ ਮੱਧ ਪੂਰਬ ਦੇ ਸੰਘਣੇ ਜੰਗਲਾਂ ਵਿਚ ਪਾਈ ਜਾਂਦੀ ਹੈ। ਇਸ ਜੀਵ ਦੀਆਂ ਕੁੱਝ ਵਿਸ਼ੇਸ਼ਤਾਵਾਂ ਮੀਜ਼ੋਟਿਕ ਕਾਲ ਦੇ ਡਾਇਨਾਸੋਰਾਂ ਨਾਲ ਮਿਲਦੀਆਂ ਹਨ। ਇਸ ਦੀ ਲੰਬਾਈ 90 ਸੈਂਟੀਮੀਟਰ ਦੇ ਆਸ ਪਾਸ ਹੁੰਦੀ ਹੈ। ਇਸ ਦੀ ਚਮੜੀ 'ਚ ਇਕ ਅਜਿਹੀ ਤਹਿ ਹੁੰਦੀ ਹੈ, ਜਿਸ ਨੂੰ ਇਹ ਜ਼ਰੂਰਤ ਪੈਣ 'ਤੇ ਫੈਲਾਅ ਲੈਂਦੀ ਹੈ। ਕਿਸੇ ਤਰ੍ਹਾਂ ਦਾ ਖ਼ਤਰਾ ਮਹਿਸੂਸ ਹੁੰਦੇ ਹੀ ਇਹ ਆਪਣਾ ਮੂੰਹ ਖੋਲ੍ਹ ਕੇ ਚਮੜੀ ਦੀ ਇਸ ਤਹਿ ਨੂੰ ਫੈਲਾਉਂਦੀ ਹੈ ਅਤੇ ਇਕ ਖ਼ਤਰਨਾਕ ਰੂਪ ਧਾਰ ਲੈਂਦੀ ਹੈ। ਨਾਲ ਹੀ ਇਸ ਦਾ ਰੰਗ ਗੂੜ੍ਹੇ ਭੂਰੇ ਤੋਂ ਬਦਲ ਕੇ ਪੀਲਾ ਸੰਤਰੀ ਧਾਰੀਦਾਰ ਹੋ ਜਾਂਦਾ ਹੈ। ਇਹ ਛਿਪਕਲੀ ਦਰੱਖਤਾਂ ਆਦਿ ਦੇ ਰਹਿਣਾ ਜ਼ਿਆਦਾ ਪਸੰਦ ਕਰਦੀ ਹੈ ਅਤੇ ਛੋਟੇ-ਛੋਟੇ ਜੀਵਾਂ ਅਤੇ ਪੰਛੀਆਂ ਦੇ ਆਂਡਿਆਂ ਨੂੰ ਆਪਣਾ ਭੋਜਨ ਬਣਾਉਂਦੀ ਹੈ।

## ਰੀਆ



**ਇਹ** ਇਕ ਨਾ ਉੱਡ ਸਕਣ ਵਾਲਾ ਪੰਛੀ ਹੈ। ਇਹ ਸ਼ਤਰਮੁਰਗ ਨਾਲ ਕਾਫ਼ੀ ਮਿਲਦਾ ਹੈ। ਇਸ ਨੂੰ ਦੱਖਣੀ ਅਫਰੀਕਾ ਦਾ ਸ਼ਤਰਮੁਰਗ ਵੀ ਆਖਿਆ ਜਾਂਦਾ ਹੈ। ਇਸ ਦੀ ਉਚਾਈ 7-8 ਫੁੱਟ ਤਕ ਹੁੰਦੀ ਹੈ, ਛਾਤੀ ਕਾਲੀ, ਰੰਗ ਭੂਰਾ ਅਤੇ ਗਰਦਨ ਪੀਲੀ ਹੁੰਦੀ ਹੈ। ਇਸ ਦੇ ਪੈਰਾਂ ਦੀਆਂ 3-3 ਉਂਗਲੀਆਂ ਹੁੰਦੀਆਂ ਹਨ। ਫਲ, ਫੁੱਲ ਅਤੇ ਛਿਪਕਲੀ ਇਸ ਦਾ ਮੁੱਖ ਭੋਜਨ ਹੈ। ਮਾਦਾ ਇਕੋ ਸਮੇਂ 5 ਤੋਂ 10 ਆਂਡੇ ਦਿੰਦੀ ਹੈ। ਇਸ ਪੰਛੀ ਦੀ ਨਜ਼ਰ ਬਹੁਤ ਤੇਜ਼ ਹੁੰਦੀ ਹੈ। ਇਹ ਆਪਣੇ ਦੁਸ਼ਮਣ ਨੂੰ ਵੇਖਦੇ ਹੀ ਚੇਤੰਨ ਹੋ ਜਾਂਦਾ ਹੈ। ਇਹ ਉੱਡ ਨਹੀਂ ਸਕਦਾ, ਪਰ ਦੌੜਦਾ ਬਹੁਤ ਤੇਜ਼ ਹੈ। ਇਹ 25 ਤੋਂ 30 ਸਾਲ ਤਕ ਜੀਵਤ ਰਹਿ ਸਕਦਾ ਹੈ।

## ਸਫ਼ੈਦ ਸ਼ਾਰਕ



**ਇਹ** ਸਮੁੰਦਰ 'ਚ ਵਿਚਰਨ ਵਾਲਾ ਅਜਿਹਾ ਜੀਵ ਹੈ, ਜਿਸ ਦਾ ਮਨੁੱਖ ਤੋਂ ਇਲਾਵਾ ਹੋਰ ਕੋਈ ਦੁਸ਼ਮਣ ਨਹੀਂ ਹੈ, ਇਥੋਂ ਤਕ ਕਿ ਹਿੰਸਕ ਵੇਲ੍ਹ ਵੀ ਇਸ 'ਤੇ ਹਮਲਾ ਨਹੀਂ ਕਰਦੀ। ਇਹ ਸ਼ਾਰਕ ਲਗਪਗ 5 ਤੋਂ 7 ਮੀਟਰ ਤਕ ਲੰਬੀ ਅਤੇ ਭਾਰ ਦੋ ਟਨ ਦੇ ਲਗਪਗ ਹੁੰਦਾ ਹੈ। ਇਹ ਸਮੁੰਦਰ ਦੀ ਸਤ੍ਹਾ ਦੇ ਨਜ਼ਦੀਕ ਰਹਿਣਾ ਪਸੰਦ ਕਰਦੀ ਹੈ। ਕਦੀ ਕਦੀ ਗਹਿਰੇ ਪਾਣੀ 'ਚ ਵੀ ਚਲੀ ਜਾਂਦੀ ਹੈ। ਇਹ ਲਗਾਤਾਰ 15 ਦਿਨਾਂ ਭੁੱਖੀ ਰਹਿ ਸਕਦੀ ਹੈ। ਇਸ ਦੀ ਭੁੱਖ ਕਦੀ ਸ਼ਾਂਤ ਨਹੀਂ ਹੁੰਦੀ, ਬੇਸ਼ੱਕ ਜਿੰਨਾ ਮਰਜ਼ੀ ਖਾ ਲਵੇ। ਆਪਣੇ ਭੋਜਨ ਦੇ ਰੂਪ 'ਚ ਇਹ ਕਿਸੇ ਵੀ ਜਿਉਂਦੇ ਜੀਵ ਨੂੰ ਖਾ ਸਕਦੀ ਹੈ। ਇਸਦੇ ਦੰਦ ਸਟੀਲ ਵਾਂਗ ਮਜ਼ਬੂਤ ਹੁੰਦੇ ਹਨ।

ਬਾਲ ਕਹਾਣੀ

# ਮਿੱਠੇ ਬੋਲ

*ਸਾਨੂੰ ਹਮੇਸ਼ਾ ਮਿੱਠਾ ਬੋਲਣਾ ਚਾਹੀਦਾ ਹੈ। ਕਿਸੇ ਨੂੰ ਬੋਲ-ਕੁਬੋਲ ਨਹੀਂ ਬੋਲਣੇ ਚਾਹੀਦੇ। ਆਓ ਜਾਣੀਏ ਅੱਜ ਦੀ ਕਹਾਣੀ ਕੀ ਸਿਖਾਉਂਦੀ ਹੈ...*



ਜਸਪਾਲ
81469-48616

ਦੋ ਸਹੇਲੀਆਂ 'ਚੋਂ ਇਕ ਦਾ ਨਾਂ ਸਹਿਜਪ੍ਰੀਤ ਤੇ ਦੂਜੀ ਦਾ ਨਾਂ ਸੁਖਮਨੀ ਸੀ। ਦੋਵੇਂ ਚੌਥੀ ਜਮਾਤ 'ਚ ਪੜ੍ਹਦੀਆਂ ਸਨ। ਪੜ੍ਹਨ 'ਚ ਦੋਵੇਂ ਬਹੁਤ ਹੁਸ਼ਿਆਰ ਸਨ। ਕਲਾਸ 'ਚ ਸਹਿਜਪ੍ਰੀਤ ਹਮੇਸ਼ਾ ਪਹਿਲੇ ਨੰਬਰ ਅਤੇ ਸੁਖਮਨੀ ਦੂਜੇ ਨੰਬਰ 'ਤੇ ਆਉਂਦੀ ਸੀ। ਦੋਵਾਂ ਦਾ ਆਪਸ 'ਚ ਬਹੁਤ ਪਿਆਰ ਸੀ। ਉਹ ਇਕੱਠੀਆਂ ਖੇਡਦੀਆਂ ਤੇ ਪੜ੍ਹਦੀਆਂ ਸਨ ਪਰ ਦੋਵਾਂ 'ਚ ਫ਼ਰਕ ਸੀ ਕਿ ਸਹਿਜਪ੍ਰੀਤ ਸਾਰਿਆਂ ਨਾਲ ਪਿਆਰ ਨਾਲ ਬੋਲਦੀ ਪਰ ਸੁਖਮਨੀ ਉਸ ਦੇ ਬਿਲਕੁਲ ਉਲਟ ਸੀ। ਕਿਉਂਕਿ ਉਸ ਦੀ ਜ਼ੁਬਾਨ 'ਚੋਂ ਕਦੇ ਮਿੱਠੇ ਬੋਲ ਨਹੀਂ ਨਿਕਲੇ। ਸਹਿਜਪ੍ਰੀਤ ਉਸ ਨੂੰ ਬਹੁਤ ਸਮਝਾਉਂਦੀ ਕਿ ਮਿੱਠਾ ਬੋਲਣ ਨਾਲ ਕੁੱਝ ਨਹੀਂ ਘਟਦਾ ਸਗੋਂ ਜਿਹੜਾ ਮਿੱਠਾ ਬੋਲਦਾ ਹੈ ਉਸ ਦੀ ਹਰ ਜਗ੍ਹਾ ਤਾਰੀਫ਼ ਹੁੰਦੀ ਹੈ।

ਸੁਖਮਨੀ ਕਿਸੇ ਦੀ ਗੱਲ ਨਾ ਮੰਨਦੀ ਤੇ ਇਸੇ ਤਰ੍ਹਾਂ ਰੁੱਖਾ ਬੋਲਦੀ। ਚੌਥੀ ਜਮਾਤ ਦੇ ਪੇਪਰ ਸ਼ੁਰੂ ਹੋ ਗਏ ਉਹ ਦੋਵੇਂ ਇਕੱਠੀਆਂ ਦਿਲ ਲਗਾ ਕੇ ਪੜ੍ਹਦੀਆਂ। ਦੋਵਾਂ ਦਾ ਜਦੋਂ ਨਤੀਜਾ ਆਇਆ ਤਾਂ ਸਹਿਜਪ੍ਰੀਤ ਪਹਿਲੇ ਨੰਬਰ 'ਤੇ ਆਈ ਤੇ ਸੁਖਪ੍ਰੀਤ ਦੂਜੇ ਨੰਬਰ 'ਤੇ। ਅਧਿਆਪਕਾਂ ਵੱਲੋਂ ਦੋਵਾਂ ਨੂੰ ਸਨਮਾਨਿਤ ਵੀ ਕੀਤਾ ਗਿਆ ਸੀ। ਪੰਜਵੀਂ ਜਮਾਤ 'ਚ ਵੀ ਉਹ ਆਪਣੀ ਪੜ੍ਹਾਈ 'ਤੇ ਧਿਆਨ ਦਿੰਦੀਆਂ। ਇਕ ਦਿਨ ਅਚਾਨਕ ਸੁਖਮਨੀ ਨੂੰ ਬੁਖ਼ਾਰ ਚੜ੍ਹ ਗਿਆ। ਜਿਸ ਕਾਰਨ ਉਹ ਸਕੂਲ ਨਾ ਗਈ। ਉਸ ਦੀਆਂ ਸਕੂਲ ਤੋਂ ਕਾਫ਼ੀ ਛੁੱਟੀਆਂ ਹੋ ਰਹੀਆਂ ਸਨ। ਜਦੋਂ ਅਧਿਆਪਿਕਾ ਨੇ ਸਹਿਜ ਤੋਂ ਪੁੱਛਿਆ ਕਿ ਸੁਖਮਨੀ ਸਕੂਲ ਕਿਉਂ ਨਹੀਂ ਆਉਂਦੀ ਤਾਂ ਉਸ ਨੇ ਦੱਸਿਆ ਕਿ ਉਸ ਨੂੰ ਕਾਫ਼ੀ ਬੁਖ਼ਾਰ ਹੈ। ਜਦੋਂ ਸਹਿਜਪ੍ਰੀਤ ਸੁੱਖਪ੍ਰੀਤ ਦੇ ਘਰ ਗਈ ਤਾਂ ਉਸ ਦੀ ਬੁਖ਼ਾਰ ਨਾਲ ਹੋਈ ਖ਼ਰਾਬ ਹਾਲਤ ਦੇਖ ਉਸ ਕੋਲ ਰਹਿਣ ਦਾ ਫ਼ੈਸਲਾ ਕੀਤਾ ਤੇ ਕਿਹਾ ਮੈਂ ਤੇਰੇ ਨਾਲ ਹਾਂ, ਡਰ ਨਾ! ਆਪਾਂ ਬੁਖ਼ਾਰ ਨੂੰ ਹਰਾ ਦੇਵਾਂਗੇ। ਉਸ ਦਿਨ ਤੋਂ ਸਹਿਜਪ੍ਰੀਤ ਨੇ ਉਸ ਦੀ ਕਾਫ਼ੀ ਸੇਵਾ ਕੀਤੀ ਤੇ ਸਾਰਾ ਦਿਨ ਕਾਫ਼ੀ ਹਾਸਾ-ਮਜ਼ਾਕ ਕਰਦੀਆਂ।

ਹੁਣ ਸੁੱਖਪ੍ਰੀਤ ਦੀ ਸਿਹਤ 'ਚ ਕਾਫ਼ੀ ਸੁਧਾਰ ਆ ਗਿਆ ਸੀ। ਇਕ ਦਿਨ ਸਕੂਲ ਦੇ ਮੁੱਖ ਅਧਿਆਪਕ ਸੁੱਖਮਨੀ ਦਾ ਹਾਲ ਪੁੱਛਣ ਉਸ ਦੇ ਘਰ ਪਹੁੰਚੇ ਤਾਂ ਉਨ੍ਹਾਂ ਪੁੱਛਿਆ ਹੁਣ ਤੇਰਾ ਕੀ ਹਾਲ ਹੈ ਤਾਂ ਉਸ ਨੇ ਸਹਿਜਪ੍ਰੀਤ ਵੱਲ ਇਸ਼ਾਰਾ ਕਰ ਕੇ ਕਿਹਾ ਮੈਨੂੰ ਤਾਂ ਇਸ ਦੇ ਮਿੱਠੇ ਬੋਲਾਂ ਨੇ ਹੀ ਠੀਕ ਕਰ ਦਿੱਤਾ। ਡਾਕਟਰ ਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਉਹ ਕਿਹੜੀ ਦਵਾਈ ਦੇਵੇ ਪਰ ਸਹਿਜ ਦੇ ਮਿੱਠੇ ਬੋਲ ਹੀ ਮੇਰੇ ਬੁਖ਼ਾਰ ਦੀ ਦਵਾਈ ਦਾ ਕੰਮ ਕਰ ਗਏ। ਸਾਰਿਆਂ ਨੇ ਸਹਿਜ ਨੂੰ ਸ਼ਾਬਾਸ਼ ਦਿੱਤੀ ਤੇ ਸੁੱਖਪ੍ਰੀਤ ਨੇ ਵੀ ਮਿੱਠੀ ਬੋਲੀ ਬੋਲਣ ਦਾ ਵਾਅਦਾ ਕੀਤਾ। •

# ਕਿੱਥੋਂ ਆਇਆ ਇਮੋਜੀ

*ਸ਼ਿਗੇਤਾਕਾ ਕੁਰੀਤਾ ਨੇ 25 ਸਾਲ ਦੀ ਉਮਰ 'ਚ ਇਮੋਜੀ ਦਾ ਸਭ ਤੋਂ ਪਹਿਲਾ ਸੈੱਟ ਬਣਾਇਆ ਸੀ, ਜਿਸ 'ਚ ਲਗਪਗ 176 ਇਮੋਜੀ ਸਨ। ਦਿਲਚਸਪ ਗੱਲ ਇਹ ਹੈ ਕਿ ਫ਼ਾਦਰ ਆਫ ਇਮੋਜੀ ਸ਼ਿਗੇਤਾਕਾ ਕੁਰੀਤਾ ਨਾ ਤਾਂ ਇੰਜੀਨੀਅਰ ਸੀ ਅਤੇ ਨਾ ਹੀ ਕੋਈ ਡਿਜ਼ਾਈਨਰ, ਬਲਕਿ ਉਨ੍ਹਾਂ ਨੇ ਤਾਂ ਅਰਥਸ਼ਾਸਤਰ ਦੀ ਪੜ੍ਹਾਈ ਕੀਤੀ ਸੀ।*

***ਆਓ ਜਾਣਦੇ ਹਾਂ ਇਮੋਜੀ ਅਤੇ ਸ਼ਿਗੇਤਾਕਾ ਕੁਰੀਤਾ ਨਾਲ ਜੁੜੀਆਂ ਦਿਲਚਸਪ ਗੱਲਾਂ...***

**1990** 'ਚ ਰੰਗ-ਬਿਰੰਗੇ ਇਮੋਜੀ ਦਾ ਇਸਤੇਮਾਲ ਹੋਣਾ ਸ਼ੁਰੂ ਹੋਇਆ। ਇਕ ਜਾਪਾਨੀ ਟੈਲੀਕਾਮ ਕੰਪਨੀ ਦੇ ਕਰਮਚਾਰੀ ਸ਼ਿਗੇਤਾਕਾ ਕੁਰੀਤਾ ਨੇ ਇਸ ਕੰਪਨੀ ਦੀ ਮੋਬਾਈਲ ਇੰਟਰਨੈੱਟ ਸਰਵਿਸ ਲਈ ਇਮੋਜੀ ਬਣਾਏ ਸੀ। ਇਸ ਮੋਬਾਈਲ ਇੰਟਰਨੈੱਟ 'ਚ ਈਮੇਲ ਭੇਜਣ ਲਈ ਕਿਰਦਾਰਾਂ ਦੀ ਸੰਖਿਆ ਸਿਰਫ਼ 250 ਸੀ ਤਾਂ ਕੁਰੀਤਾ ਨੂੰ ਲੱਗਾ ਕਿ ਘੱਟ ਸ਼ਬਦਾਂ 'ਚ ਆਪਣੀ ਗੱਲ ਕਹਿਣ ਦਾ ਇਮੋਜ਼ੀ ਸਭ ਤੋਂ ਚੰਗਾ ਤਰੀਕਾ ਹੋ ਸਕਦਾ ਹੈ।

ਉਨ੍ਹਾਂ ਨੇ ਮੌਸਮ ਦੇ ਚਿੱਤਰ, ਕਾਮਿਕ ਬੁੱਕ ਨਾਲ ਲਾਈਟ ਬਲਬ ਅਤੇ ਟਿਕਲਿੰਬ ਬੰਬ ਆਦਿ ਤੋਂ ਆਈਡੀਆ ਲੈ ਕੇ ਪਹਿਲਾ ਇਮੋਜ਼ੀ ਸੈੱਟ ਬਣਾਇਆ, ਜਿਸ 'ਚ ਹਾਸਾ, ਦੁੱਖ, ਗੁੱਸਾ, ਸਰਪ੍ਰਾਈਜ਼ ਅਤੇ ਕਨਫਿਊਜ਼ਨ ਦਾ ਭਾਵ ਦਰਸਾਉਣ ਵਾਲੇ ਇਮੋਜੀ ਵੀ ਸ਼ਾਮਿਲ ਸੀ।

### ਜਾਪਾਨ 'ਚ ਪਹੁੰਚਿਆ ਇਮੋਜੀ

ਜਾਪਾਨ 'ਚ ਇਮੋਜੀ ਨੂੰ ਪਸੰਦੀਦਾ ਹੁੰਦਾ ਦੇਖ 2007 'ਚ ਸਭ ਤੋਂ ਪਹਿਲਾਂ ਐਪਲ ਆਈਫੋਨ ਨੇ ਆਪਣੇ ਮੋਬਾਈਲ ਫੋਨ 'ਚ ਇਮੋਜ਼ੀ ਕੀਬੋਰਡ ਨੂੰ ਸ਼ਾਮਲ ਕੀਤਾ ਸੀ, ਜਿਸਨਾਲ ਐੱਮਐੱਸਐੱਮ, ਚੈਟਿੰਗ, ਵਟਸਐਪ ਮੈਸੇਜ ਕਰਨ ਦੌਰਾਨ ਆਪਣੇ ਭਾਵ ਪ੍ਰਗਟ ਕਰਨ ਲਈ ਇਮੋਜੀ ਦਾ ਜ਼ਿਆਦਾ ਇਸਤੇਮਾਲ ਹੋਣ ਲੱਗਾ।

ਕੁਰੀਤਾ ਦੇ ਬਣਾਏ ਇਮੋਜੀ ਦੀ ਪ੍ਰਸਿੱਧਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ 2013 'ਚ ਇਮੋਜੀ ਸ਼ਬਦ ਨੂੰ ਔਕਸਫੋਰਡ ਇੰਗਲਿਸ਼ ਡਿਕਸ਼ਨਰੀ 'ਚ ਸ਼ਾਮਲ ਕੀਤਾ ਗਿਆ। ਡਿਕਸ਼ਨਰੀ 'ਚ ਸ਼ਾਮਲ ਹੋਣ ਦੇ ਲਗਪਗ ਦੋ ਸਾਲ ਬਾਅਦ ਹੀ 2015 'ਚ ਇਮੋਜੀ ਨੂੰ ਵਰਲਡ ਆਫ ਦਿ ਯੀਅਰ ਐਲਾਨਿਆ ਗਿਆ ਅਤੇ ਉਸ ਤੋਂ ਬਾਅਦ 2016 'ਚ ਨਿਊਯਾਰਕ ਮਿਊਜ਼ੀਅਮ ਆਫ ਮਾਡਰਨ ਆਰਟ ਨੇ ਆਪਣੇ ਕਲੈਕਸ਼ਨ 'ਚ ਸ਼ਿਗੇਤਾਕਾ ਕੁਰੀਤਾ ਦੇ 176 ਇਮੋਜ਼ੀ ਦੇ ਪਹਿਲੇ ਸੈੱਟ ਨੂੰ ਸ਼ਾਮਲ ਕੀਤਾ। ਹਾਲੀਵੁੱਡ 'ਚ ਇਕ ਐਨੀਮੇਟਡ ਫਿਲਮ ਵੀ ਬਣਾਈ ਗਈ ਹੈ, ਜਿਸ 'ਚ 250 ਇਮੋਜੀ ਨੂੰ ਦਿਖਾਇਆ ਗਿਆ ਹੈ।



### ਇਮੋਜੀ ਦੀ ਸੰਖਿਆ

ਯੂਨੀਕੋਡ ਸਟੈਂਡਰਡ ਲਿਸਟ ਮੁਤਾਬਕ ਹੁਣ ਤਕ 2666 ਇਮੋਜੀ ਬਣਾਏ ਜਾ ਚੁੱਕੇ ਹਨ। ਯੂਨੀਕੋਡ ਕਮੇਟੀ ਮੁਤਾਬਕ ਹਰ ਸਾਲ ਕਈ ਇਮੋਜੀ ਬਣਾਏ ਜਾਂਦੇ ਹਨ। ਯੂਨੀਕੋਡ ਕੰਸੋਟੀਰੀਅਮ ਇਮੋਜੀ ਲਈ ਪੈਮਾਨਾ ਤਿਆਰ ਕਰਦਾ ਹੈ ਕਿ ਕੀ ਇਮੋਜੀ ਬਣਾਇਆ ਜਾਣਾ ਚਾਹੀਦਾ ਹੈ ਅਤੇ ਕੀ ਨਹੀਂ? ਪਰ ਐਪਲ ਅਤੇ ਗੂਗਲ ਵਰਗੀਆਂ ਵੱਡੀਆਂ ਕੰਪਨੀਆਂ ਆਪਣੇ ਨਿੱਜੀ ਇਮੋਜੀ ਬਣਾਉਣ ਲਈ ਆਜ਼ਾਦ ਹਨ। •

### ਰੋਚਕ ਜਾਣਕਾਰੀ

- ਇਮੋਜੀਪੀਡੀਆ ਦੇ ਫਾਊਂਡਰ ਜੇਰੇਮੀ ਵਰਗ ਨੇ 17 ਜੁਲਾਈ ਨੂੰ ਵਰਲਡ ਇਮੋਜੀ ਡੇਅ ਐਲਾਨ ਕੀਤਾ ਸੀ।
- ਪਹਿਲਾ ਇਮੋਜੀ ਡੇਅ 2014 'ਚ ਮਨਾਇਆ ਗਿਆ ਸੀ।
- ਫਿਨਲੈਂਡ ਦੁਨੀਆ ਦਾ ਪਹਿਲਾ ਦੇਸ਼ ਹੈ, ਜਿਸ ਨੇ ਆਪਣੀ ਸੰਸਕ੍ਰਿਤੀ ਦੀ ਇਮੋਜੀ ਬਣਾਈ ਹੈ।
- 2016 'ਚ ਐਪਲ ਕੰਪਨੀ ਨੇ ਆਪਣੀ ਇਮੋਜੀ ਲਿਸਟ 'ਚ ਅਸਲੀ ਪਿਸਤੌਲ ਵਾਲੀ ਇਮੋਜੀ ਨੂੰ ਹਰੇ ਰੰਗ ਦੀ ਪਿਚਕਾਰੀ ਵਾਲੀ ਪਿਸਤੌਲ ਨਾਲ ਬਦਲ ਦਿੱਤਾ ਸੀ।
- ਫੇਸਬੁੱਕ ਮੈਸੇਂਜ਼ਰ 'ਤੇ ਲਗਪਗ 5 ਬਿਲੀਅਨ ਇਮੋਜੀ ਹਰ ਦਿਨ ਇਸਤੇਮਾਲ ਕੀਤੇ ਜਾਂਦੇ ਹਨ, ਜਿਸ 'ਚ ਸਭ ਤੋਂ ਜ਼ਿਆਦਾ ਇਸਤੇਮਾਲ ਹੁੰਦਾ ਹੈ ਹੱਸਦੇ-ਹੱਸਦੇ ਅੱਖਾਂ 'ਚੋਂ ਹੰਝੂ ਵਾਲੀ ਸਮਾਇਲੀ ਦਾ।

# ਕੀ ਤੁਸੀਂ ਜਾਣਦੇ ਹੋ?



1. ਪੀਲੇ ਦੰਦ ਜ਼ਿਆਦਾ ਚੰਗੇ ਹੁੰਦੇ ਹਨ ਕਿਉਂਕਿ ਦੰਦਾਂ ਦਾ ਕੁਦਰਤੀ ਰੰਗ ਪੀਲਾ ਹੀ ਹੈ। ਦੰਦਾਂ ਨੂੰ ਸਫ਼ੈਦ ਕਰਨ ਦੇ ਚੱਕਰ 'ਚ ਤੁਹਾਡੇ ਦੰਦਾਂ ਨੂੰ ਨੁਕਸਾਨ ਹੋ ਸਕਦਾ ਹੈ।
2. ਸਾਡੇ ਸਰੀਰ 'ਚ ਇੰਨਾ ਲੋਹਾ ਹੁੰਦਾ ਹੈ ਕਿ ਇਸ ਨਾਲ ਇਕ ਇੰਚ ਦੀ ਕਿੱਲ ਬਣਾਈ ਜਾ ਸਕਦੀ ਹੈ।
3. ਮਨੁੱਖੀ ਸਰੀਰ 'ਚ **25 ਫ਼ੀਸਦੀ** ਹੱਡੀਆਂ ਸਿਰਫ਼ ਉਸ ਦੇ ਪੈਰਾਂ 'ਚ ਹੀ ਹੁੰਦੀਆਂ ਹਨ।
4. ਮਨੁੱਖੀ ਸਰੀਰ ਦੀ ਸਭ ਤੋਂ ਮਜ਼ਬੂਤ ਮਾਸਪੇਸ਼ੀ ਜੀਭ ਹੈ।



5. ਧਰਤੀ 'ਤੇ ਹਰ ਸਾਲ 500 ਤੋਂ ਵੀ ਜ਼ਿਆਦਾ ਭੂਚਾਲ ਆਉਂਦੇ ਹਨ ਪਰ ਇਸ 'ਚੋਂ ਕਈ ਅਜਿਹੇ ਹੁੰਦੇ ਹਨ ਜੋ ਆਦਮੀ ਮਹਿਸੂਸ ਨਹੀਂ ਕਰ ਸਕਦਾ।



6. ਦੁਨੀਆ 'ਚ ਤਿੱਤਲੀਆਂ ਦੀ ਸੰਖਿਆ 24,000 ਹੈ...



7. ਜੈਲੀਫਿੱਸ਼ ਦੇ ਸਰੀਰ 'ਚ **95** ਫ਼ੀਸਦੀ ਪਾਣੀ ਹੁੰਦਾ ਹੈ।
8. ਦੁਨੀਆ 'ਚ ਹਰ ਸਾਲ 33 ਲੱਖ ਲੋਕ ਸ਼ਰਾਬ ਪੀਣ ਨਾਲ ਮਰਦੇ ਹਨ।
9. ਜੇ ਤੁਸੀਂ ਚੰਗੀ ਨੀਂਦ ਨਹੀਂ ਲੈਂਦੇ ਤਾਂ ਭਾਰ ਵਧਣ ਦੀ ਸੰਭਾਵਨਾ ਵੱਧ ਜਾਂਦੀ ਹੈ।
10. ਮੁਰਗੀ ਇਕ ਸਾਲ 'ਚ ਲਗਪਗ 260 ਆਂਡੇ ਦਿੰਦੀ ਹੈ।



11. ਹਾਥੀ ਪਾਣੀ ਨੂੰ ਪੰਜ ਕਿਲੋਮੀਟਰ ਤੋਂ ਸੁੰਘ ਲੈਂਦਾ ਹੈ।



12. ਬਿੱਲੀਆਂ ਇਕ ਦਿਨ 'ਚ 16 ਘੰਟੇ ਸੌਂਦੀਆਂ ਹਨ।



# ਸਪਾਈਡਰ ਮੰਕੀ

*ਬੱਚਿਓ! ਇਸ ਵਾਰ ਅਸੀਂ ਤੁਹਾਨੂੰ ਇਕ ਅਨੋਖੇ ਬਾਂਦਰ ਬਾਰੇ ਦੱਸਾਂਗੇ, ਜਿਸ ਦਾ ਨਾਂ ਹੈ- ਸਪਾਈਡਰ ਮੰਕੀ। ਆਓ ਜਾਣੀਏ ਇਸ ਬਾਰੇ ਰੋਚਕ ਜਾਣਕਾਰੀ ਕਿ ਇਸ ਦਾ ਨਾਂ ਸਪਾਡੀਰ ਮੰਕੀ ਕਿਵੇਂ ਪਿਆ?...*



- ਸਪਾਡੀਰ ਮੰਕੀ ਦੀਆਂ ਸੱਤ ਪ੍ਰਜਾਤੀਆਂ ਉੱਤਰੀ-ਮੈਕਸਿਕੋ ਦੇ ਕੁੱਝ ਹਿੱਸਿਆਂ 'ਚ ਅਤੇ ਮੱਧ ਅਤੇ ਦੱਖਣੀ ਅਮਰੀਕਾ 'ਚ ਮਿਲਦੀਆਂ ਹਨ।
- ਨਰ ਅਤੇ ਮਾਦਾ ਸਪਾਈਡਰ ਮੰਕੀ ਦਿਖਾਈ ਦੇਣ 'ਚ ਇਕ ਤਰ੍ਹਾਂ ਦੇ ਲੱਗਦੇ ਹਨ। ਇਸ ਦੇ ਸਰੀਰ ਦਾ ਰੰਗ ਲਾਲ, ਸੁਨਿਹਰਾ, ਕਾਲਾ, ਭੂਰਾ ਤੇ ਬਾਦਾਮੀ ਹੁੰਦੀ ਹੈ। ਹੱਥ ਅਤੇ ਪੈਰ ਦਾ ਰੰਗ ਕਾਲਾ ਹੁੰਦਾ ਹੈ। ਚਿਹਰੇ ਨੂੰ ਛੱਡ ਇਨ੍ਹਾਂ ਦੇ ਸਰੀਰ 'ਤੇ ਪਤਲੇ ਫਰ ਹੁੰਦੇ ਹਨ।
- ਭੋਜਨ ਦੇ ਰੂਪ 'ਚ ਇਹ ਫਲ, ਬੀਜ, ਪੰਛੀਆਂ ਦੇ ਆਂਡੇ ਅਤੇ ਕੀੜੇ-ਮਕੌੜੇ ਖਾਂਦੇ ਹਨ।
- ਸਪਾਈਡਰ ਮੰਕੀ ਆਪਣੀ ਪੂੰਛ ਦਾ ਇਸਤੇਮਾਲ ਦਰੱਖ਼ਤ ਦੇ ਤਣਿਆਂ ਨੂੰ ਫੜਨ ਲਈ ਕਰਦਾ ਹੈ।
- ਇਸ ਦੀ ਪੂੰਛ ਕਾਫ਼ੀ ਲੰਬੀ ਹੁੰਦੀ ਹੈ। ਇਹ ਆਪਣੀ ਪੂੰਛ ਅਤੇ ਹੱਥਾਂ ਦੀ ਸਹਾਇਤਾ ਨਾਲ ਵੱਖ-ਵੱਖ ਤਣਿਆਂ ਨੂੰ ਫੜਦਾ ਹੈ ਤਾਂ ਉਸ ਦਾ ਆਕਾਰ ਕਿਸੇ ਮੱਕੜੀ ਵਰਗਾ ਨਜ਼ਰ ਆਉਂਦਾ ਹੈ। ਇਹ ਹੀ ਕਾਰਨ ਹੈ ਕਿ ਇਸ ਨੂੰ ਸਪਾਈਡਰ ਮੰਕੀ ਕਿਹਾ ਜਾਂਦਾ ਹੈ।
- ਸਪਾਡੀਰ ਮੰਕੀ ਆਪਣੇ ਜੀਵਨ ਦਾ ਜ਼ਿਆਦਾਤਰ ਸਮਾਂ ਦਰੱਖ਼ਤਾਂ 'ਤੇ ਹੀ ਕੱਟਦੇ ਹਨ। ਇਹ 20 ਤੋਂ 40 ਦੇ ਸਮੂਹ 'ਚ ਰਹਿੰਦੇ ਹਨ। ਇਨ੍ਹਾਂ ਦਾ ਜੀਵਨਕਾਲ ਔਸਤਨ 22 ਤੋਂ 25 ਸਾਲ ਤਕ ਹੁੰਦਾ ਹੈ। •

# ਗੂਗਲ

*ਦੁਨੀਆ ਦਾ ਸਭ ਤੋਂ ਵੱਡੇ ਸਰਚ ਇੰਜਣ ਗੂਗਲ ਬਾਰੇ ਕਈ ਅਜਿਹੇ ਤੱਤ ਹਨ ਜਿਨ੍ਹਾਂ ਬਾਰੇ ਤੁਸੀਂ ਸ਼ਾਇਦ ਹੀ ਜਾਣਦੇ ਹੋ। ਅਸੀਂ ਅੱਜ ਗੂਗਲ ਦੇ ਨਾਮਕਰਨ ਤੋਂ ਲਾ ਕੇ ਉਸ ਦੀ ਪਹਿਲੀ ਟਵੀਟ ਤਕ ਦੀ ਜਾਣਕਾਰੀ ਦੇਵਾਂਗੇ...*

Google

- ਤੁਹਾਨੂੰ ਸ਼ਾਇਦ ਹੀ ਪਤਾ ਹੋਵੇ ਕਿ ਗੂਗਲ ਦਾ ਅਸਲੀ ਨਾਂ ਬੈਕਰਬ ਹੈ।
- ਗੂਗਲ ਨੂੰ ਆਪਣਾ ਨਾਂ ਦੁਰਘਟਨਾ ਕਾਰਨ ਹੀ ਮਿਲਿਆ ਹੈ। ਇਸ ਦੇ ਸੰਸਥਾਪਕ ਨੇ ਲਿਖਦੇ ਸਮੇਂ ਗਲਤ ਵਰਤਣੀ ਚਲਾ ਦਿੱਤੀ ਜਿਸ 'ਚ 1 ਅੰਕ ਤੋਂ ਬਾਅਦ 100 ਜ਼ੀਰੋ ਸੀ।
- ਇਕ ਖੋਜ ਅਨੁਸਾਰ ਗੂਗਲ 'ਤੇ ਹਰ ਮਿੰਟ 'ਚ 2 ਮਿਲੀਅਨ ਖੋਜਾਂ ਕੀਤੀਆਂ ਜਾਂਦੀਆਂ ਹਨ।
- ਹਰ ਦਿਨ ਗੂਗਲ 'ਤੇ 16 ਫ਼ੀਸਦੀ ਅਜਿਹੀਆਂ ਖੋਜਾਂ ਖੋਜੀਆਂ ਜਾਂਦੀਆਂ ਹਨ ਜੋ ਗੂਗਲ 'ਤੇ ਨਵੀਆਂ ਹੁੰਦੀਆਂ ਹਨ।
- ਗੂਗਲ ਇਮੇਜ਼ 'ਤੇ ਜਦੋਂ ਤੁਸੀਂ atari breakout ਖੋਜ ਕਰਦੇ ਹੋ ਤਾਂ ਤੁਹਾਡੀ ਸਕਰੀਨ 'ਤੇ ਇਕ ਖੇਡ ਦਿਖਾਈ ਦੇਵੇਗੀ।
- ਗੂਗਲ ਦੀ ਮੇਲ ਜੀਮੇਲ ਨੂੰ ਇਕ ਅਪ੍ਰੈਲ 2004 ਨੂੰ ਲਾਂਚ ਕੀਤਾ ਗਿਆ ਸੀ।
- ਇਹ ਹਰ ਸਾਲ 20 ਬਿਲੀਅਨ ਡਾਲਰ ਸਿਰਫ਼ ਵਿਗਿਆਪਨ ਤੋਂ ਪ੍ਰਾਪਤ ਕਰਦਾ ਹੈ।
- ਗੂਗਲ ਮੈਪ ਪਾਣੀ ਅੰਦਰ ਵੀ ਆਪਣੀਆਂ ਸੇਵਾਵਾਂ ਮੁਹੱਈਆ ਕਰਵਾਉਂਦਾ ਹੈ। ਜਿਸ ਨੂੰ ਤੁਸੀਂ ਅੰਡਰ ਵਾਟਰ ਸੀ ਲਾਈਫ਼, ਕੋਰਲ ਰੀਫ਼ ਨੂੰ ਗੂਗਲ ਮੈਪ ਦੀ ਸਹਾਇਤਾ ਨਾਲ ਦੇਖ ਸਕਦੇ ਹੋ।
- ਗੂਗਲ ਨੇ ਆਪਣਾ ਪਹਿਲਾ ਟਵੀਟ ਬਾਇਨਰੀ ਭਾਸ਼ਾ 'ਚ ਕੀਤਾ ਸੀ। •

# ਐੱਨਸੀਸੀ ਦਾ ਮੰਤਵ ਏਕਤਾ ਤੇ ਅਨੁਸ਼ਾਸਨ

*ਬੱਚਿਓ! ਕੀ ਤੁਸੀਂ ਜਾਣਦੇ ਹੋ ਕਿ ਐੱਨਸੀਸੀ ਦਾ ਦਿਨ ਹਰ ਸਾਲ ਨਵੰਬਰ ਮਹੀਨੇ ਦੇ ਚੌਥੇ ਐਤਵਾਰ ਨੂੰ ਮਨਾਇਆ ਜਾਂਦਾ ਹੈ। ਇਸ ਦੀ ਸਥਾਪਨਾ 15 ਜੁਲਾਈ, 1848 ਨੂੰ ਕੀਤੀ ਗਈ। ਆਓ ਅੱਜ ਅਸੀਂ ਤੁਹਾਨੂੰ ਇਸ ਬਾਰੇ ਜਾਣਕਾਰੀ ਦੇਈਏ ਕਿ ਇਸ ਦਾ ਸਾਡੇ ਜੀਵਨ 'ਚ ਕੀ ਯੋਗਦਾਨ ਹੈ?*

ਗੁਰਫ਼ਤਿਹ ਸਿਘ
70874-94070



ਐੱਨਸੀਸੀ ਦਿਵਸ 'ਤੇ ਵਿਸ਼ੇਸ਼

ਪਹਿਲੇ ਵਿਸ਼ਵ ਯੁੱਧ (1914 ਤੋਂ 17) ਦੇ ਕਾਰਨ ਬ੍ਰਿਟਿਸ਼ ਫ਼ੌਜ ਵਿਚ ਸੈਨਿਕਾਂ ਦੀ ਕਮੀ ਨੂੰ ਮਹਿਸੂਸ ਕੀਤਾ ਗਿਆ। ਬ੍ਰਿਟਿਸ਼ ਸ਼ਾਸਕ ਭਾਰਤੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਸੈਨਿਕ ਸਿਖਲਾਈ ਦੇਣਾ ਚਾਹੁੰਦੇ ਸੀ, ਜਿਸ ਨਾਲ ਉਨ੍ਹਾਂ ਦੀ ਫ਼ੌਜ ਲਈ ਚੰਗੇ ਅਫ਼ਸਰ ਅਤੇ ਸੈਨਿਕ ਮਿਲਦੇ ਰਹਿਣ। ਇਸ ਉਦੇਸ਼ ਨੂੰ ਧਿਆਨ ਵਿਚ ਰੱਖ ਕੇ 1917 ਨੂੰ ਯੂਨੀਵਰਸਿਟੀ ਕੋਰ (ਯੂਸੀ) ਦੀ ਸਥਾਪਨਾ ਕੀਤੀ ਗਈ।

- ਯੂਨੀਵਰਸਿਟੀ ਕੋਰ ਦਾ ਪਹਿਲਾ ਟਰੁੱਪ (ਦਸਤਾ) ਕਲਕੱਤਾ ਯੂਨੀਵਰਸਿਟੀ ਨੇ 3 ਨਵੰਬਰ 1917 ਨੂੰ ਸਥਾਪਿਤ ਕੀਤਾ।
- 1920 ਵਿਚ ਭਾਰਤੀ ਪ੍ਰਦੇਸ਼ਕ ਐਕਟ ਦੇ ਪਾਸ ਹੋਣ ਕਰਕੇ ਯੂਨੀਵਰਸਿਟੀ ਕੋਰ ਦੀ ਜਗ੍ਹਾ ਯੂਨੀਵਰਸਿਟੀ ਟ੍ਰੇਨਿਗ ਕੋਰ (ਯੂਟੀਸੀ) ਨੇ ਲੈ ਲਈ।
- 1942 ਵਿਚ ਯੂਟੀਸੀ ਦਾ ਨਾਂ ਬਦਲਕੇ ਯੂਨੀਵਰਸਿਟੀ ਅਫ਼ਸਰ ਟ੍ਰੇਨਿਗ ਕੋਰ (ਯੂਓਟੀਸੀ) ਰੱਖਿਆ ਗਿਆ। ਪ੍ਰੰਤੂ ਇਸ ਸੰਗਠਨ ਦਾ ਦਾਇਰਾ ਸੀਮਤ ਸੀ। ਯੂਓਟੀਸੀ ਦਾ ਉਦੇਸ਼ ਯੂਟੀਸੀ ਦੇ ਮਿਆਰ ਨੂੰ ਉੱਚਾ ਚੁੱਕਣਾ ਅਤੇ ਯੁਵਕਾਂ ਵਿਚ ਇਸ ਨੂੰ ਹੋਰ ਆਕਰਸ਼ਿਤ ਬਣਾਉਣਾ ਸੀ।

### ਉਦੇਸ਼

1 ਦੇਸ਼ ਦੇ ਨੌਜਵਾਨਾਂ ਵਿਚ ਚਰਿੱਤਰ, ਭਾਈਚਾਰਾ, ਅਨੁਸ਼ਾਸਨ ਅਗਵਾਈ, ਧਰਮਨਿਰਪੱਖ ਸੋਚ, ਰੋਮਾਂਚ, ਨਿਸਵਾਰਥ ਸੇਵਾ ਦੀ ਭਾਵਨਾ ਦਾ ਸੰਚਾਰ ਕਰਨਾ।

2 ਸੰਗਠਿਤ, ਸਿੱਖਿਅਕ, ਪ੍ਰੇਰਿਤ ਯੁਵਕਾਂ ਦੇ ਮਨੁੱਖੀ ਸੰਸਾਧਨਾਂ ਨੂੰ ਤਿਆਰ ਕਰਨਾ, ਜ਼ਿੰਦਗੀ ਦੇ ਹਰੇਕ ਖੇਤਰ ਵਿਚ ਅਗਵਾਈ ਪ੍ਰਦਾਨ ਕਰਨਾ ਅਤੇ ਦੇਸ਼ ਦੀ ਸੇਵਾ ਲਈ ਹਮੇਸ਼ਾ ਤੱਤਪਰ ਰਹਿਣਾ।

3 ਯੁਵਕਾਂ ਨੂੰ ਸੈਨਾ ਵਿਚ ਆਪਣਾ ਕੈਰੀਅਰ ਬਣਾਉਣ ਲਈ ਉਤਸ਼ਾਹਿਤ ਕਰਨ ਲਈ ਉਚਿਤ ਮਾਹੌਲ ਪ੍ਰਦਾਨ ਕਰਨਾ।

### ਮੰਤਵ

ਐੱਨਸੀਸੀ ਦਾ ਮੰਤਵ 'ਏਕਤਾ ਅਤੇ ਅਨੁਸ਼ਾਸਨ' ਹੈ, ਜਿਸਨੂੰ 23 ਦਸੰਬਰ, 1957 ਨੂੰ ਮਾਨਤਾ ਦਿੱਤੀ ਗਈ। ਇਸ ਮੰਤਵ ਨੂੰ ਧਿਆਨ ਵਿਚ ਰੱਖਦੇ ਹੋਏ, ਐੱਨਸੀਸੀ ਦੀ ਕੋਸ਼ਿਸ਼ ਹੈ ਕਿ ਇਹ ਦੇਸ਼ ਦੀ ਸਭ ਤੋਂ ਤਾਕਤਵਰ ਇਕਜੁੱਟ ਸੈਨਾ ਦਾ ਆਧਾਰ ਬਣੇ। ਨੌਜਵਾਨਾਂ ਨੂੰ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਬੁਲਾ ਕੇ ਇਕ ਦੂਜੇ ਦੇ ਨੇੜੇ ਲਿਆਉਣਾ ਅਤੇ ਉਨ੍ਹਾਂ ਨੂੰ ਦੇਸ਼ ਦਾ ਇਕਜੁੱਟ, ਧਰਮਨਿਰਪੱਖ ਅਤੇ ਅਨੁਸ਼ਾਸਿਤ ਨਾਗਰਿਕ ਬਣਾਉਣਾ ਹੈ। •

# ਬਾਲ ਕੈਨਵਸ



ਨਾਂ : **ਬਲਵਿੰਦਰ ਸਿੰਘ**
ਜਮਾਤ : ਸੱਤਵੀਂ
ਪਤਾ : ਸ. ਸੀ. ਸੈ. ਸਕੂਲ, ਜਲੰਧਰ।



ਨਾਂ : **ਮੋਹਿਤ ਮਨੀ**
ਜਮਾਤ : ਅੱਠਵੀਂ
ਪਤਾ : ਲਿਟਲ ਫਲਾਵਰ ਕਾਨਵੈਂਟ ਸਕੂਲ, ਦੀਨਾਨਗਰ।




ਨਾਂ : **ਰੀਤਿਕਾ ਵਰਮਾ**
ਜਮਾਤ : ਛੇਵੀਂ
ਪਤਾ : ਸਰਸਵਤੀ ਮਾਡਲ ਸਕੂਲ, ਲੁਧਿਆਣਾ।




ਨਾਂ : **ਪ੍ਰਿਤਪਾਲ**
ਜਮਾਤ : ਚੌਥੀ
ਪਤਾ : ਸੇਂਟ ਪਾਲ ਕਾਨਵੈਂਟ ਸਕੂਲ, ਦਸੂਹਾ।



ਨਾਂ : **ਲਵਪ੍ਰੀਤ**
ਜਮਾਤ : ਛੇਵੀਂ ਪਤਾ : ਗੁਰੂ ਨਾਨਕ ਇੰਟਰਨੈਸ਼ਨਲ ਸਕੂਲ, ਲੁਧਿਆਣਾ।

# ਮਾਲ ਵਿਭਾਗ ਦੀ ਮਿਲੀਭੁਗਤ ਨਾਲ ਐਨ. ਆਰ. ਆਈ. ਦੀ ਕਰੋੜਾਂ ਰੁਪਏ ਦੀ ਜਮੀਨ ਹੜੱਪਣ ਦਾ

➢ ਜਾਅਲੀ ਦਸਤਾਵੇਜ਼ਾਂ ਸੰਬੰਧੀ ਰਿਪੋਰਟ ਤਿਆਰ, ਕਾਰਵਾਈ ਠੰਡੇ ਬਸਤੇ 'ਚ
➢ ਮੁੱਖ ਮੰਤਰੀ ਪਾਸੋਂ ਐਨ. ਆਰ. ਆਈ. ਪਰਿਵਾਰ ਵੱਲੋਂ ਇਨਸਾਫ ਦੀ ਮੰਗ

ਪਟਿਆਲਾ, 18 ਜਨਵਰੀ
-ਅਮਰਜੀਤ ਸਿੰਘ-
-ਕੌਮੀ ਪੱਤ੍ਰਿਕਾ ਬਿਊਰੋ-




ਸ਼ਾਹੀ ਸ਼ਹਿਰ ਪਟਿਆਲਾ ਨਾਲ ਲੱਗਦੇ ਪਿੰਡ ਸੂਲਰ ਦੇ ਐਨ. ਆਰ. ਆਈ. ਪਰਿਵਾਰ ਦੀ ਕਰੋੜਾਂ ਰੁਪਏ ਦੀ ਮਾਲਕੀ ਦੀ 100 ਬਿੱਘੇ ਤੋਂ ਵੱਧ ਜਮੀਨ ਨੂੰ ਸਰਕਾਰੀ ਰਿਪੋਰਟਾਂ ਮੁਤਾਬਕ ਜਾਅਲੀ ਵਸੀਕਾ ਨੰਬਰ ਰਾਹੀਂ ਚੈਰੀਟੇਬਲ ਟਰੱਸਟਾਂ ਦੇ ਨਾਮ ਜਮੀਨ ਲਗਵਾ ਕੇ ਫਿਰ ਤਬਾਦਲੇ ਕਰਕੇ ਵੇਚ ਦਿੱਤਾ ਗਿਆ। ਜਦੋਂ ਇਸ ਮਾਮਲੇ ਦੀ ਘੋਖ ਕੀਤੀ ਗਈ ਤਾਂ ਆਰ. ਟੀ. ਆਈ. ਰਾਹੀਂ ਮਿਲੀ ਜਾਣਕਾਰੀ ਮੁਤਾਬਕ ਭੂ-ਮਾਫੀਆ ਗਿਰੋਹ ਨੇ ਉਕਤ ਹੜੱਪੀ ਜਮੀਨ ਨੂੰ ਕਲੋਨੀਆਂ ਰਾਹੀਂ ਪਲਾਟ ਕੱਟ ਕੇ ਵੇਚ ਦਿੱਤਾ ਗਿਆ। ਕਰੋੜਾਂ ਰੁਪਏ ਦੇ ਹੇਰ-ਫੇਰ ਹੋਣ ਦੇ ਬਾਵਜੂਦ ਵੀ ਪ੍ਰਸ਼ਾਸ਼ਨ ਦੀ ਨੱਕ ਹੇਠਾਂ ਇੰਨਾ ਵੱਡਾ ਘਪਲਾ ਲਗਾਤਾਰ ਕਈ ਸਾਲ ਚੱਲਦਾ ਰਿਹਾ ਹੈ ਅਤੇ ਹੁਣ ਇਸ ਦਾ ਪਰਦਾਫਾਸ਼ ਹੋਣ ਤੇ ਤਿਆਰ ਹੋਈਆਂ ਰਿਪੋਰਟਾਂ ਤੋਂ ਬਾਅਦ ਵੀ ਰਾਜਨੀਤਿਕ ਦਬਾਅ ਦੇ ਚੱਲਦਿਆਂ ਉਚ ਅਧਿਕਾਰੀਆਂ ਵੱਲੋਂ ਲੋੜੀਂਦੀ ਕਾਰਵਾਈ ਠੰਡੇ ਬਸਤੇ 'ਚ ਹੈ। ਇਸ ਸੰਬੰਧੀ ਐਨ. ਆਰ. ਆਈ. ਪਰਿਵਾਰ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪਾਸੋਂ ਆਪਣੀ ਹੀ ਮਾਲਕੀ ਦੀ ਜਮੀਨ ਵਾਪਸ ਕਰਵਾਉਣ ਸੰਬੰਧੀ ਇਨਸਾਫ ਦੀ ਮੰਗ ਕੀਤੀ ਹੈ। ਹੈਰਾਨੀ ਦੀ ਗੱਲ ਹੈ ਕਿ ਹੜੱਪੀ ਜਮੀਨ ਦੀਆਂ ਰਜਿਸਟਰੀਆਂ, ਇੰਤਕਾਲ ਅਤੇ ਵਸੀਕੇ ਲਗਾਤਾਰ ਤਸਦੀਕ ਕਰਨ ਅਤੇ ਕਰਵਾਉਣ ਵਾਲੇ ਹਾਲੇ ਵੀ ਗ੍ਰਿਫਤ ਤੋਂ ਬਾਹਰ ਹਨ। ਸੂਤਰਾਂ ਤੋਂ ਮਿਲੀ ਜਾਣਕਾਰੀ ਤੋਂ ਪਤਾ ਲੱਗਾ ਹੈ ਕਿ ਭੂਮਾਫੀਆ ਦੇ ਗਿਰੋਹ ਨੇ ਗੂੰਗੇ-ਬੋਲੇ ਤੇ ਯਤੀਮ ਬੱਚਿਆਂ ਦੀ ਭਲਾਈ ਲਈ ਬਣੇ ਟਰੱਸਟਾਂ ਦੀ ਆੜ੍ਹ ਵਿਚ ਐਨ. ਆਰ. ਆਈ. ਦੀ ਜਮੀਨ ਹੜੱਪ ਕੇ ਕਲੋਨੀਆਂ ਕੱਟ ਕੇ ਵੇਚ ਦਿੱਤੀ। ਜਿਸ ਨੂੰ ਲੈ ਕੇ ਪਹਿਲਾਂ ਕਈ ਵਿਅਕਤੀਆਂ 'ਤੇ ਮਾਮਲੇ ਦਰਜ ਕੀਤੇ ਗਏ, ਪਰ ਸਿਵਲ ਅਤੇ ਪੁਲਸ ਪ੍ਰਸ਼ਾਸ਼ਨ ਦੀ ਮਿਲੀਭੁਗਤ ਕਾਰਨ ਇਹ ਵਿਅਕਤੀ ਆਪਣੇ ਸਮਾਜਿਕ ਰੁਤਬੇ ਦੀ ਆੜ੍ਹ ਵਿਚ ਬਚਦੇ ਆ ਰਹੇ ਹਨ।

**ਐਸ. ਡੀ. ਐਮ. ਅਤੇ ਤਹਿਸੀਲਦਾਰ ਵੱਲੋਂ ਵਸੀਕੇ ਜਾਅਲੀ ਕਰਾਰ**

ਐਸ. ਡੀ. ਐਮ. ਅਤੇ ਤਹਿਸੀਲਦਾਰ ਪਟਿਆਲਾ ਨੇ ਆਪਣੀ ਰਿਪੋਰਟ ਵਿਚ ਦੱਸਿਆ ਕਿ ਐਨ. ਆਰ. ਆਈ. ਦੀ ਜਮੀਨ ਦੇ ਹਿਬਾਨਾਮਾ ਵਸੀਕਾ ਨੰਬਰ 2052 ਮਿਤੀ: 15-01-1996 ਨੂੰ ਪਟਿਆਲਾ ਤੋਂ ਮਾਲਕ ਸੁਰਜੀਤ ਕੌਰ ਵੱਲੋਂ ਕਦੇ ਵੀ ਤਸਦੀਕ ਨਹੀਂ ਕਰਵਾਇਆ ਗਿਆ ਅਤੇ ਉਸ ਵਕਤ ਉਹ ਵਿਦੇਸ਼ ਵਿਚ ਰਹਿ ਰਹੀ ਸੀ। ਇਹ ਵਸੀਕਾ ਪਿੰਡ ਕਰਹਾਲੀ ਦੇ ਵਸਨੀਕ ਮੋਹਨ ਲਾਲ ਵੱਲੋਂ ਕਰਵਾਇਆ ਗਿਆ ਸੀ। ਇਸ ਰਿਪੋਰਟ ਤੋਂ ਇਹ ਸਾਫ ਹੋ ਜਾਂਦਾ ਹੈ ਕਿ ਉਕਤ ਵਸੀਕਾ ਨੰਬਰ ਰਾਹੀਂ ਐਨ. ਆਰ. ਆਈ. ਸੁਰਜੀਤ ਕੌਰ ਨੇ ਚੈਰੀਟੇਬਲ ਟਰੱਸਟਾਂ ਨੂੰ ਜਮੀਨ ਦਿੱਤੀ ਹੀ ਨਹੀਂ ਤਾਂ ਚੈਰੀਟੇਬਲ ਟਰੱਸਟਾਂ ਵੱਲੋਂ ਜਾਅਲੀ ਵਸੀਕਾ ਪੇਸ਼ ਕਰਕੇ ਤਬਾਦਲਿਆਂ ਰਾਹੀਂ ਮਾਲਕ ਬਣੀ ਸੁਖਇੰਦਰ ਕੌਰ ਨੇ ਸਾਥੀਆਂ ਨਾਲ ਰਲ ਕੇ ਖਸਰਾ ਨੰਬਰ 318, 319, 320, 321, 322 ਅਤੇ ਹੋਰ ਨੰਬਰਾਂ ਅਧੀਨ 100 ਬਿੱਘੇ ਤੋਂ ਵੱਧ ਜਮੀਨ ਵੇਚ ਦਿੱਤੀ।

**ਪੀ. ਡੀ. ਏ. ਵੱਲੋਂ ਕਲੋਨੀ ਅਣਅਧਿਕਾਰਤ ਕਰਾਰ ਦੇਣ ਉਪਰੰਤ ਪਰਚਾ ਦਰਜ ਕਰਨ ਦੇ ਹੁਕਮ ਹੋਏ ਹਵਾ**

ਭੂਮਾਫੀਆ ਵੱਲੋਂ ਕੱਟੀ ਗਈ ਕਲੋਨੀ ਨੂੰ ਪੁੱਡਾ ਨੇ ਅਣਅਧਿਕਾਰਤ ਘੋਸ਼ਿਤ ਕਰ ਦਿੱਤਾ ਸੀ। ਕਲੋਨਾਈਜ਼ਰਾਂ ਖਿਲਾਫ ਕਾਰਵਾਈ ਕਰਦੇ ਹੋਏ ਐਸ. ਐਸ. ਪੀ. ਅਤੇ ਡਿਪਟੀ ਕਮਿਸ਼ਨਰ ਪਟਿਆਲਾ, ਜੰਗਲਾਤ ਵਿਭਾਗ, ਪੀ. ਡਬਲਿਊ. ਡੀ./ਬੀ. ਐਂਡ ਆਰ. ਅਤੇ ਪੀ.ਐਸ.ਪੀ.ਸੀ.ਐਲ. ਨੂੰ ਪੱਤਰ ਜਾਰੀ ਕਰਕੇ ਮਾਸਟਰ ਪਲਾਨ ਏਰੀਏ ਦੀ ਉਲੰਘਣਾ ਕਰਕੇ ਅਣਅਧਿਕਾਰਤ ਉਸਾਰੀਆਂ ਕਰਨ ਵਾਲਿਆਂ ਖਿਲਾਫ ਪਰਚੇ ਦਰਜ ਕਰਕੇ ਤੁਰੰਤ ਕਾਰਵਾਈ ਕਰਨ ਲਈ ਲਿਖਿਆ ਸੀ। ਪਰ ਭੂਮਾਫੀਆ ਦੀ ਉਚੀ ਪਹੁੰਚ ਸਦਕਾ ਇਨ੍ਹਾਂ 'ਤੇ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ। ਉਥੇ ਹੀ ਪੀ.ਡੀ.ਏ. ਇਨ੍ਹਾਂ ਵਿਭਾਗਾਂ ਨੂੰ ਕਾਰਵਾਈ ਕਰਨ ਦੇ ਨਾਲ-ਨਾਲ ਕੀਤੀਆਂ ਗਈਆਂ ਉਸਾਰੀਆਂ ਨੂੰ ਖੁਦ ਢਾਹੁਣ ਲਈ ਕਿਹਾ ਗਿਆ ਸੀ। ਉਥੇ ਹੀ ਜਿਹੜੇ ਵਿਅਕਤੀ ਵੱਲੋਂ ਨਜਾਇਜ਼ ਕੀਤੀ ਉਸਾਰੀ ਨੂੰ ਨਾ ਢਾਹਿਆ ਗਿਆ ਤਾਂ ਉਸ ਨੂੰ ਪੀ. ਡੀ. ਏ. ਵੱਲੋਂ ਢਾਹੁਣਾ ਪਿਆ ਤਾਂ ਉਸ ਦਾ ਖਰਚਾ ਮਕਾਨ ਮਾਲਕ ਪਾਸੋਂ ਵਸੂਲੀ ਕਰਨ ਦੇ ਵੀ ਦਿਸ਼ਾ-ਨਿਰਦੇਸ਼ ਸਨ।

**ਸ਼ਿਕਾਇਤਕਰਤਾ ਦਾ ਕਹਿਣਾ ਪ੍ਰਸ਼ਾਸ਼ਨਿਕ ਅਧਿਕਾਰੀ ਖੇਡ ਰਹੇ ਹਨ ਪੱਤਰ-ਪੱਤਰ ਦੀ ਖੇਡ**

ਸ਼ਿਕਾਇਤਕਰਤਾ ਨੇ ਸ਼ਾਹੀ ਸ਼ਹਿਰ ਨੇੜੇ ਬਹੁ-ਕਰੋੜੀ ਘਪਲੇ ਦੀ ਜਾਂਚ ਸੰਬੰਧੀ ਜਿਥੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਪੱਤਰ ਲਿਖਿਆ ਹੈ। ਉਥੇ ਹੀ ਕਿਹਾ ਹੈ ਕਿ ਇਨ੍ਹਾਂ ਭੂਮਾਫੀਆ ਵੱਲੋਂ ਤਿਆਰ ਕੀਤੇ ਗਏ ਜਾਅਲੀ ਦਸਤਾਵੇਜ਼ਾਂ ਦੀਆਂ ਸੈਂਕੜੇ ਕਾਪੀਆਂ ਦੇਣ ਦੇ ਬਾਵਜੂਦ ਵੀ ਇੱਕ ਦੂਜੇ ਅਧਿਕਾਰੀਆਂ ਅਤੇ ਮੁਲਾਜ਼ਮਾਂ ਨੂੰ ਵਾਰ-ਵਾਰ ਇੱਕ ਦੂਜੇ ਨੂੰ ਪੱਤਰ ਭੇਜ ਕੇ ਪੱਤਰ-ਪੱਤਰ ਦੀ ਖੇਡ ਖੇਡੀ ਜਾ ਰਹੀ ਹੈ। ਤਾਂ ਜੋ ਕਿ ਸ਼ਿਕਾਇਤਕਰਤਾ ਪ੍ਰੇਸ਼ਾਨ ਹੋ ਕੇ ਦਫਤਰ ਵਿਚ ਚੱਕਰ ਲਗਾਉਣਾ ਹੀ ਛੱਡ ਜਾਵੇ।

**ਪੰਚਾਇਤ ਵਿਭਾਗ ਦੀ ਬੇਸ਼ਕੀਮਤੀ ਜਮੀਨ ਵੀ ਖੁਰਦ ਬੁਰਦ**

ਪਿੰਡ ਸੂਲਰ ਦੀ ਜਿਥੇ ਟਰੱਸਟਾਂ ਅਤੇ ਐਨ. ਆਰ. ਆਈ. ਦੀ ਕਰੋੜਾਂ ਰੁਪਏ ਦੀ ਜਮੀਨ ਭੂਮਾਫੀਆ ਵੱਲੋਂ ਹੜੱਪੀ ਜਾ ਚੁੱਕੀ ਹੈ, ਉਥੇ ਹੀ ਪਿੰਡ ਸੂਲਰ ਦੀ ਸ਼ਾਮਲਾਟ ਜਮੀਨ ਵੀ ਖੁਰਦ ਬੁਰਦ ਕੀਤੀ ਜਾ ਚੁੱਕੀ ਹੈ। ਜਿਸ ਵਿਚ ਸੜਕ ਰੂਪੀ ਦਿਖਾ ਕੇ ਹੜੱਪ ਕਰ ਲਿਆ ਗਿਆ ਹੈ। ਇੱਥੋਂ ਕੱਟੀਆਂ ਗਈਆਂ ਕਲੋਨੀਆਂ ਨੂੰ ਪਹਿਲਾਂ ਹੀ ਪੀ. ਡੀ. ਏ. ਵੱਲੋਂ ਭਾਵੇਂਕਿ ਅਣਅਧਿਕਾਰਤ ਘੋਸ਼ਿਤ ਕੀਤਾ ਹੋਇਆ ਹੈ। ਪੁੱਡਾ ਨੂੰ ਗਲਤ ਜਾਣਕਾਰੀ ਦੇ ਕੇ ਹਾਸਲ ਕੀਤੀ ਐਨ. ਓ. ਸੀ. ਨੂੰ ਦੇਖਦੇ ਹੋਏ ਇਨ੍ਹਾਂ ਨੂੰ ਅਣਅਧਿਕਾਰਤ ਕੀਤਾ ਗਿਆ ਹੈ। ਇਸ ਦੌਰਾਨ ਪੀ.ਡੀ.ਏ. ਵੱਲੋਂ ਪਾਪਰਾ ਐਕਟ ਤਹਿਤ ਮਾਮਲਾ ਦਰਜ ਕਰਨ ਦੇ ਵੀ ਹੁਕਮ ਹਨ।

ਪਿੰਡ ਦੀ ਪੰਚਾਇਤ ਵੱਲੋਂ ਡਵਜੀਨਲ ਡਾਇਰੈਕਟਰ ਪਟਿਆਲਾ ਕੋਲ ਪਿੰਡ ਦੀ ਸ਼ਾਮਲਾਟ ਜਮੀਨ ਨੂੰ ਛੁਡਵਾਉਣ ਲਈ ਕੇਸ ਪਾਇਆ ਗਿਆ ਹੈ, ਜਿਸ ਤਹਿਤ ਸ਼ਾਮਲਾਟ 'ਤੇ ਨਜਾਇਜ਼ ਕਾਬਜ਼ਦਾਰ ਅਤੇ ਕਲੋਨੀਆਂ ਕੱਟਣ ਵਾਲਿਆਂ ਨੂੰ ਪੰਚਾਇਤ ਵੱਲੋਂ ਸੰਮਨ ਜਾਰੀ ਕੀਤੇ ਹੋਏ ਹਨ।

ਯੁੱਧ ਨਸ਼ਿਆਂ ਵਿਰੁੱਧ: ਵਿਧਾਇਕ ਵਿਜੈ ਸਿੰਗਲਾ ਦੀ ਅਗਵਾਈ ਹੇਠ ਸ਼ਹਿਰ ਵਿਚ ਪੈਦਲ ਯਾਤਰਾ

# ਘਰ-ਘਰ ਜਾ ਕੇ ਲੋਕਾਂ ਨੂੰ ਨਸ਼ਿਆਂ ਖ਼ਿਲਾਫ਼ ਕੀਤਾ ਜਾ ਰਿਹੈ ਜਾਗਰੂਕ: ਡਾ. ਵਿਜੈ ਸਿੰਗਲਾ




ਮਾਨਸਾ, 18 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵਲੋਂ ਚਲਾਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਦੇ ਦੂਜੇ ਪੜਾਅ ਤਹਿਤ ਮਾਨਸਾ ਵਿਚ ਵਿਧਾਇਕ ਡਾ. ਵਿਜੈ ਸਿੰਗਲਾ ਦੀ ਅਗਵਾਈ ਵਿਚ ਪੈਦਲ ਯਾਤਰਾ ਕੱਢੀ ਗਈ।

ਇਸ ਮੌਕੇ ਵਿਧਾਇਕ ਡਾ. ਵਿਜੈ ਸਿੰਗਲਾ ਨੇ ਕਿਹਾ ਕਿ ਸੂਬਾ ਸਰਕਾਰ ਨੇ ਨਸ਼ਾ ਤਸਕਰਾਂ ਅਤੇ ਗੈਰ ਕਾਨੂੰਨੀ ਕਾਰੋਬਾਰਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕਰਦੇ ਹੋਏ ਉਨ੍ਹਾਂ ਦੀ ਆਰਥਿਕ ਰੀੜ੍ਹ ਦੀ ਹੱਡੀ ਤੋੜਨ ਲਈ ਸੰਪਤੀਆਂ ਜ਼ਬਤ ਕਰਨ ਦੀ ਕਾਰਵਾਈ ਕੀਤੀ ਹੈ ਅਤੇ ਇਹ ਮੁਹਿੰਮ ਲਗਾਤਾਰ ਜਾਰੀ ਹੈ। ਉਨ੍ਹਾਂ ਕਿਹਾ ਕਿ ਨਸ਼ੇ ਦੀ ਤਸਕਰੀ ਕਰਨ ਵਾਲੀ ਹਰ ਤਾਕਤ ਨੂੰ ਬੇਨਕਾਬ ਕੀਤਾ ਜਾਵੇਗਾ ਅਤੇ ਇਸ ਦੇ ਲਈ ਲੋਕਾਂ ਦੀ ਲਾਮਬੰਦੀ ਬਹੁਤ ਜ਼ਰੂਰੀ ਹੈ ਜੋ ਇਕ ਪਹਿਰੇਦਾਰ ਦੀ ਤਰ੍ਹਾਂ ਪਿੰਡਾਂ ਤੇ ਸ਼ਹਿਰਾਂ ਵਿਚ ਨਸ਼ੇ ਦੀ ਸਪਲਾਈ ਨੂੰ ਰੋਕਣ ਅਤੇ ਨਸ਼ਾ ਤਸਕਰਾਂ 'ਤੇ ਨਕੇਲ ਕਸਣ ਵਿਚ ਪੁਲਿਸ ਪ੍ਰਸ਼ਾਸਨ ਦੇ ਸਹਿਯੋਗ ਨਾਲ ਅਹਿਮ ਭੂਮਿਕਾ ਨਿਭਾਅ ਸਕਦੇ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਕਰੋੜਾਂ ਰੁਪਏ ਦੀ ਲਾਗਤ ਨਾਲ ਖੇਡ ਮੈਦਾਨ ਬਣਾਏ ਜਾ ਰਹੇ ਹਨ। ਇਸ ਤੋਂ ਇਲਾਵਾ ਨਸ਼ਾ ਪੀੜਤਾਂ ਦਾ ਇਲਾਜ ਕਰਕੇ ਉਨ੍ਹਾਂ ਨੂੰ ਮੁੱਖ ਧਾਰਾ ਵਿੱਚ ਲਿਆਉਣ ਲਈ ਵੀ ਯਤਨ ਕੀਤੇ ਜਾ ਰਹੇ ਹਨ।

ਮਾਨਸਾ ਸ਼ਹਿਰ ਵਿਚ ਕੱਢੀ ਇਸ ਪੈਦਲ ਯਾਤਰਾ ਦੌਰਾਨ ÷ਨਸ਼ੇ ਛੱਡੋ, ਕੋਹੜ ਵੱਢੋ÷ ਅਤੇ ÷ਪੰਜਾਬੀਓ ਜਾਗੋ ਨਸ਼ੇ ਤਿਆਗੋ÷ ਦਾ ਹੋਕਾ ਦਿੱਤਾ ਗਿਆ।

ਇਸ ਮੌਕੇ ਪ੍ਰਧਾਨ ਨਗਰ ਕੌਂਸਲ ਮਾਨਸਾ ਸੁਨੀਲ ਕੁਮਾਰ ਨੀਨੂ, ਜ਼ਿਲ੍ਹਾ ਪ੍ਰਧਾਨ ਐਸ ਸੀ ਵਿੰਗ ਕਿਰਤਪਾਲ ਸਿੰਘ, ਡਾਇਰੈਕਟਰ ਪੰਜਾਬ ਸਟੇਟ ਵਾਟਰ ਰਿਸੋਰਸ ਮੈਨੇਜਮੈਂਟ ਐਂਡ ਡਿਵੈਲਪਮੈਂਟ ਕਾਰਪੋਰੇਸ਼ਨ ਅਮਨ ਮਿੱਤਲ, ਕਾਰਜਸਾਧਕ ਅਫ਼ਸਰ ਕੁਲਦੀਪ ਸਿੰਘ ਤੇ ਹੋਰ ਪਤਵੰਤੇ ਹਾਜ਼ਰ ਸਨ।

# ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਦੇ ਨਵ-ਨਿਯੁਕਤ ਮੈਂਬਰ ਰਵੀ ਕੁਮਾਰ ਨੂੰ ਸਹੁੰ ਚੁਕਾਈ

ਚੰਡੀਗੜ੍ਹ, 18 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਅੱਜ ਸਥਾਨਕ ਸਰਕਾਰਾਂ ਭਵਨ, ਸੈਕਟਰ-35, ਚੰਡੀਗੜ੍ਹ ਵਿਖੇ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਦੇ ਨਵ-ਨਿਯੁਕਤ ਮੈਂਬਰ ਰਵੀ ਕੁਮਾਰ ਨੂੰ ਅਹੁਦੇ ਅਤੇ ਗੁਪਤਤਾ ਦੀ ਸਹੁੰ ਚੁਕਾਈ।

ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਦੇ ਮੈਂਬਰ ਰਵੀ ਕੁਮਾਰ ਨੇ ਅਹੁਦੇ ਅਤੇ ਗੁਪਤਤਾ ਦੀ ਸਹੁੰ ਚੁੱਕਣ ਤੋਂ ਬਾਅਦ ਕਿਹਾ ਕਿ ਉਹ ਆਪਣੀ ਯੋਗਤਾ, ਵਫ਼ਾਦਾਰੀ, ਲਗਨ ਅਤੇ ਸੁਹਿਰਦਤਾ ਨਾਲ ਆਪਣੇ ਕਰਤੱਵਾਂ ਦੀ ਪਾਲਣਾ ਕਰਨਗੇ।

# ਬਾਲ ਵਿਆਹ ਤੇ ਇਸਤਰੀ ਸ਼ੋਸ਼ਣ ਵਿਰੁੱਧ ਜਾਗਰੂਕਤਾ ਸੈਮੀਨਾਰ ਆਯੋਜਿਤ



ਪਟਿਆਲਾ, 18 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਸਰਪ੍ਰਸਤੀ ਅਤੇ ਮਾਣਯੋਗ ਅਮਨਦੀਪ ਕੰਬੋਜ ਚੀਫ਼ ਜੁਡੀਸ਼ਲ ਮੈਜਿਸਟਰੇਟ ਕਮ ਸੈਕਟਰੀ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਵਲੋਂ ਜ਼ਿਲ੍ਹਾ ਸਾਂਝ ਕੇਂਦਰ ਅਤੇ ਸਕੂਲ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਬਾਲ ਵਿਆਹ ਅਤੇ ਇਸਤਰੀ ਸ਼ੋਸ਼ਣ ਵਿਰੁੱਧ ਜਾਗਰੂਕਤਾ ਸੈਮੀਨਾਰ ਸਰਕਾਰੀ ਹਾਈ ਸਕੂਲ ਫੈਕਟਰੀ ਏਰੀਆ ਪਟਿਆਲਾ ਵਿਖੇ ਆਯੋਜਿਤ ਕੀਤਾ ਗਿਆ।

ਸੈਮੀਨਾਰ ਵਿੱਚ ਉੱਘੇ ਸਮਾਜਸੇਵੀ ਪੈਰਾ ਲੀਗਲ ਵਲੰਟੀਅਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਵਲੋਂ ਮੁਫ਼ਤ ਕਾਨੂੰਨੀ ਸੇਵਾਵਾਂ, ਤਿੰਨ ਨਵੇਂ ਕਨੂੰਨਾਂ, ਪੰਜਾਬ ਪੀੜਤ ਮੁਆਵਜ਼ਾ ਯੋਜਨਾ, ਜਿਨਸੀ ਹਮਲਾ ਪੀੜਤ ਮੁਆਵਜਾ, ਲੇਬਰ ਕਾਰਡ, ਪੈਨਸ਼ਨਾਂ ਆਦਿ, ਬਾਲ ਵਿਆਹ, ਪੋਕਸੋ ਐਕਟ, ਟੋਲ ਫ੍ਰੀ ਨੰਬਰ 15100 ਅਤੇ ਨੈਸ਼ਨਲ ਲੋਕ ਅਦਾਲਤ ਤੇ ਸਥਾਈ ਲੋਕ ਅਦਾਲਤ ਬਾਰੇ ਜਾਣਕਾਰੀ ਦਿੱਤੀ।

ਸਕੂਲ ਦੀ ਮੁੱਖ ਅਧਿਆਪਕਾ ਮੈਡਮ ਮਾਲਵਿੰਦਰ ਕੌਰ ਨੇ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ, ਬਾਲ ਵਿਆਹ ਤੇ ਸਾਈਬਰ ਸੁਰੱਖਿਆ ਪ੍ਰਤੀ ਜਾਗਰੂਕ ਹੋਣ ਦੀ ਅਪੀਲ ਵੀ ਕੀਤੀ।

ਇਸ ਮੌਕੇ ਹੋਰਨਾਂ ਤੋ ਇਲਾਵਾ ਸਮੂੰਹ ਸਕੂਲ ਸਟਾਫ ਵਿਦਿਆਰਥੀ, ਮਾਪੇ ਤੇ ਮਿਡ ਡੇਅ ਮੀਲ ਵਰਕਰ ਵੀ ਹਾਜ਼ਰ ਸਨ

# ਪੰਜਾਬ 'ਚ ਠੰਢ ਤੇ ਸੰਘਣੀ ਧੁੰਦ ਦਾ ਕਹਿਰ; ਸਕੂਲ ਬੱਚਿਆਂ ਤੋਂ ਸੱਖਣੇ

ਛੁੱਟੀਆਂ ਮਗਰੋਂ ਮਾਪਿਆਂ ਨੇ ਬੱਚੇ ਸਕੂਲ ਭੇਜਣ ਤੋਂ ਗੁਰੇਜ਼ ਕੀਤਾ



ਪਟਿਆਲਾ, 18 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸਰਦੀਆਂ ਦੀਆਂ ਛੁੱਟੀਆਂ ਤੋਂ ਬਾਅਦ ਪੰਜਾਬ ਸਕੂਲ ਸਿੱਖਿਆ ਵਿਭਾਗ ਨੇ ਸੂਬੇ ਦੇ ਸਾਰੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਨੂੰ ਅੱਜ ਤੋਂ ਆਮ ਵਾਂਗ ਖੋਲ੍ਹ ਦਿੱਤਾ ਹੈ। ਅੱਜ ਪੰਜਾਬ ਦੇ ਸਾਰੇ ਸਰਕਾਰੀ ਅਤੇ ਪ੍ਰਾਈਵੇਟ ਸਕੂਲ ਤਾਂ ਆਮ ਵਾਂਗ ਖੁੱਲ੍ਹੇ ਪਰ ਛੁੱਟੀਆਂ ਤੋਂ ਬਾਅਦ ਅੱਜ ਪਹਿਲੇ ਦਿਨ ਠੰਢ ਅਤੇ ਧੁੰਦ ਕਾਰਨ ਬਹੁਤ ਘੱਟ ਗਿਣਤੀ ਵਿੱਚ ਵਿਦਿਆਰਥੀ ਸਕੂਲਾਂ ਵਿੱਚ ਪਹੁੰਚੇ। ਹਾਲਾਂਕਿ ਜਿਹੜੇ ਵਿਦਿਆਰਥੀ ਪਹੁੰਚੇ, ਉਨ੍ਹਾਂ ਨੂੰ ਵੀ ਕੜਾਕੇ ਦੀ ਠੰਢ ਨੇ ਕੰਬਣੀ ਛੇੜੀ ਰੱਖੀ। ਅੱਜ ਪੰਜਾਬ ਦੇ ਜ਼ਿਆਦਾਤਰ ਸ਼ਹਿਰਾਂ ਵਿੱਚ ਦਿਨ ਸਮੇਂ ਤਾਪਮਾਨ 8 ਤੋਂ 12 ਡਿਗਰੀ ਸੈਲਸੀਅਸ ਵਿਚਕਾਰ ਦਰਜ ਕੀਤਾ ਗਿਆ ਹੈ। ਇਸ ਦੇ ਨਾਲ ਹੀ ਚੱਲ ਰਹੀ ਸੀਤ ਲਹਿਰ ਨੇ ਵੀ ਵਿਦਿਆਰਥੀ ਅਤੇ ਅਧਿਆਪਕਾਂ ਨੂੰ ਕੰਬਣੀ ਛੇੜੀ ਰੱਖੀ। ਇਸ ਦੌਰਾਨ ਪੰਜਾਬ ਦੇ ਨਿੱਜੀ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਹਾਜ਼ਰੀ 30 ਤੋਂ 40 ਫ਼ੀਸਦ ਤੱਕ ਹੀ ਦਰਜ ਕੀਤੀ ਗਈ ਹੈ, ਜਦੋਂਕਿ ਸਰਕਾਰੀ ਸਕੂਲਾਂ ਵਿੱਚ ਹਾਜ਼ਰੀ ਦੀ ਦਰ ਇਸ ਤੋਂ ਵੀ ਘੱਟ ਰਹੀ ਹੈ। ਪੰਜਾਬ ਦੇ ਨਿੱਜੀ ਸਕੂਲ ਦੇ ਅਧਿਆਪਕ ਨੇ ਕਿਹਾ ਕਿ ਸੰਘਣੀ ਧੁੰਦ ਅਤੇ ਕੜਾਕੇ ਦੀ ਠੰਢ ਕਰ ਕੇ ਮਾਪੇ ਖ਼ੁਦ ਹੀ ਬੱਚਿਆਂ ਨੂੰ ਸਕੂਲ ਭੇਜਣ ਤੋਂ ਗੁਰੇਜ਼ ਕਰ ਰਹੇ ਹਨ। ਮਾਪਿਆਂ ਦਾ ਮੰਨਣਾ ਹੈ ਕਿ ਅਤਿ ਦੀ ਠੰਢ ਕਾਰਨ ਉਨ੍ਹਾਂ ਦੇ ਬੱਚੇ ਬਿਮਾਰ ਹੋ ਸਕਦੇ ਹਨ ਤੇ ਉਹ ਬੱਚਿਆਂ ਨੂੰ ਹਾਲੇ ਸਕੂਲ ਨਹੀਂ ਭੇਜ ਰਹੇ। ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਵਿਦਿਆਰਥੀਆਂ ਨੂੰ 24 ਤੋਂ 31 ਦਸੰਬਰ ਤੱਕ ਛੁੱਟੀਆਂ ਕੀਤੀਆਂ ਗਈਆਂ ਸਨ। ਇਸ ਤੋਂ ਬਾਅਦ ਠੰਢ ਵਧਣ ਕਰ ਕੇ 7 ਜਨਵਰੀ ਤੱਕ ਅਤੇ ਫਿਰ 13 ਜਨਵਰੀ ਤੱਕ ਛੁੱਟੀਆਂ ਵਧਾ ਦਿੱਤੀਆਂ ਸਨ। ਹਾਲਾਂਕਿ ਸਿੱਖਿਆ ਵਿਭਾਗ ਦੇ ਨਿਰਦੇਸ਼ਾਂ ਮਗਰੋਂ ਅਧਿਆਪਕ 2 ਜਨਵਰੀ ਤੋਂ ਹੀ ਬੱਚਿਆਂ ਨੂੰ ਆਨ-ਲਾਈਨ ਪੜ੍ਹਾ ਰਹੇ ਸਨ।

**ਸਕੂਲਾਂ ਦਾ ਸਮਾਂ ਘਟਾਉਣ ਦੀ ਮੰਗ**

ਡੈਮੋਕਰੈਟਿਕ ਟੀਚਰਜ਼ ਫਰੰਟ (ਡੀ ਟੀ ਐੱਫ) ਪੰਜਾਬ ਨੇ ਹੱਡ-ਚੀਰਵੀਂ ਠੰਢ ਦੌਰਾਨ ਵਿਦਿਆਰਥੀਆਂ ਦੀ ਸਿਹਤ ਅਤੇ ਸੁਰੱਖਿਆ ਦੇ ਮੱਦੇਨਜ਼ਰ ਸਕੂਲਾਂ ਦਾ ਸਮਾਂ ਸਵੇਰੇ ਦਸ ਵਜੇ ਤੋਂ ਬਾਅਦ ਦੁਪਹਿਰ ਤਿੰਨ ਵਜੇ ਤੱਕ ਕਰਨ ਦੀ ਮੰਗ ਕੀਤੀ ਹੈ। ਜਥੇਬੰਦੀ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਜਨਰਲ ਸਕੱਤਰ ਮਹਿੰਦਰ ਕੌੜਿਆਂਵਾਲੀ ਅਤੇ ਵਿੱਤ ਸਕੱਤਰ ਅਸ਼ਵਨੀ ਅਵਸਥੀ ਨੇ ਕਿਹਾ ਕਿ ਪੰਜਾਬ ਵਿੱਚ ਪਿਛਲੇ ਕਈ ਦਿਨਾਂ ਤੋਂ ਕੜਾਕੇ ਦੀ ਠੰਢ ਪੈ ਰਹੀ ਹੈ। ਧੁੰਦ ਵਧਣ ਕਾਰਨ ਹਾਦਸੇ ਹੋ ਰਹੇ ਹਨ। ਆਗੂਆਂ ਨੇ ਕਿਹਾ ਕਿ ਮੌਸਮ ਤਬਦੀਲੀਆਂ ਦੇ ਮੱਦੇਨਜ਼ਰ ਕੈਲੰਡਰ ਵਿੱਚ ਛੁੱਟੀਆਂ ਤਬਦੀਲ ਕਰਨ ਦੀ ਲੋੜ ਹੈ, ਸਰਦੀਆਂ ਦੀਆਂ ਛੁੱਟੀਆਂ ਪਹਿਲੀ ਜਨਵਰੀ ਤੋਂ ਸ਼ੁਰੂ ਹੋਣੀਆਂ ਚਾਹੀਦੀਆਂ ਹਨ। ਅਤਿ ਦੀ ਠੰਢ ਦੌਰਾਨ ਬੱਚਿਆਂ ਦਾ ਸਵੇਰੇ ਤਿਆਰ ਹੋ ਕੇ ਸਕੂਲ ਪੁੱਜਣਾ ਕਾਫ਼ੀ ਮੁਸ਼ਕਲ ਹੈ ਅਤੇ ਇਸੇ ਕਾਰਨ ਵਿਦਿਆਰਥੀਆਂ ਦੀ ਹਾਜ਼ਰੀ ਬਹੁਤ ਘੱਟ ਹੈ। ਪਿਛਲੇ ਸਾਲਾਂ ਵਿੱਚ ਧੁੰਦ ਦੇ ਮੱਦੇਨਜ਼ਰ ਹੋਣ ਵਾਲੇ ਹਾਦਸਿਆਂ ਕਾਰਨ ਕਈ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਜਾਨ ਗੁਆਉਣੀ ਪਈ ਹੈ। ਸਰਕਾਰੀ ਸਕੂਲਾਂ ਵਿੱਚ ਠੰਢ ਤੋਂ ਬਚਣ ਦੇ ਕੋਈ ਵਿਸ਼ੇਸ਼ ਪ੍ਰਬੰਧ ਨਹੀਂ ਹਨ। ਆਗੂਆਂ ਨੇ ਸਰਦੀਆਂ ਵਿੱਚ ਐੱਲ ਕੇ ਜੀ ਤੋਂ ਬਾਰ੍ਹਵੀਂ ਤੱਕ ਸਕੂਲਾਂ ਦਾ ਸਮਾਂ 31 ਜਨਵਰੀ ਤੱਕ ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ 3 ਵਜੇ ਤੱਕ ਕਰਨ ਦੀ ਮੰਗ ਕੀਤੀ।

# ਤਜਰਬੇ ਛੱਡੋ, ਅਕਾਲੀ ਦਲ ਨੂੰ ਮੁੜ ਸੱਤਾ 'ਚ ਲਿਆਓ: ਸੁਖਬੀਰ

'ਆਪ' ਸਰਕਾਰ ਨੂੰ ਨਿਸ਼ਾਨੇ 'ਤੇ ਲਿਆ; ਚੋਣਾਂ ਤੋਂ ਪਹਿਲਾਂ ਹੀ ਦਿੱਤੀਆਂ ਗਾਰੰਟੀਆਂ

ਸ੍ਰੀ ਮੁਕਤਸਰ ਸਾਹਿਬ, 18 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-




ਮੇਲਾ ਮਾਘੀ ਮੌਕੇ ਚਾਲ੍ਹੀ ਮੁਕਤਿਆਂ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਆਮ ਆਦਮੀ ਪਾਰਟੀ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਨੇ 2027 ਵਿੱਚ ਆਪੋ-ਆਪਣੀ ਸਰਕਾਰ ਬਣਨ ਦੇ ਦਾਅਵੇ ਕਰਦਿਆਂ ਪੰਜਾਬੀਆਂ ਨੂੰ ਆਪੋ-ਆਪਣੇ ਹੱਕ ਵਿੱਚ ਭੁਗਤਾਉਣ ਲਈ ਤਰ੍ਹਾਂ-ਤਰ੍ਹਾਂ ਦੇ ਸਬਜ਼ਬਾਗ ਵਿਖਾਏ ਗਏ। ਭਾਵੇਂ ਭਾਜਪਾ ਤੇ ਅਕਾਲੀ ਦਲ ਨੇ ਰਲ ਕੇ ਚੋਣਾਂ ਲੜਨ ਦੀ ਕੋਈ ਗੱਲ ਨਹੀਂ ਕੀਤੀ ਪਰ ਸਿਆਸੀ ਵਿਰੋਧੀ ਵਾਂਗ ਇਕ-ਦੂਜੇ ਉਪਰ ਕੋਈ ਸ਼ਬਦੀ ਵਾਰ ਵੀ ਨਹੀਂ ਕੀਤਾ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਤਾਂ ਆਪਣੇ ਭਾਸ਼ਣ 'ਚ ਭਾਜਪਾ ਦਾ ਨਾਮ ਤੱਕ ਵੀ ਨਹੀਂ ਲਿਆ। ਦੋਵੇਂ ਪਾਰਟੀਆਂ ਨੇ ਦਾਅਵਾ ਕੀਤਾ ਕਿ ਪੰਜਾਬ ਇਸ ਵੇਲੇ ਬਹੁਤ ਖਤਰਨਾਕ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਸੁਖਬੀਰ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਕਿ ਪੰਜਾਬ ਏਜੰਸੀਆਂ ਦੇ ਖਤਰਨਾਕ ਦੌਰ 'ਚ ਫਸਿਆ ਹੋਇਆ ਹੈ, ਆਰਥਿਕ ਤੌਰ 'ਤੇ ਤਬਾਹ ਹੋ ਰਿਹਾ ਹੈ ਅਤੇ ਸੂਬੇ 'ਚ ਐਮਰਜੈਂਸੀ ਵਰਗੇ ਹਾਲਾਤ ਹਨ।

ਸਰਕਾਰ ਬਣਾਉਣ ਦਾ ਜ਼ੋਰਦਾਰ ਦਾਅਵਾ ਪੇਸ਼ ਕਰਦਿਆਂ ਸੁਖਬੀਰ ਬਾਦਲ ਨੇ ਕਿਹਾ, "ਹੱਥ ਜੋੜ ਕੇ ਬੇਨਤੀ ਹੈ ਕਿ ਆਪਣੀ ਮਾਂ ਪਾਰਟੀ ਨੂੰ ਵਾਪਸ ਲੈ ਕੇ ਆਓ ਅਤੇ ਤਜਰਬੇ ਛੱਡ ਦਿਓ।" ਉਨ੍ਹਾਂ ਦਰਜਨ ਭਰ ਗਾਰੰਟੀਆਂ ਦਿੰਦਿਆਂ ਕਿਹਾ ਕਿ ਜੇ ਅਗਾਮੀ ਵਿਧਾਨ ਸਭਾ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਦੀ ਹੈ ਤਾਂ 10 ਦਿਨਾਂ 'ਚ ਹੀ ਸਾਰੀਆਂ ਗਾਰੰਟੀਆਂ ਪੂਰੀਆਂ ਕਰ ਦਿੱਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਹਰੇਕ ਜ਼ਿਲ੍ਹੇ ਵਿੱਚ ਇਕ ਮੈਡੀਕਲ ਕਾਲਜ ਖੋਲ੍ਹਿਆ ਜਾਵੇਗਾ ਜਿਥੇ 50 ਫ਼ੀਸਦੀ ਸੀਟਾਂ 'ਤੇ ਲੋੜਵੰਦ ਵਿਦਿਆਰਥੀਆਂ ਨੂੰ ਅੱਧੀ ਫੀਸ 'ਤੇ ਪੜ੍ਹਾਈ ਕਰਵਾਈ ਜਾਵੇਗੀ। ਸਰਕਾਰ ਬਣਨ ਦੇ 10 ਦਿਨਾਂ ਦੇ ਅੰਦਰ-ਅੰਦਰ ਬਾਰਡਰ ਖੇਤਰ ਦੇ ਕਿਸਾਨਾਂ ਦੀਆਂ ਜ਼ਮੀਨਾਂ ਦੇ ਪੱਕੇ ਹੱਲ ਅਤੇ ਲੋੜਵੰਦ ਕਿਸਾਨਾਂ ਨੂੰ ਟਿਊਬਵੈੱਲ ਕੁਨੈਕਸ਼ਨ ਦਿੱਤੇ ਜਾਣਗੇ। ਇਸ ਦੇ ਨਾਲ ਹੀ ਅੰਡਰ ਗਰਾਊਂਡ ਪਾਈਪਾਂ ਰਾਹੀਂ ਹਰੇਕ ਖੇਤ ਨੂੰ ਪਾਣੀ ਦਿੱਤਾ ਜਾਵੇਗਾ, ਸਰਹੰਦ ਨਹਿਰ 'ਤੇ ਲੱਗੇ ਲਿਫਟ ਪੰਪ ਬੰਦ ਨਹੀਂ ਹੋਣਗੇ, ਕਾਂਗਰਸ ਰਾਜ ਦੌਰਾਨ ਇੰਦਰਾ ਗਾਂਧੀ ਵੱਲੋਂ ਧੱਕੇ ਨਾਲ ਬਣਾਈ ਰਾਜਸਥਾਨ ਫੀਡਰ ਬੰਦ ਕਰਵਾ ਕੇ ਉਸ ਦਾ ਪਾਣੀ ਪੰਜਾਬ ਨੂੰ ਦਿੱਤਾ ਜਾਵੇਗਾ, ਸਾਰੀਆਂ ਜ਼ਮੀਨਾਂ ਦੇ ਇੰਤਕਾਲ ਅਤੇ ਲਾਲ ਡੋਰੇ ਅੰਦਰਲੀ ਜ਼ਮੀਨ ਦੀ ਰਜਿਸਟਰੀ ਕਰਨ ਦੇ ਹੁਕਮ ਜਾਰੀ ਕੀਤੇ ਜਾਣਗੇ।

# ਪੰਥਕ ਧਿਰਾਂ ਇਕੱਠੀਆਂ ਹੋ ਕੇ ਚੋਣ ਲੜਨ: ਮਾਨ

ਸ੍ਰੀ ਮੁਕਤਸਰ ਸਾਹਿਬ, 18 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਪੰਜਾਬ ਵਿਧਾਨ ਸਭਾ 2027 ਦੀਆਂ ਚੋਣਾਂ ਸਮੇਂ ਸਾਰੀਆਂ ਪੰਥਕ ਧਿਰਾਂ ਨੂੰ ਇਕਜੁੱਟ ਹੋਣ ਦਾ ਸੱਦਾ ਦਿੱਤਾ ਹੈ। ਮੇਲਾ ਮਾਘੀ ਮੌਕੇ ਡੇਰਾ ਭਾਈ ਮਸਤਾਨ ਸਿੰਘ ਵਿੱਚ ਪਾਰਟੀ ਦੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਅਤੇ ਸਿੱਖ ਕੌਮ ਦੇ ਭਲੇ ਦਾ ਇਹੀ ਇੱਕੋ-ਇੱਕ ਰਾਹ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਸਾਰੀਆਂ ਪਾਰਟੀਆਂ ਬੇਸ਼ੱਕ ਆਪੋ-ਆਪਣਾ ਏਜੰਡਾ ਰੱਖਣ, ਪਰ ਚੋਣਾਂ ਮਿਲ ਕੇ ਲੜਨ। ਉਨ੍ਹਾਂ ਕਿਹਾ ਕਿ ਅਕਾਲੀ ਦਲ (ਅੰਮ੍ਰਿਤਸਰ) ਇਸ ਏਕਤਾ ਲਈ ਬਾਕੀ ਪੰਥਕ ਧਿਰਾਂ ਨਾਲ ਰਾਬਤਾ ਕਾਇਮ ਕਰ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਦੇਸ਼-ਵਿਦੇਸ਼ ਵਿੱਚ ਸਿੱਖਾਂ 'ਤੇ ਹੋ ਰਹੇ ਜ਼ੁਲਮਾਂ ਵਿਰੁੱਧ ਭਾਰਤ ਅਤੇ ਪੰਜਾਬ ਸਰਕਾਰ ਦੇ ਨਾਲ-ਨਾਲ ਵਿਰੋਧੀ ਧਿਰ ਦੇ ਆਗੂ ਵੀ ਚੁੱਪ ਹਨ। ਉਨ੍ਹਾਂ ਪ੍ਰਤਾਪ ਸਿੰਘ ਬਾਜਵਾ, ਰਾਜਾ ਵੜਿੰਗ ਅਤੇ ਸੁਖਬੀਰ ਸਿੰਘ ਬਾਦਲ ਸਮੇਤ ਸ਼੍ਰੋਮਣੀ ਕਮੇਟੀ ਦੀ ਚੁੱਪ 'ਤੇ ਸਵਾਲ ਚੁੱਕੇ।

ਅਮਰੀਕਾ ਵੱਲੋਂ ਵੈਨੇਜ਼ੁਏਲਾ 'ਤੇ ਕੀਤੀ ਕਾਰਵਾਈ ਨੂੰ ਜਾਇਜ਼ ਠਹਿਰਾਉਂਦਿਆਂ ਉਨ੍ਹਾਂ ਕਿਹਾ ਕਿ ਅਮਰੀਕਾ ਨੂੰ ਇਰਾਨ ਨਾਲ ਵੀ ਇਸੇ ਤਰ੍ਹਾਂ ਨਜਿੱਠਣਾ ਚਾਹੀਦਾ ਹੈ।

# ਅਵਾਰਾ ਕੁੱਤਿਆਂ ਨੇ 5 ਸਾਲ ਦੀ ਮਾਸੂਮ ਬੱਚੀ ਦਾ ਖਾਧਾ ਅੱਧਾ ਸਿਰ; ਪੀਜੀਆਈ ਰੈਫਰ

ਬਟਾਲਾ, 18 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਅਵਾਰਾ ਕੁੱਤਿਆਂ ਦੀ ਦਹਿਸ਼ਤ ਦੀਆਂ ਖਬਰਾਂ ਹਰ ਰੋਜ ਸੁਣਨ ਨੂੰ ਮਿਲ ਰਹੀਆਂ ਹਨ। ਬਟਾਲਾ ਦੇ ਨਜ਼ਦੀਕੀ ਪਿੰਡ ਬਸਰਾਵਾਂ ਦੇ ਇੱਕ ਭੱਠੇ ਤੇ ਕੰਮ ਕਰਦੇ ਪ੍ਰਵਾਸੀ ਮਜ਼ਦੂਰ ਦੀ ਇੱਕ ਪੰਜ ਸਾਲਾ ਬੱਚੀ ਨੂੰ ਅਵਾਰਾ ਕੁੱਤਿਆਂ ਨੇ ਬੁਰੀ ਤਰ੍ਹਾਂ ਨੋਚਿਆ। ਬੱਚੀ ਦੀ ਹਾਲਤ ਗੰਭੀਰ ਹੈ ਜਿਸ ਨੂੰ ਇਲਾਜ ਲਈ ਪਹਿਲਾਂ ਅੰਮ੍ਰਿਤਸਰ ਰੈਫਰ ਕੀਤਾ ਗਿਆ, ਜਿੱਥੋਂ ਉਸਨੂੰ ਪੀਜੀਆਈ ਚੰਡੀਗੜ੍ਹ ਲਈ ਰੈਫਰ ਕਰ ਦਿੱਤਾ ਗਿਆ ਹੈ। ਕੁੱਤਿਆਂ ਦਾ ਸ਼ਿਕਾਰ ਹੋਈ ਬੱਚੀ ਪੂਰਬੀ ਦੇ ਪਿਤਾ ਪ੍ਰਮੋਦ ਅਤੇ ਮਾਤਾ ਅੰਬਿਕਾ ਵਾਸੀ ਛੱਤੀਸਗੜ੍ਹ ਹਾਲ ਵਾਸੀ ਬਸਰਾਵਾਂ ਕਾਦੀਆਂ ਨੇ ਦੱਸਿਆ ਕਿ ਉਹ ਭੱਠੇ ਤੇ ਮਜ਼ਦੂਰੀ ਕਰਦੇ ਹਨ ਅਤੇ ਲੋਹੜੀ ਦੀ ਸ਼ਾਮ ਨੂੰ ਉਸ ਦੀ ਬੱਚੀ ਪਹਿਲਾ ਆਪਣੇ ਕਮਰੇ ਦੇ ਨਜ਼ਦੀਕ ਖੇਡ ਰਹੀ ਸੀ ਅਤੇ ਖੇਡਦਿਆਂ ਖੇਡਦਿਆਂ ਉਹ ਕੁਝ ਦੂਰੀ ਤੇ ਚਲੀ ਗਈ।

ਉਹਨਾਂ ਦੱਸਿਆ ਕਿ ਚਾਰ ਪੰਜ ਅਵਾਰਾ ਕੁੱਤਿਆਂ ਨੇ ਉਹਨਾਂ ਦੀ ਬੱਚੀ ਪੂਰਬੀ ਨੂੰ ਘੇਰ ਕੇ ਆਪਣਾ ਸ਼ਿਕਾਰ ਬਣਾ ਲਿਆ ਅਤੇ ਜਦ ਬੱਚੀ ਦੀਆਂ ਚੀਕਾਂ ਸੁਣੀਆਂ ਤਾਂ ਉਹ ਮੌਕੇ ਤੇ ਪੁੱਜੇ ਤਾਂ ਦੇਖਿਆ ਕਿ ਉਹਨਾਂ ਦੀ ਬੱਚੀ ਖੂਨ ਨਾਲ ਲੱਥਪੱਥ ਹੋਈ ਸੀ ਅਤੇ ਉਸਦੇ ਸਿਰ ਦਾ ਇੱਕ ਹਿੱਸਾ ਕੁੱਤਿਆਂ ਨੇ ਨੋਚ ਨੋਚ ਕੇ ਖਾ ਲਿਆ ਸੀ।

# ਨਵੇਂ ਅਕਾਲੀ ਦਲ 'ਚ ਵੀ ਪਈਆਂ ਤਰੇੜਾਂ, ਚਰਨਜੀਤ ਬਰਾੜ ਤੇ ਰਮਨਦੀਪ ਨੇ ਛੱਡੀ ਪਾਰਟੀ

ਚੰਡੀਗੜ੍ਹ, 18 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-





ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਵਿੱਚ ਚੱਲ ਰਹੀ ਅੰਦਰੂਨੀ ਖਿੱਚੋਤਾਣ ਦਰਮਿਆਨ ਪਾਰਟੀ ਨੂੰ ਉਸ ਸਮੇਂ ਵੱਡਾ ਝਟਕਾ ਲੱਗਾ ਜਦੋਂ ਪਾਰਟੀ ਦੇ ਜਨਰਲ ਸਕੱਤਰ ਅਤੇ ਮੁੱਖ ਬੁਲਾਰਾ ਚਰਨਜੀਤ ਸਿੰਘ ਬਰਾੜ ਨੇ ਪਾਰਟੀ ਦੇ ਸਾਰੇ ਅਹੁਦਿਆਂ ਅਤੇ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ। ਉਨ੍ਹਾਂ ਨੇ ਆਪਣਾ ਅਸਤੀਫ਼ਾ ਸਟੇਟ ਅਤੇ ਸਰਕਲ ਡੈਲੀਗੇਟਾਂ ਨੂੰ ਸੰਬੋਧਨ ਕਰਦਿਆਂ ਜਾਰੀ ਕੀਤਾ ਹੈ। ਬਰਾੜ ਨੇ ਕਿਹਾ ਕਿ ਜਿਨ੍ਹਾਂ ਸਿਧਾਂਤਕ ਕੁਤਾਹੀਆਂ ਕਰਕੇ ਉਨ੍ਹਾਂ ਨੇ ਬਾਦਲ ਪਰਿਵਾਰ ਨਾਲ ਆਪਣੀ ਪੁਰਾਣੀ ਸਾਂਝ ਤੋੜੀ ਸੀ, ਬਦਕਿਸਮਤੀ ਨਾਲ ਨਵੀਂ ਬਣੀ 'ਪੁਨਰ ਸੁਰਜੀਤ' ਲਹਿਰ ਵਿੱਚ ਵੀ ਉਨ੍ਹਾਂ ਸਿਧਾਂਤਾਂ 'ਤੇ ਪਹਿਰਾ ਨਹੀਂ ਦਿੱਤਾ ਜਾ ਰਿਹਾ। ਉਨ੍ਹਾਂ ਦੋਸ਼ ਲਾਇਆ ਕਿ 11 ਅਗਸਤ ਨੂੰ ਪ੍ਰਧਾਨ ਦੀ ਚੋਣ ਤੋਂ ਬਾਅਦ ਪਿਛਲੇ ਪੰਜ ਮਹੀਨਿਆਂ ਵਿੱਚ ਪਾਰਟੀ ਕਿਸੇ ਵੀ ਜਨਤਕ ਮੁੱਦੇ 'ਤੇ ਜ਼ਮੀਨੀ ਪੱਧਰ 'ਤੇ ਲੜਦੀ ਨਜ਼ਰ ਨਹੀਂ ਆਈ ਅਤੇ ਨਾ ਹੀ ਵਰਕਰਾਂ ਨੂੰ ਕੋਈ ਠੋਸ ਪ੍ਰੋਗਰਾਮ ਦਿੱਤਾ ਗਿਆ। ਬਰਾੜ ਨੇ ਭਰੇ ਮਨ ਨਾਲ ਲਿਖਿਆ ਕਿ ਮਾਲਵੇ ਸਮੇਤ ਪੂਰੇ ਪੰਜਾਬ ਵਿੱਚ ਉਨ੍ਹਾਂ ਨੇ ਦਿਨ-ਰਾਤ ਮਿਹਨਤ ਕਰਕੇ ਜੋ ਭਰਤੀ ਕਰਵਾਈ ਸੀ, ਲੀਡਰਸ਼ਿਪ ਦੀ ਸੁਸਤੀ ਕਾਰਨ ਉਨ੍ਹਾਂ ਸਾਰੇ ਡੈਲੀਗੇਟਾਂ ਅਤੇ ਵਰਕਰਾਂ ਦਾ ਮਨੋਬਲ ਟੁੱਟ ਚੁੱਕਾ ਹੈ।

**ਮੀਡੀਆ ਐਡਵਾਈਜ਼ਰ ਨੇ ਵੀ ਛੱਡੀ ਪਾਰਟੀ**

ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਵਿੱਚ ਕੁੱਝ ਵੀ ਠੀਕ ਨਹੀਂ ਚੱਲ ਰਿਹਾ। ਪਾਰਟੀ ਦਫਤਰ ਦੇ ਮਜ਼ਬੂਤ ਪਿੱਲਰ ਚਰਨਜੀਤ ਸਿੰਘ ਬਰਾੜ ਦੇ ਅਸਤੀਫੇ ਤੋਂ ਬਾਅਦ ਬਰਾੜ ਦੀ ਸੱਜੀ ਬਾਂਹ ਮੰਨੇ ਜਾਂਦੇ ਰਮਨਦੀਪ ਨੇ ਮੀਡੀਆ ਐਡਵਾਈਜ਼ਰ ਦੇ ਅਹੁਦੇ ਤੋਂ ਆਪਣਾ ਅਸਤੀਫਾ ਦੇ ਦਿੱਤਾ ਹੈ। ਹਾਲਾਂਕਿ ਜਾਣਕਾਰੀ ਅਨੁਸਾਰ ਰਮਨਦੀਪ ਨੇ ਕਾਫੀ ਦਿਨ ਪਹਿਲਾਂ ਹੀ ਆਪਣਾ ਅਸਤੀਫਾ ਭੇਜ ਦਿੱਤਾ ਸੀ ਪਰ ਪਾਰਟੀ ਵੱਲੋਂ ਅਸਤੀਫੇ ਨੂੰ ਜਨਤਕ ਨਹੀਂ ਕੀਤਾ ਗਿਆ। ਚਰਨਜੀਤ ਸਿੰਘ ਬਰਾੜ ਅਤੇ ਰਮਨਦੀਪ ਨੂੰ ਮਨਾਉਣ ਲਈ ਆਗੂਆਂ ਦੀ ਡਿਊਟੀ ਵੀ ਲੱਗੀ ਸੀ। ਹਾਲਾਂਕਿ ਅਸਤੀਫ਼ਾ ਦੇਣ ਤੋਂ ਬਾਅਦ ਸਰਦਾਰ ਚਰਨਜੀਤ ਸਿੰਘ ਬਰਾੜ ਨੇ ਮੀਡੀਆ ਵਿੱਚ ਕੁਝ ਵੀ ਬੋਲਣ ਤੋਂ ਗੁਰੇਜ ਕੀਤਾ ਤਾਂ ਰਮਨਦੀਪ ਨੇ ਕਿਹਾ ਕਿ ਨਿੱਜੀ ਤੌਰ 'ਤੇ ਉਨ੍ਹਾਂ ਦੀ ਚਰਨਜੀਤ ਸਿੰਘ ਨਾਲ ਕੋਈ ਗੱਲਬਾਤ ਨਹੀਂ ਹੋਈ, ਪਰ ਉਹ ਹਮੇਸ਼ਾ ਚਰਨਜੀਤ ਸਿੰਘ ਬਰਾੜ ਦੇ ਨਾਲ ਖੜ੍ਹੇ ਨਜ਼ਰ ਆਉਣਗੇ।

# ਪੰਜਾਬ ਸਰਕਾਰ ਵੱਲੋਂ 16 ਜਨਵਰੀ ਨੂੰ ਮੋਹਾਲੀ ਤੋਂ ਸੂਬਾ ਪੱਧਰੀ ਮੁਹਿੰਮ 'ਸਾਡੇ ਬਜ਼ੁਰਗ, ਸਾਡਾ ਮਾਣ' ਸ਼ੁਰੂ: ਡਾ. ਬਲਜੀਤ ਕੌਰ

ਚੰਡੀਗੜ੍ਹ, 18 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ 16 ਜਨਵਰੀ, 2026 ਨੂੰ ਜ਼ਿਲ੍ਹਾ ਐਸ.ਏ.ਐਸ. ਨਗਰ (ਮੁਹਾਲੀ) ਤੋਂ 'ਸਾਡੇ ਬਜ਼ੁਰਗ, ਸਾਡਾ ਮਾਣ' ਰਾਜ ਪੱਧਰੀ ਮੁਹਿੰਮ ਦੀ ਰਸਮੀ ਸ਼ੁਰੂਆਤ ਕਰਨ ਜਾ ਰਹੀ ਹੈ, ਜਿਸਦਾ ਉਦੇਸ਼ ਬਿਰਧ ਨਾਗਰਿਕਾਂ ਦੀ ਭਲਾਈ, ਸੁਰੱਖਿਆ ਅਤੇ ਸਨਮਾਨਜਨਕ ਜੀਵਨ ਨੂੰ ਯਕੀਨੀ ਬਣਾਉਣਾ ਹੈ। ਜਨਤਕ ਹਿੱਤ ਵਿੱਚ ਅਗਾਊਂ ਜਾਣਕਾਰੀ ਦਿੰਦਿਆਂ ਪੰਜਾਬ ਸਰਕਾਰ ਨੇ ਕਿਹਾ ਕਿ ਇਸ ਪਹਿਲਕਦਮੀ ਦਾ ਉਦੇਸ਼ ਸੂਬੇ ਭਰ ਦੇ ਬਜ਼ੁਰਗ ਨਾਗਰਿਕਾਂ ਦੀ ਵੱਧ ਤੋਂ ਵੱਧ ਭਾਗੀਦਾਰੀ ਨੂੰ ਯਕੀਨੀ ਬਣਾਉਣਾ ਹੈ।

ਮੁਹਿੰਮ ਦੇ ਵੇਰਵੇ ਸਾਂਝੇ ਕਰਦਿਆਂ ਪੰਜਾਬ ਦੀ ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਸਾਡੇ ਬਜ਼ੁਰਗ, ਸਾਡਾ ਮਾਣ ਮੁਹਿੰਮ ਦਾ ਮੁੱਖ ਉਦੇਸ਼ ਸੀਨੀਅਰ ਨਾਗਰਿਕਾਂ ਨੂੰ ਜ਼ਰੂਰੀ ਸਿਹਤ ਸੇਵਾਵਾਂ, ਕਾਨੂੰਨੀ ਜਾਗਰੂਕਤਾ ਅਤੇ ਸਰਕਾਰੀ ਭਲਾਈ ਸਕੀਮਾਂ ਨਾਲ ਜੋੜਨਾ ਹੈ ਤਾਂ ਜੋ ਉਹ ਇੱਕ ਸੁਰੱਖਿਅਤ ਅਤੇ ਸਨਮਾਨਜਨਕ ਜੀਵਨ ਬਤੀਤ ਕਰ ਸਕਣ। ਉਨ੍ਹਾਂ ਦੱਸਿਆ ਕਿ ਇਹ ਮੁਹਿੰਮ ਵਿੱਤੀ ਸਾਲ 2025-26 ਲਈ ਸੀਨੀਅਰ ਨਾਗਰਿਕਾਂ ਲਈ ਰਾਜ ਕਾਰਜ ਯੋਜਨਾ ਤਹਿਤ ਲਾਗੂ ਕੀਤੀ ਜਾ ਰਹੀ ਹੈ, ਜਿਸ ਵਿੱਚ ਬਜ਼ੁਰਗ ਵਿਅਕਤੀਆਂ ਦੀ ਸਮੁੱਚੀ ਭਲਾਈ ਅਤੇ ਸਮਾਜਿਕ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਪੰਜਾਬ ਭਰ ਵਿੱਚ ਜ਼ਿਲ੍ਹਾ-ਵਾਰ ਕੈਂਪ ਲਗਾਏ ਜਾਣਗੇ।

ਇਸ ਸਕੀਮ ਤਹਿਤ ਮੁਹੱਈਆ ਕਰਵਾਈਆਂ ਜਾਣ ਵਾਲੀਆਂ ਸੇਵਾਵਾਂ ਬਾਰੇ ਦੱਸਦਿਆਂ ਮੰਤਰੀ ਨੇ ਕਿਹਾ ਕਿ ਇਨ੍ਹਾਂ ਕੈਂਪਾਂ ਦੌਰਾਨ, ਸਿਹਤ ਵਿਭਾਗ ਵੱਲੋਂ ਬਜ਼ੁਰਗ ਨਾਗਰਿਕਾਂ ਲਈ ਮੁਫ਼ਤ ਆਮ ਸਿਹਤ ਜਾਂਚ, ਆਰਥੋਪੀਡਿਕ ਦੇਖਭਾਲ, ਈਐਨਟੀ ਸੇਵਾਵਾਂ, ਅੱਖਾਂ ਦੀ ਜਾਂਚ ਦੇ ਨਾਲ-ਨਾਲ ਹੋਮਿਓਪੈਥਿਕ ਅਤੇ ਆਯੁਰਵੈਦਿਕ ਇਲਾਜ ਦੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ। ਉਨ੍ਹਾਂ ਅੱਗੇ ਦੱਸਿਆ ਕਿ ਸਮਾਜਿਕ ਸੁਰੱਖਿਆ ਵਿਭਾਗ ਸਮਾਜਿਕ ਸੁਰੱਖਿਆ ਪੈਨਸ਼ਨਾਂ ਲਈ ਮੌਕੇ 'ਤੇ ਨਾਮਾਂਕਣ, ਸੀਨੀਅਰ ਸਿਟੀਜ਼ਨ ਕਾਰਡ ਅਤੇ ਅਲੀਮਕੋ (ਆਰਟੀਫੀਸ਼ੀਅਲ ਲਿੰਬਸ ਮੈਨੂਫੈਕਚਰਿੰਗ ਕਾਰਪੋਰੇਸ਼ਨ ਆਫ ਇੰਡੀਆ) ਕਾਰਡ ਜਾਰੀ ਕਰਨ ਦੀ ਸਹੂਲਤ ਦੇਵੇਗਾ ਅਤੇ ਰਾਸ਼ਟਰੀ ਵਯੋਸ਼੍ਰੀ ਯੋਜਨਾ ਨਾਲ ਸਬੰਧਤ ਸਹਾਇਤਾ ਅਤੇ ਜਾਣਕਾਰੀ ਪ੍ਰਦਾਨ ਕਰੇਗਾ।

ਕੈਬਨਿਟ ਮੰਤਰੀ ਨੇ ਅੱਗੇ ਦੱਸਿਆ ਕਿ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਬਿਰਧ ਨਾਗਰਿਕਾਂ ਨੇ ਮਾਪਿਆਂ ਅਤੇ ਸੀਨੀਅਰ ਸਿਟੀਜ਼ਨਜ਼ ਦੀ ਦੇਖਭਾਲ ਅਤੇ ਭਲਾਈ ਐਕਟ, 2007 ਦੇ ਨਾਲ-ਨਾਲ ਹੋਰ ਕਾਨੂੰਨੀ ਅਧਿਕਾਰਾਂ ਬਾਰੇ ਜਾਗਰੂਕ ਕਰੇਗੀ, ਤਾਂ ਜੋ ਉਹ ਸੁਰੱਖਿਅਤ ਅਤੇ ਸਸ਼ਕਤ ਮਹਿਸੂਸ ਕਰ ਸਕਣ। ਉਨ੍ਹਾਂ ਦੱਸਿਆ ਕਿ ਆਯੂਸ਼ ਵਿਭਾਗ ਅਤੇ ਯੁਵਾ ਮਾਮਲਿਆਂ ਦੇ ਵਿਭਾਗ ਦੇ ਸਹਿਯੋਗ ਨਾਲ, ਸਿਹਤ ਜਾਗਰੂਕਤਾ ਨੂੰ ਉਤਸ਼ਾਹਿਤ ਕਰਨ, ਅੰਤਰ-ਪੀੜ੍ਹੀ ਸਬੰਧਾਂ ਅਤੇ ਸਮਾਜਿਕ ਸੁਰੱਖਿਆ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰਨ ਲਈ ਯੋਗਾ ਸੈਸ਼ਨ ਅਤੇ ਨੁੱਕੜ ਨਾਟਕ ਵੀ ਕਰਵਾਏ ਜਾਣਗੇ।

ਬਜ਼ੁਰਗਾਂ ਦੀਆਂ ਵਿਸ਼ੇਸ਼ ਲੋੜਾਂ 'ਤੇ ਧਿਆਨ ਕੇਂਦਰਿਤ ਕਰਦਿਆਂ ਡਾ. ਬਲਜੀਤ ਕੌਰ ਨੇ ਕਿਹਾ ਕਿ ਇਨ੍ਹਾਂ ਕੈਂਪਾਂ ਦੌਰਾਨ ਜ਼ਰੂਰੀ ਸਹਾਇਕ ਉਪਕਰਣ ਜਿਵੇਂ ਕਿ ਨੇੜੇ ਦੀ ਨਜ਼ਰ ਲਈ ਐਨਕਾਂ, ਸੁਣਨ ਵਾਲੀਆਂ ਮਸ਼ੀਨਾਂ, ਤੁਰਨ ਵਾਲੇ ਸਹਾਇਕ ਸਾਧਨ, ਸਰਵਾਈਕਲ ਕਾਲਰ, ਬੈਲਟ ਅਤੇ ਵ੍ਹੀਲਚੇਅਰ ਮੌਕੇ 'ਤੇ ਹੀ ਵੰਡੇ ਜਾਣਗੇ। ਉਨ੍ਹਾਂ ਅੱਗੇ ਕਿਹਾ ਕਿ ਇਹ ਮੁਹਿੰਮ ਸਿਰਫ਼ ਸਹੂਲਤਾਂ ਪ੍ਰਦਾਨ ਕਰਨ ਤੋਂ ਕਿਤੇ ਉਪਰ ਹੈ। ਉਨ੍ਹਾਂ ਅੱਗੇ ਕਿਹਾ ਕਿ ਇਹ ਪਹਿਲ ਸਾਡੇ ਬਜ਼ੁਰਗ ਨਾਗਰਿਕਾਂ ਨੂੰ ਇਹ ਮਹਿਸੂਸ ਕਰਵਾਉਣ ਬਾਰੇ ਹੈ ਕਿ ਉਹ ਸਿਰਫ਼ ਲਾਭਪਾਤਰੀ ਨਹੀਂ ਹਨ, ਸਗੋਂ ਸਾਡੇ ਸਮਾਜ ਦਾ ਸਭ ਤੋਂ ਕੀਮਤੀ ਖਜ਼ਾਨਾ ਅਤੇ ਮਾਰਗਦਰਸ਼ਕ ਹਨ।

ਪਿਛਲੇ ਸਮੇਂ ਵਿੱਚ ਇਸੇ ਤਰ੍ਹਾਂ ਦੇ ਯਤਨਾਂ ਬਾਰੇ ਜ਼ਿਕਰ ਕਰਦਿਆਂ ਮੰਤਰੀ ਨੇ ਕਿਹਾ ਕਿ ਪਿਛਲੇ ਸਾਲਾਂ ਦੌਰਾਨ ਹਜ਼ਾਰਾਂ ਬਿਰਧ ਨਾਗਰਿਕਾਂ ਨੇ ਇਨ੍ਹਾਂ ਕੈਂਪਾਂ ਤੋਂ ਸਿੱਧੇ ਤੌਰ 'ਤੇ ਲਾਭ ਲਿਆ ਹੈ, ਜੋ ਕਿ ਇਸ ਪਹਿਲਕਦਮੀ ਦੇ ਪ੍ਰਭਾਵ ਨੂੰ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਬਜ਼ੁਰਗ ਨਾਗਰਿਕਾਂ ਦੀ ਸਹਾਇਤਾ ਲਈ ਇੱਕ ਟੋਲ-ਫ੍ਰੀ ਹੈਲਪਲਾਈਨ ਨੰਬਰ 14567 ਵੀ ਕਾਰਜਸ਼ੀਲ ਹੈ।

ਮੌਜੂਦਾ ਸਮੇਂ ਗੰਭੀਰ ਸਰਦੀਆਂ ਦੀ ਸਥਿਤਿ ਨੂੰ ਧਿਆਨ ਵਿੱਚ ਰੱਖਦਿਆਂ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਇਹ ਮੁਹਿੰਮ 16 ਜਨਵਰੀ ਨੂੰ ਸ਼ੁਰੂ ਹੋਵੇਗੀ ਅਤੇ ਦੂਜੇ ਜ਼ਿਲ੍ਹਿਆਂ ਵਿੱਚ ਸਿਹਤ ਕੈਂਪਾਂ ਦਾ ਅਗਲਾ ਪੜਾਅ 26 ਜਨਵਰੀ ਤੋਂ ਬਾਅਦ ਯੋਜਨਾਬੱਧ ਢੰਗ ਨਾਲ ਸ਼ੁਰੂ ਕੀਤਾ ਜਾਵੇਗਾ, ਜਿਸ ਵਿੱਚ ਬਿਰਧ ਨਾਗਰਿਕਾਂ ਦੀ ਸੁਰੱਖਿਆ ਅਤੇ ਤੰਦਰੁਸਤੀ ਨੂੰ ਧਿਆਨ ਵਿੱਚ ਰੱਖਦਿਆਂ ਉਨ੍ਹਾਂ ਨੂੰ ਗੁਣਵੱਤਾ ਸੇਵਾ ਪ੍ਰਦਾਨ ਕਰਨਾ ਯਕੀਨੀ ਬਣਾਇਆ ਜਾਵੇਗਾ।

ਬਿਰਧ ਨਾਗਰਿਕਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਅਪੀਲ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਉਹ 16 ਜਨਵਰੀ ਤੋਂ ਸ਼ੁਰੂ ਹੋਣ ਵਾਲੇ ਜ਼ਿਲ੍ਹਾ ਪੱਧਰੀ ਕੈਂਪਾਂ ਵਿੱਚ ਵੱਡੀ ਗਿਣਤੀ ਵਿੱਚ ਹਿੱਸਾ ਲੈਣ ਅਤੇ ਪੰਜਾਬ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਮੁਫ਼ਤ ਸਿਹਤ, ਕਾਨੂੰਨੀ ਅਤੇ ਭਲਾਈ ਸੇਵਾਵਾਂ ਦਾ ਵੱਧ ਤੋਂ ਵੱਧ ਲਾਭ ਉਠਾਉਣਾ ਯਕੀਨੀ ਬਣਾਉਣ।

**ਮੈਂ ਬਿਜਲੀ ਬਾਰੇ ਐਨਾ ਕੁ ਜਾਣਦਾ ਸੀ ਕਿ ਨੰਗੀ ਤਾਰ ਨੂੰ ਹੱਥ ਲਾਉਣ ਵਾਲਾ ਵਿਅਕਤੀ ਤਾਰ ਨਾਲ ਚਿੰਬੜ ਜਾਂਦਾ ਹੈ ਤੇ ਕੇਵਲ ਮੌਤ ਹੋਣ ਉਪਰੰਤ ਹੀ ਤਾਰ ਉਸ ਨੂੰ ਛੱਡਦੀ ਹੈ। ਮੇਰੇ ਮਨ ਵਿਚ ਇਹ ਇੱਛਾ ਜਾਗੀ ਕਿ ਦੇਖਿਆ ਜਾਵੇ ਕਿ ਬਿਜਲੀ ਕਰੰਟ ਕਿਹੋ ਜਿਹਾ ਮਹਿਸੂਸ ਹੁੰਦਾ ਹੈ...**

# ਬਚਪਨ ਦੀਆਂ ਖੋਜਾਂ



ਯਾਦਾਂ ਦੀ ਪਟਾਰੀ

ਹਰਜੀਤ ਸਿੰਘ ਸਿੱਧੂ

ਕਿਵੇਂ, ਕਿੱਥੇ ਅਤੇ ਕਿਉਂ? ਵਰਗੇ ਅਨੇਕਾਂ ਪ੍ਰਸ਼ਨ ਛੋਟੇ ਬੱਚਿਆਂ ਦੁਆਰਾ ਵੱਡਿਆਂ ਤੋਂ ਪੁੱਛੇ ਜਾਂਦੇ ਹਨ। ਇਨ੍ਹਾਂ ਦੇ ਸਹੀ ਅਤੇ ਢੁੱਕਵੇਂ ਉੱਤਰਾਂ ਨਾਲ ਬੱਚਿਆਂ ਦੇ ਗਿਆਨ ਭੰਡਾਰ ਵਿਚ ਵਾਧਾ ਹੁੰਦਾ ਹੈ ਅਤੇ ਉਨ੍ਹਾਂ ਦਾ ਬੌਧਿਕ ਵਿਕਾਸ ਜਾਰੀ ਰਹਿੰਦਾ ਹੈ। ਇਸ ਤੋਂ ਇਲਾਵਾ ਹਰੇਕ ਬੱਚਾ ਆਪਣੇ ਪੱਧਰ 'ਤੇ ਇਨ੍ਹਾਂ ਪ੍ਰਸ਼ਨਾਂ ਉੱਤਰਾਂ ਦੀ ਕਿਸ਼ਤੀ 'ਤੇ ਸਵਾਰ ਹੋ ਕੇ ਕਿਸੇ ਨਾ ਕਿਸੇ ਖੋਜ ਵੱਲ ਪ੍ਰੇਰਿਤ ਹੋਇਆ ਰਹਿੰਦਾ ਹੈ। ਭਾਵੇਂ ਇਹ ਵੱਖਰੀ ਗੱਲ ਹੈ ਕਿ ਉਚਿਤ ਗਿਆਨ, ਸਹੀ ਦਿਸ਼ਾ ਅਤੇ ਯੋਗ ਅਗਵਾਈ ਬਿਨਾਂ ਇਹ ਖੋਜਾਂ ਅੱਧ ਵਿਚਕਾਰ ਹੀ ਦਮ ਤੋੜ ਦਿੰਦੀਆਂ ਹਨ। ਇਸ ਸਬੰਧ ਵਿਚ ਮੈਂ ਆਪਣੇ ਬਚਪਨ ਦੀਆਂ ਕੁਝ ਘਟਨਾਵਾਂ ਪਾਠਕਾਂ ਨਾਲ ਸਾਂਝੀਆਂ ਕਰਨ ਲੱਗਾ ਹਾਂ।

### ਮਨ ਦੀ ਇੱਛਾ

ਦੂਜੀ ਘਟਨਾ ਬਿਜਲੀ ਨਾਲ ਸਬੰਧਤ ਹੈ। ਸਾਡੇ ਪਿੰਡ ਵਿਚ ਬਿਜਲੀ ਸਪਲਾਈ ਚਾਲੂ ਹੋਈ ਹੀ ਸੀ। ਬਿਜਲੀ ਬਾਰੇ ਐਨਾ ਕੁ ਤਾਂ ਜਾਣ ਗਿਆ ਸੀ ਕਿ ਨੰਗੀ ਤਾਰ ਨੂੰ ਹੱਥ ਲਾਉਣ ਵਾਲਾ ਵਿਅਕਤੀ ਤਾਰ ਨਾਲ ਹੀ ਚਿੰਬੜ ਜਾਂਦਾ ਹੈ ਅਤੇ ਕੇਵਲ ਮੌਤ ਹੋਣ ਉਪਰੰਤ ਹੀ ਇਹ ਤਾਰ ਉਸ ਵਿਅਕਤੀ ਨੂੰ ਛੱਡਦੀ ਹੈ। ਮੇਰੇ ਮਨ ਵਿਚ ਇਹ ਇੱਛਾ ਜਾਗੀ ਕਿ ਦੇਖਿਆ ਜਾਵੇ ਕਿ ਇਹ ਬਿਜਲੀ ਕਰੰਟ ਕਿਹੋ-ਜਿਹਾ ਮਹਿਸੂਸ ਹੁੰਦਾ ਹੈ। ਇਸ ਮੰਤਵ ਲਈ ਮੈਂ ਇਕ ਬਿਜਲੀ ਸ਼ੂ ਲੈ ਕੇ ਉਸ ਵਿਚ ਤਾਰ ਦੇ ਦੋਵੇਂ ਸਿਰੇ ਕਸ ਦਿੱਤੇ। ਮੈਂ ਘਰ ਦਿਆਂ ਤੋਂ ਚੋਰੀ ਇਹ ਤਿਆਰੀ ਕੀਤੀ ਅਤੇ ਆਪਣਾ ਸਾਮਾਨ ਲੁਕੋ ਕੇ ਰੱਖ ਦਿੱਤਾ। ਮੇਰੀ ਸਕੀਮ ਇਹ ਸੀ ਕਿ ਸ਼ੂ ਨੂੰ ਪਲੱਗ ਵਿਚ ਪਾ ਕੇ ਤਾਰ ਦੇ ਦੋਹਾਂ ਸਿਰਿਆਂ ਨੂੰ ਅੰਗੂਠੇ ਅਤੇ ਉਂਗਲਾਂ ਵਿਚਕਾਰ ਫੜਾਂਗਾ। ਸਵਿੱਚ ਆਨ ਕਰ ਕੇ ਉਸੇ ਸਮੇਂ ਹੀ ਬੰਦ ਕਰ ਦੇਵਾਂਗਾ। ਇਸ ਥੋੜ੍ਹੇ ਜਿਹੇ ਸਮੇਂ ਲਈ ਮੈਨੂੰ ਬਿਜਲੀ ਤੋਂ ਨੁਕਸਾਨ ਤਾਂ ਨਹੀਂ ਪਹੁੰਚੇਗਾ ਪਰ ਮੈਂ ਕਰੰਟ ਨੂੰ ਅਨੁਭਵ ਜਰੂਰ ਕਰ ਲਵਾਂਗਾ।

ਛੁੱਟੀ ਵਾਲੇ ਦਿਨ ਮੈਂ ਅਚਾਨਕ ਘਰ ਵਿਚ ਇਕੱਲਾ ਹੀ ਸੀ। ਮੈਂ ਉਪਰੋਕਤ ਪ੍ਰਯੋਗ ਨੂੰ ਕਰਨ ਦਾ ਮਨ ਬਣਾਇਆ। ਉਪਰੋਕਤ ਸਕੀਮ ਅਨੁਸਾਰ ਮੈਂ ਸ਼ੂ ਨੂੰ ਪਲੱਗ ਵਿਚ ਪਾ ਕੇ ਤਾਰ ਦੇ ਨੰਗੇ ਸਿਰੇ ਉਂਗਲਾਂ ਵਿਚਕਾਰ ਫੜ੍ਹ ਤੇ ਦੂਜੇ ਹੱਥ ਨਾਲ ਸਵਿੱਚ ਆਨ ਕਰਕੇ ਉਦੋਂ ਹੀ ਬੰਦ ਕਰ ਦਿੱਤੀ। ਮੈਨੂੰ ਕੁਝ ਵੀ ਮਹਿਸੂਸ ਨਹੀਂ ਹੋਇਆ ਸਗੋਂ ਮੇਰੇ ਕੰਨਾਂ ਨੇ ਪਟਾਖੇ ਵਰਗੀ ਆਵਾਜ਼ ਜ਼ਰੂਰ ਸੁਣੀ। ਮੈਂ ਬਲਬ ਜਗਾ ਕੇ ਦੇਖਿਆ ਤਾਂ ਉਹ ਵੀ ਨਹੀਂ ਜਲਿਆ। ਮੈਂ ਸੋਚਿਆ ਬਿਜਲੀ ਭੱਜ ਗਈ ਹੋਵੇਗੀ ਚਲੋ ਫਿਰ ਕਿਸੇ ਦਿਨ ਸਹੀ। ਮੈਂ ਆਪਣਾ ਉਪਕਰਣ ਲੁਕੋ ਕੇ ਰੱਖ ਦਿੱਤਾ। ਅਸਲੀ ਪੰਗਾ ਸ਼ਾਮ ਨੂੰ ਸਮਝ ਆਇਆ ਜਦੋਂ ਸਾਰੇ ਆਂਢ-ਗੁਆਂਢ ਦੀਆਂ ਲਾਈਟਾਂ ਜੱਗ ਪਈਆਂ ਪਰ ਸਾਡੇ ਘਰ ਦੀ ਬਿਜਲੀ ਸਪਲਾਈ ਬੰਦ ਸੀ। ਨਾਲ ਦੇ ਪਿੰਡੋਂ ਬਿਜਲੀ ਕਰਮਚਾਰੀ ਨੂੰ ਆਪਣੇ ਸਾਈਕਲ 'ਤੇ ਬਿਠਾ ਕੇ ਲਿਆਇਆ ਤਾਂ ਉਸ ਨੇ ਜਾਣਕਾਰੀ ਦਿੱਤੀ ਕਿ ਫ਼ਿਊਜ਼ ਉੱਡ ਗਿਆ ਸੀ। ਉਸ ਦੇ ਫ਼ਿਊਜ਼ ਲਾਉਣ ਨਾਲ ਸਾਡੀ ਲਾਈਟ ਵੀ ਚਾਲੂ ਹੋ ਗਈ। ਸਾਰੇ ਘਟਨਾਕ੍ਰਮ ਸਮੇਂ ਮੈਂ ਵਿਚਾਰਾ ਜਿਹਾ ਮੂੰਹ ਬਣਾਈ ਰੱਖਿਆ ਤਾਂ ਕਿ ਮੇਰੀ ਚੋਰੀ ਫੜੀ ਨਾ ਜਾਵੇ। ਕੁਝ ਸਾਲਾਂ ਬਾਅਦ ਪਤਾ ਲੱਗਾ ਕਿ ਮੇਰੀਆਂ ਉਂਗਲਾਂ ਵਿਚਲੀਆਂ ਦੋਹੇਂ ਤਾਰਾਂ ਆਪਸ ਵਿਚ ਜੁੜੀਆਂ ਹੋਣ ਕਰਕੇ ਫ਼ਿਊਜ਼ ਉੱਡ ਗਿਆ ਸੀ ਅਤੇ ਮੇਰਾ ਬਚਾਅ ਹੋ ਗਿਆ। ਜੇ ਅਜਿਹਾ ਨਾ ਹੁੰਦਾ ਤਾਂ ਮੇਰਾ ਰਾਮ ਨਾਮ ਸੱਤ ਹੋਣਾ ਵੱਟ ਤੇ ਪਿਆ ਸੀ।

### ਖੋਜ ਦੀ ਤੀਜੀ ਘਟਨਾ

ਖੋਜ ਦੀ ਤੀਜੀ ਘਟਨਾ ਵਿਚ ਮੇਰੇ ਵੱਡੇ ਭਾਈ ਸਾਹਿਬ ਵੀ ਸ਼ਾਮਲ ਸਨ। ਇਹ ਘਟਨਾ ਉਸ ਸਮੇਂ ਦੀ ਹੈ ਜਦੋਂ ਸਾਡੇ ਘਰ ਬਿਜਲੀ ਦਾ ਕੁਨੈਕਸ਼ਨ ਦਿੱਤਾ ਜਾ ਰਿਹਾ ਸੀ। ਉਸ ਸਮੇਂ ਲਾਲ ਰੰਗ ਦੇ ਲੰਬੇ ਅਤੇ ਆਇਤਾਕਾਰ ਲੱਕੜ ਦੇ ਬਕਸੇ ਅੰਦਰ ਮੀਟਰ ਲਾਇਆ ਜਾਂਦਾ ਸੀ। ਅਸੀਂ ਦੇਖਿਆ ਕਿ ਬਕਸੇ ਦੇ ਹੇਠਲੇ ਸਿਰੇ ਤੇ ਅੰਗਰੇਜ਼ੀ ਵਿਚ ਐੱਸਕੇ-11 ਲਿਖਿਆ ਹੈ। ਅਸੀਂ ਦੋਵੇਂ ਭਰਾ ਇਸ ਲਿਖਤ ਨੂੰ ਪੜ੍ਹਦੇ ਸਾਰ ਆਪਣੀ ਆਪਣੀ ਬੁੱਧੀ ਅਨੁਸਾਰ ਇਸ ਦੇ ਅਰਥ ਕੱਢਦੇ ਰਹੇ। ਸਪਲਾਈ ਚਾਲੂ ਕਰਨ ਵਾਲੇ ਦੋਵੇਂ ਬਿਜਲੀ ਕਰਮਚਾਰੀ ਸਾਡੀ ਵਾਰਤਾਲਾਪ ਦਾ ਆਨੰਦ ਲੈਂਦੇ ਰਹੇ। ਸਾਨੂੰ ਦੋਵਾਂ ਭਾਈਆਂ ਨੂੰ ਪਤਾ ਸੀ ਕਿ ਇਕ ਕਰਮਚਾਰੀ ਦਾ ਨਾਂ ਸਾਧੂ ਅਤੇ ਦੂਜੇ ਦਾ ਨਾਂ ਕਸਤੂਰੀ ਹੈ। ਕਾਫ਼ੀ ਬਹਿਸ ਅਤੇ ਸਲਾਹ ਤੋਂ ਬਾਅਦ ਅਸੀਂ ਦੋਹੇਂ ਭਰਾ ਇਸ ਸਿੱਟੇ ਤੇ ਪਹੁੰਚੇ ਕਿ ਐੱਸਕੇ-11 ਦਾ ਅਰਥ ਹੈ ਕਿ ਸਾਡੇ ਪਿੰਡ ਵਿਚ ਸਾਧੂ ਅਤੇ ਕਸਤੂਰੀ ਵੱਲੋਂ ਲਾਇਆ ਗਿਆ ਸਾਡੇ ਵਾਲਾ ਇਹ ਗਿਆਰਵਾਂ ਮੀਟਰ ਹੈ। ਅਸੀਂ ਦੋਵੇਂ ਕਰਮਚਾਰੀਆਂ ਤੋਂ ਪੁੱਛਿਆ ਤਾਂ ਉਨ੍ਹਾਂ ਨੇ ਖ਼ੁਸ਼ ਹੋ ਕੇ ਕਿਹਾ ਕਿ 'ਤੁਸੀਂ ਬਿਲਕੁਲ ਠੀਕ ਬੁੱਝਿਆ ਹੈ।' ਅਸੀਂ ਦੋਵੇਂ ਭਰਾ ਆਪਣੀ ਖੋਜ 'ਤੇ ਫੁਲੇ ਨਹੀਂ ਸੀ ਸਮਾਉਂਦੇ।

### ਮੀਟਰ 'ਤੇ ਅੰਗਰੇਜ਼ੀ 'ਚ ਲਿਖੇ ਅੱਖਰ

ਇਕ ਦਿਨ ਨਾਲ ਦੇ ਪਿੰਡ ਕਿਸੇ ਦੇ ਘਰ ਜਾਣ ਦਾ ਮੌਕਾ ਮਿਲਿਆ। ਉਨ੍ਹਾਂ ਦੇ ਮੀਟਰ ਉੱਪਰ ਵੀ ਅੰਗਰੇਜ਼ੀ ਵਿਚ ਲਿਖਿਆ ਸੀ ਐੱਸਕੇਐੱਚ-11 ਮੈਨੂੰ ਇਹ ਵੀ ਪਤਾ ਸੀ ਕਿ ਸਾਡੇ ਦੋਹਾਂ ਪਿੰਡਾਂ ਵਾਸਤੇ ਸਾਧੂ ਅਤੇ ਕਸਤੂਰੀ ਨਾਂ ਦੇ ਦੋ ਬਿਜਲੀ ਮੁਲਾਜ਼ਮ ਹੀ ਨਿਯੁਕਤ ਹਨ ਫਿਰ ਇਹ ਤੀਜਾ ਕੌਣ ਆ ਰਲਿਆ ਹੈ। ਮੈਂ ਵਾਪਸੀ 'ਤੇ ਬਿਜਲੀ ਦਫ਼ਤਰ ਪਹੁੰਚ ਗਿਆ। ਮੇਰੀ ਕਿਸਮਤ ਨੂੰ ਦੋਵੇਂ ਮੁਲਾਜ਼ਮ ਦਫ਼ਤਰ ਵਿਚ ਹਾਜ਼ਰ ਸਨ। ਮੈਂ ਉਨ੍ਹਾਂ ਨੂੰ ਪੁੱਛਿਆ ਕਿ ਉਨ੍ਹਾਂ ਨਾਲ ਮੀਟਰ ਲਾਉਣ ਵਾਲੇ ਤੀਜੇ ਵਿਅਕਤੀ ਦਾ ਕੀ ਨਾਂ ਹੈ। ਪਹਿਲਾਂ ਤਾਂ ਉਨ੍ਹਾਂ ਨੂੰ ਘੁੰਡੀ ਸਮਝ ਨਾ ਆਈ ਪਰ ਜਦੋਂ ਮੈਂ ਐੱਸਕੇ-11 ਅਤੇ ਐੱਸਕੇਐੱਚ-11 ਦੇ ਫ਼ਰਕ ਬਾਰੇ ਜਾਣਨਾ ਚਾਹਿਆ ਅਤੇ ਨਾਲ ਹੀ ਮੀਟਰ ਲਾਉਂਦੇ ਸਮੇਂ ਸਾਡੇ ਘਰ ਵਿਖੇ ਉਨ੍ਹਾਂ ਨਾਲ ਹੋਏ ਵਿਚਾਰ ਵਟਾਂਦਰੇ ਦਾ ਵਿਸਥਾਰ ਦਿੱਤਾ ਤਾਂ ਦੋਵੇਂ ਕਰਮਚਾਰੀ ਫਿਰ ਹੱਸਣ ਲੱਗ ਪਏ ਪਰ ਮੇਰੀ ਉਤਸੁਕਤਾ ਨੂੰ ਦੇਖ ਦੇ ਹੋਏ ਇਕ ਕਰਮਚਾਰੀ ਕਹਿਣ ਲੱਗਾ, 'ਬੇਟਾ, ਇਹ ਸਹੀ ਕਿ ਸਾਡਾ ਦੋਹਾਂ ਦਾ ਨਾਂ ਸਾਧੂ ਅਤੇ ਕਸਤੂਰੀ ਹੈ। ਇਹ ਵੀ ਸਹੀ ਹੈ ਕਿ ਇਨ੍ਹਾਂ ਦੋਹਾਂ ਪਿੰਡਾਂ ਲਈ ਅਸੀਂ ਦੋਹੇਂ ਹੀ ਨਿਯੁਕਤ ਹਾਂ ਪਰ ਮੀਟਰਾਂ ਉੱਪਰਲੀਆਂ ਲਿਖਤਾਂ ਸਾਡੇ ਨਾਂ ਨੂੰ ਪ੍ਰਗਟ ਨਹੀਂ ਕਰਦੀਆਂ। ਇਹ ਤਾਂ ਸਬੰਧਤ ਪਿੰਡਾਂ ਦੇ ਬਿਜਲੀ ਖ਼ਾਤਿਆਂ ਨੂੰ ਪ੍ਰਗਟ ਕਰਦੀਆਂ ਹਨ। ਐੱਸਕੇ-11 ਦਾ ਅਰਥ ਹੈ ਕਿ ਸਿੱਧਵਾਂ ਕਲਾਂ ਪਿੰਡ ਦੀ ਬਿਜਲੀ ਸਪਲਾਈ ਦਾ ਗਿਆਰਵਾਂ ਖ਼ਾਤਾ ਤੇ ਇਸੇ ਤਰ੍ਹਾਂ ਐੱਸਕੇਐੱਚ-11 ਪਿੰਡ ਸਿੱਧਵਾਂ ਖ਼ੁਰਦ ਦੇ ਬਿਜਲੀ ਸਪਲਾਈ ਨੂੰ ਪ੍ਰਗਟ ਕਰਦਾ ਹੈ। •

99155-41219

### ਖ਼ੁਸ਼ਕਿਸਮਤੀ

*ਮੈਂ ਆਪਣੇ ਅਧਿਆਪਕਾਂ ਰਾਹੀਂ ਅਤੇ ਕਿਤਾਬਾਂ ਵਿੱਚੋਂ ਪੜ੍ਹ ਕੇ ਜਾਣ ਗਿਆ ਸੀ ਕਿ ਸੂਰਜ ਅੱਗ ਦਾ ਗੋਲਾ ਹੈ ਪਰ ਮੇਰਾ ਮਨ ਸੂਰਜ ਵਿਚਲੀ ਜਲਦੀ ਹੋਈ ਅੱਗ ਦੇਖਣ ਲਈ ਕਾਹਲਾ ਸੀ। ਅਕਸਰ ਮੈਂ ਆਪਣੀ ਸੱਜੀ ਅੱਖ ਨਾਲ ਟਿੱਕਟਿਕੀ ਲਾ ਕੇ ਸੂਰਜ ਵੱਲ ਕਈ ਵਾਰ ਦੇਖਦਾ। ਮੈਨੂੰ ਸੂਰਜ ਵਿਚ ਲਾਲ ਰੰਗ ਦੇ ਘੇਰੇ ਜਿਹੇ ਘੁੰਮਦੇ ਨਜ਼ਰ ਆਉਂਦੇ ਪਰ ਬਲਦੀ ਅੱਗ ਦੀਆਂ ਲਾਟਾਂ ਨਜ਼ਰ ਨਾ ਆਈਆਂ। ਮੈਂ ਹਾਰ ਮੰਨ ਕੇ ਇਹ ਜ਼ਿੱਦ ਛੱਡ ਦਿੱਤੀ। ਆਪਣੀ ਉਮਰ ਦੇ ਪੰਜਵੇਂ ਦਹਾਕੇ ਵਿਚ ਡਾਕਟਰ ਤੋਂ ਨਿਗ੍ਹਾ ਚੈੱਕ ਕਰਾਉਣ ਸਮੇਂ ਡਾਕਟਰ ਨੇ ਮੈਨੂੰ ਪੁੱਛਿਆ ਕਿ ਮੈਂ ਕਦੇ ਵੈਲਡਿੰਗ ਟਾਰਚ ਦੀ ਲਾਟ ਜਾਂ ਸੂਰਜ ਵੱਲ ਦੇਖਿਆ ਹੈ। ਮੈਂ ਹਾਂ ਵਿਚ ਉੱਤਰ ਦਿੰਦਿਆਂ ਡਾਕਟਰ ਸਾਹਿਬ ਨੂੰ ਪੁੱਛਿਆ ਕਿ ਉਨ੍ਹਾਂ ਨੂੰ ਕਿਵੇਂ ਪਤਾ ਲੱਗ ਗਿਆ। ਡਾਕਟਰ ਨੇ ਕਿਹਾ, 'ਤੁਸੀਂ ਖ਼ੁਸ਼ਕਿਸਮਤ ਹੋ ਕਿ ਐਡੀ ਭਿਆਨਕ ਗ਼ਲਤੀ ਕਰਨ 'ਤੇ ਵੀ ਤੁਹਾਡੀ ਸੱਜੀ ਅੱਖ ਸਹੀ ਸਲਾਮਤ ਹੈ। ਕੇਵਲ ਅੱਖ ਦੇ ਰੈਟਿਨਾ ਉੱਪਰ ਸਿਰਫ਼ 'ਸਪਾਟ' ਜਿਹਾ ਹੀ ਪਿਆ ਹੈ।*

### ਚੋਰੀ ਫੜੇ ਜਾਣ ਦਾ ਡਰ

*ਛੁੱਟੀ ਵਾਲੇ ਦਿਨ ਮੈਂ ਅਚਾਨਕ ਘਰ ਵਿਚ ਇਕੱਲਾ ਹੀ ਸੀ। ਮੈਂ ਉਪਰੋਕਤ ਪ੍ਰਯੋਗ ਨੂੰ ਕਰਨ ਦਾ ਮਨ ਬਣਾਇਆ। ਉਪਰੋਕਤ ਸਕੀਮ ਅਨੁਸਾਰ ਮੈਂ ਸ਼ੂ ਨੂੰ ਪਲੱਗ ਵਿਚ ਪਾ ਕੇ ਤਾਰ ਦੇ ਨੰਗੇ ਸਿਰੇ ਉਂਗਲਾਂ ਵਿਚਕਾਰ ਫੜ੍ਹ ਤੇ ਦੂਜੇ ਹੱਥ ਨਾਲ ਸਵਿੱਚ ਆਨ ਕਰਕੇ ਉਦੋਂ ਹੀ ਬੰਦ ਕਰ ਦਿੱਤੀ। ਮੈਨੂੰ ਕੁਝ ਵੀ ਮਹਿਸੂਸ ਨਹੀਂ ਹੋਇਆ ਸਗੋਂ ਮੇਰੇ ਕੰਨਾਂ ਨੇ ਪਟਾਖੇ ਵਰਗੀ ਆਵਾਜ਼ ਜ਼ਰੂਰ ਸੁਣੀ। ਮੈਂ ਬਲਬ ਜਗਾ ਕੇ ਦੇਖਿਆ ਤਾਂ ਉਹ ਵੀ ਨਹੀਂ ਜਲਿਆ। ਮੈਂ ਸੋਚਿਆ ਬਿਜਲੀ ਭੱਜ ਗਈ ਹੋਵੇਗੀ ਚਲੋ ਫਿਰ ਕਿਸੇ ਦਿਨ ਸਹੀ। ਮੈਂ ਆਪਣਾ ਉਪਕਰਣ ਲੁਕੋ ਕੇ ਰੱਖ ਦਿੱਤਾ। ਅਸਲੀ ਪੰਗਾ ਸ਼ਾਮ ਨੂੰ ਸਮਝ ਆਇਆ ਜਦੋਂ ਸਾਰੇ ਆਂਢ-ਗੁਆਂਢ ਦੀਆਂ ਲਾਈਟਾਂ ਜੱਗ ਪਈਆਂ ਪਰ ਸਾਡੇ ਘਰ ਦੀ ਬਿਜਲੀ ਸਪਲਾਈ ਬੰਦ ਸੀ। ਨਾਲ ਦੇ ਪਿੰਡੋਂ ਬਿਜਲੀ ਕਰਮਚਾਰੀ ਨੂੰ ਆਪਣੇ ਸਾਈਕਲ 'ਤੇ ਬਿਠਾ ਕੇ ਲਿਆਇਆ ਤਾਂ ਉਸ ਨੇ ਜਾਣਕਾਰੀ ਦਿੱਤੀ ਕਿ ਫ਼ਿਊਜ਼ ਉੱਡ ਗਿਆ ਸੀ। ਉਸ ਦੇ ਫ਼ਿਊਜ਼ ਲਾਉਣ ਨਾਲ ਸਾਡੀ ਲਾਈਟ ਵੀ ਚਾਲੂ ਹੋ ਗਈ। ਸਾਰੇ ਘਟਨਾਕ੍ਰਮ ਸਮੇਂ ਮੈਂ ਵਿਚਾਰਾ ਜਿਹਾ ਮੂੰਹ ਬਣਾਈ ਰੱਖਿਆ ਤਾਂ ਕਿ ਮੇਰੀ ਚੋਰੀ ਫੜੀ ਨਾ ਜਾਵੇ।*

### ਮੇਰੀ ਉਤਸੁਕਤਾ

*ਜਦੋਂ ਮੈਂ ਐੱਸਕੇ-11 ਅਤੇ ਐੱਸਕੇਐੱਚ-11 ਦੇ ਫ਼ਰਕ ਬਾਰੇ ਜਾਣਨਾ ਚਾਹਿਆ ਅਤੇ ਨਾਲ ਹੀ ਮੀਟਰ ਲਾਉਂਦੇ ਸਮੇਂ ਸਾਡੇ ਘਰ ਵਿਖੇ ਉਨ੍ਹਾਂ ਨਾਲ ਹੋਏ ਵਿਚਾਰ ਵਟਾਂਦਰੇ ਦਾ ਵਿਸਥਾਰ ਦਿੱਤਾ ਤਾਂ ਦੋਵੇਂ ਕਰਮਚਾਰੀ ਫਿਰ ਹੱਸਣ ਲੱਗ ਪਏ ਪਰ ਮੇਰੀ ਉਤਸੁਕਤਾ ਨੂੰ ਦੇਖ ਦੇ ਹੋਏ ਇਕ ਕਰਮਚਾਰੀ ਕਹਿਣ ਲੱਗਾ, 'ਬੇਟਾ, ਇਹ ਸਹੀ ਕਿ ਸਾਡਾ ਦੋਹਾਂ ਦਾ ਨਾਂ ਸਾਧੂ ਅਤੇ ਕਸਤੂਰੀ ਹੈ ਪਰ ਮੀਟਰਾਂ ਉੱਪਰਲੀਆਂ ਲਿਖਤਾਂ ਸਾਡੇ ਨਾਂ ਨੂੰ ਪ੍ਰਗਟ ਨਹੀਂ ਕਰਦੀਆਂ। ਇਹ ਪਿੰਡਾਂ ਦੇ ਬਿਜਲੀ ਖ਼ਾਤਿਆਂ ਨੂੰ ਪ੍ਰਗਟ ਕਰਦੀਆਂ ਹਨ। ਐੱਸਕੇ-11 ਦਾ ਅਰਥ ਹੈ ਕਿ ਸਿੱਧਵਾਂ ਕਲਾਂ ਪਿੰਡ ਦੀ ਬਿਜਲੀ ਸਪਲਾਈ ਦਾ ਗਿਆਰਵਾਂ ਖ਼ਾਤਾ ਤੇ ਇਸੇ ਤਰ੍ਹਾਂ ਐੱਸਕੇਐੱਚ-11 ਪਿੰਡ ਸਿੱਧਵਾਂ ਖ਼ੁਰਦ ਦੇ ਬਿਜਲੀ ਸਪਲਾਈ ਨੂੰ ਪ੍ਰਗਟ ਕਰਦਾ ਹੈ।*



# ਬੋਝ ਨਹੀਂ ਸਰਮਾਇਆ ਨੇ ਬਜ਼ੁਰਗ

ਮਨੁੱਖੀ ਜੀਵਨ ਤਿੰਨ ਪੜਾਵਾ ਵਿੱਚੋਂ ਹੋ ਕੇ ਗੁਜ਼ਰਦਾ ਹੈ, ਬਚਪਨ , ਜਵਾਨੀ ਅਤੇ ਬੁਢਾਪਾ। ਬਚਪਨ ਜਿੱਥੇ ਮੌਜ -ਮਸਤੀ, ਸ਼ਰਾਰਤਾ ਅਤੇ ਹੱਸਣ-ਖੇਡਣ ਵਿਚ ਬੀਤਦਾ ਹੈ, ਉੱਥੇ ਹੀ ਜਵਾਨੀ ਇਨਸਾਨ ਆਪਣੇ ਸੁਪਨਿਆ ਨੂੰ ਪੂਰਾ ਕਰਨ, ਆਪਣੇ ਘਰ-ਪਰਿਵਾਰ ਦੀ ਚਿੰਤਾ ਕਰਨ ਅਤੇ ਆਪਣੀ ਔਲਾਦ ਦੀਆਂ ਸੁੱਖ-ਸਹੂਲਤਾਂ ਦਾ ਪ੍ਰਬੰਧ ਕਰਨ ਵਿਚ ਬਿਤਾ ਦਿੰਦਾ ਹੈ। ਇਸ ਤੋਂ ਬਾਅਦ ਆਉਂਦਾ ਹੈ ਜ਼ਿੰਦਗੀ ਦਾ ਆਖ਼ਰੀ ਪੜਾਅ ਬੁਢਾਪਾ। ਇਸ ਪੜਾਅ 'ਤੇ ਆ ਕੇ ਇਨਸਾਨ ਨੂੰ ਸਹਾਰੇ ਦੀ ਸਭ ਤੋ ਜ਼ਿਆਦਾ ਜ਼ਰੂਰਤ ਪੈਂਦੀ ਹੈ।

ਸਾਡੇ ਸਮਾਜ ਦੀ ਇਹ ਵੀ ਤ੍ਰਾਸਦੀ ਹੈ ਕਿ ਬੁਢਾਪਾ ਅੱਜ ਬਿਰਧ ਆਸ਼ਰਮਾ ਵਿਚ ਰੁਲ ਰਿਹਾ ਹੈ। ਪੁਰਾਣੇ ਸਮੇਂ ਹੁੰਦੇ ਸਨ ਜਦੋਂ ਬਜ਼ੁਰਗਾਂ ਨੂੰ ਪੂਰਾ ਸਤਿਕਾਰ ਦਿੱਤਾ ਜਾਂਦਾ ਸੀ। ਉਨ੍ਹਾਂ ਨੂੰ ਘਰ ਦੇ ਜਿੰਦਰੇ ਸਮਝਿਆ ਜਾਂਦਾ ਸੀ। ਬਜ਼ੁਰਗਾ ਦੀ ਆਖੀ ਗੱਲ ਨੂੰ ਘਰ ਦੇ ਸਾਰੇ ਜੀਅ ਖ਼ੁਸ਼ੀ-ਖ਼ੁਸ਼ੀ ਮੰਨਦੇ ਸਨ। ਜੇਕਰ ਘਰ ਵਿਚ ਬਜ਼ੁਰਗ ਨਾ ਹੋਣਾ ਤਾਂ ਆਂਢ-ਗੁਆਂਢ ਦੇ ਬਜ਼ੁਰਗਾਂ ਦੀ ਸਲਾਹ ਲੈ ਕੇ ਕੰਮ ਕਰਨਾ। ਅੱਜ ਦੀ ਨੌਜਵਾਨ ਪੀੜ੍ਹੀ ਦੀ ਗੱਲ ਕਰੀਏ ਤਾਂ ਇਹ ਨੌਜਵਾਨ ਪੀੜ੍ਹੀ ਬਜ਼ੁਰਗਾਂ ਨੂੰ ਬੋਝ ਸਮਝਦੀ ਹੈ ਪਰ ਅਸਲ ਵਿਚ ਬਜ਼ੁਰਗ ਬੋਝ ਨਹੀਂ ਸਗੋਂ ਸਰਮਾਇਆ ਹੁੰਦੇ ਹਨ। ਉਹ ਬਜ਼ੁਰਗ ਜਿਨ੍ਹਾਂ ਪਤਾ ਨਹੀਂ ਜ਼ਿੰਦਗੀ ਵਿਚ ਕਿੰਨੀ ਵਾਰ ਭੁੱਖੇ ਰਹਿ ਕੇ ਸਾਡਾ ਢਿੱਡ ਭਰਿਆ ਹੋਵੇਗਾ, ਕਿੰਨੀਆਂ ਧੁੱਪਾ, ਝੱਖੜ ਸਾਡੀ ਖ਼ਾਤਿਰ ਜ਼ਰੇ ਹੋਣਗੇ। ਉਹ ਬਜ਼ੁਰਗ ਸਾਡੇ ਲਈ ਬੋਝ ਕਿਵੇਂ ਹੋ ਸਕਦੇ ਹਨ? ਸਿਆਣਿਆਂ ਨੇ ਸੱਚ ਹੀ ਕਿਹਾ ਹੈ ਕਿ ਮਾਪੇ ਚਾਰ-ਪੰਜ ਬੱਚਿਆਂ ਦਾ ਪੇਟ ਪਾਲ ਸਕਦੇ ਹਨ ਪਰ ਚਾਰ-ਪੰਜ ਬੱਚੇ ਆਪਣੇ ਮਾਪੇ ਨਹੀਂ ਸੰਭਾਲ ਸਕਦੇ।

ਪਰ ਇਹ ਸਭ ਕੁਝ ਕਰਦਿਆਂ ਅਸੀ ਇਹ ਗੱਲ ਭੁੱਲ ਜਾਂਦੇ ਹਾਂ ਕਿ ਅਸੀਂ ਉਹੀ ਕੁਝ ਵੱਢਾਂਗੇ ਜੋ ਬੀਜਾਂਗੇ। ਜੇ ਅਸੀਂ ਆਪਣੇ ਬਜ਼ੁਰਗਾਂ ਦਾ ਦਿੱਤਾ ਦੇਣ ਭੁੱਲਾ ਸਕਦੇ ਹਾਂ ਤਾਂ ਕੱਲ੍ਹ ਨੂੰ ਸਾਡੇ ਨਾਲ ਵੀ ਅਜਿਹਾ ਹੀ ਹੋਵੇਗਾ। ਜੇਕਰ ਅਸੀਂ ਆਪਣੇ ਬਜ਼ੁਰਗਾ ਦਾ ਸਤਿਕਾਰ ਨਹੀਂ ਕਰ ਸਕਦੇ ਤਾਂ ਕੱਲ੍ਹ ਨੂੰ ਆਪਣੇ ਬੱਚਿਆਂ ਕੋਲੋਂ ਵੀ ਸਤਿਕਾਰ ਦੀ ਆਸ ਨਹੀਂ ਰੱਖ ਸਕਦੇ। ਜਿਸ ਤਰ੍ਹਾਂ ਬਜ਼ੁਰਗ ਸਾਡੇ ਪਿਆਰੇ, ਸਹਾਰੇ ਲਈ ਤਰਸ ਰਹੇ ਹਨ ਉਸੇ ਤਰ੍ਹਾਂ ਕੱ ਨੂੰ ਸਾਨੂੰ ਵੀ ਸਹਾਰੇ ਦੀ ਲੋੜ ਪਵੇਗੀ। ਜਿ ਤਰ੍ਹਾਂ ਸਾਡੇ ਬਜ਼ੁਰਗਾਂ ਦੀਆਂ ਸੁੰਨੀਆਂ ਅੱ ਆਪਣੇ ਬੱਚਿਆਂ ਲਈ ਤਰਸ ਰਹੀਆਂ ਹ ਉਸੇ ਤਰ੍ਹਾਂ ਕੱਲ੍ਹ ਨੂੰ ਸਾਡੇ ਨਾਲ ਵੀ ਅਜਿ ਹੀ ਹੋਵੇਗਾ ਕਿਉਂਕਿ ਜੇਕਰ ਅਸੀ ਆਪ ਬਜ਼ੁਰਗਾਂ ਦਾ ਸਤਿਕਾਰ ਨਹੀਂ ਕਰਦੇ ਤਾਂ ਸਾ ਬੱਚੇ ਬਜ਼ੁਰਗਾਂ ਦਾ ਸਤਿਕਾਰ ਕਰਨਾ ਕਿੱ ਸਿਖਣਗੇ ? ਉਮਰ ਦੇ ਇਸ ਪੜਾਅ ਤੇ ਸਾ ਬਜ਼ੁਰਗਾਂ ਨੂੰ ਸਾਡੇ ਕੋਲੋਂ ਕੁਝ ਨਹੀਂ ਚਾਹੀਦ ਸਿਰਫ਼ ਸਾਡੇ ਪਿਆਰ ਭਰੇ ਦੋ ਬੋਲ ਹੀ ਉਨ੍ਹਾਂ ਜ਼ਿੰਦਗੀ ਜਿਊਣ ਦੀ ਹਿੰਮਤ ਦੇ ਸਕਦੇ ਹਨ ਲੋੜ ਹੈ ਇਸ ਗੱਲ ਨੂੰ ਸਮਝਣ ਦੀ ਕਿ ਜਿ ਪਿਆਰ, ਸਤਿਕਾਰ ਦੀ ਆਸ ਅਸੀ ਆਪ ਬੱਚਿਆਂ ਤੋ ਰੱਖਦੇ ਹਾਂ ਉਸ ਹੀ ਪਿਆਰ ਹੱਕਦਾਰ ਸਾਡੇ ਮਾਪੇ ਵੀ ਹਨ ।

• ਜਸਪ੍ਰੀਤ ਕੌਰ ਸੰਘ

### ਵੱਡੀਆਂ-ਵੱਡੀਆਂ ਕੋਠੀਆਂ

*ਅੱਜ ਵੱਡੀਆਂ-ਵੱਡੀਆਂ ਕੋਠੀਆਂ ਬਣਾ ਕੇ ਉਨ੍ਹਾਂ ਉਪਰ ਬਜ਼ੁਰਗਾਂ ਦੇ ਨਾਂ ਤਾਂ ਸਭ ਨੇ ਲਿਖੇ ਹੋਏ ਹਨ ਪਰ ਉਨ੍ਹਾਂ ਕੋਠੀਆਂ ਅੰਦਰ ਜਾਣ ਦੀ ਇਜਾਜ਼ਤ ਬਜ਼ੁਰਗਾਂ ਨੂੰ ਨਹੀਂ ਹੁੰਦੀ। ਹੁਣ ਉਹ ਸਮਾਂ ਬੀਤ ਗਿਆ ਜਦੋਂ ਬੱਚੇ ਦਾਦਾ- ਦਾਦੀ, ਨਾਨਾ-ਨਾਨੀ ਕੋਲ ਬੈਠ ਕੇ ਕਹਾਣੀਆਂ ਸੁਣਦੇ ਸਨ। ਉਨ੍ਹਾਂ ਕੋਲੋਂ ਉਮਰਾਂ ਦੇ ਤਜਰਬੇ ਹਾਸਿਲ ਕਰਦੇ ਸਨ। ਅੱਜ ਦੀ ਨੌਜਵਾਨ ਪੀੜ੍ਹੀ ਤਾਂ ਬਜ਼ੁਰਗਾਂ ਦੀ ਗੱਲ ਸੁਣਨਾ ਵੀ ਜ਼ਰੂਰੀ ਨਹੀਂ ਸਮਝਦੀ। ਬਜ਼ੁਰਗਾਂ ਨੂੰ ਘਰ ਦਾ ਜਾਂ ਤਾਂ ਇਕ ਕੋਨਾ ਦੇ ਦਿੱਤਾ ਜਾਂਦਾ ਹੈ ਜਾਂ ਫਿਰ ਬਿਰਧ ਆਸ਼ਰਮ ਵਿਚ ਪਹੁੰਚਾ ਦਿੱਤਾ ਜਾਂਦਾ ਹੈ। ਜਿਸ ਘਰ ਨੂੰ ਬਣਾਉਣ ਲਈ ਉਹ ਆਪਣੀ ਸਾਰੀ ਜ਼ਿੰਦਗੀ ਲਗਾ ਦਿੰਦੇ ਹਨ ਉਸ ਘਰ ਅੰਦਰ ਹੀ ਉਨ੍ਹਾਂ ਲਈ ਜਗ੍ਹਾ ਨਹੀਂ ਹੈ।*

---

ਹਰਜਿੰਦਰ ਸਿੰਘ ਧਾਮੀ

**ਸਿਮਰਤ ਨੇ ਪਾਲ ਤੋਂ ਆਪਣੀ ਗ਼ਲਤੀ ਦੀ ਮਾਫ਼ੀ ਮੰਗੀ। ਜੀਤੀ ਦੀ ਸੂਝ-ਬੂਝ ਕਰਕੇ ਘਰ ਵਿਚ ਕਲੇਸ਼ ਦਾ ਉੱਠਿਆ ਵਾਵਰੋਲਾ ਰੁਕ ਗਿਆ। ਕੁਝ ਸਮੇਂ ਬਾਅਦ ਦੋਨੋਂ ਭੈਣ-ਭਰਾ ਆਪਣੀ-ਆਪਣੀ ਡਿਊਟੀ 'ਤੇ ਜਾ ਰਹੇ ਸਨ...**

# ਇੱਜ਼ਤ

ਕਹਾਣੀ

ਅੱਜ ਸਰਕਾਰੀ ਛੁੱਟੀ ਸੀ ! ਪਾਲ ਆਰਾਮ ਨਾਲ ਘਰ ਦੇ ਵਿਹੜੇ ਵਿਚ ਬੈਠਾ ਸੁਆਦਲੀਆਂ ਖ਼ਬਰਾਂ ਤੇ ਕਹਾਣੀਆਂ ਪੜ੍ਹ ਕੇ ਖ਼ੁਸ਼ੀ ਮਾਣ ਰਿਹਾ ਸੀ! ਉਸ ਦੀ ਪਤਨੀ ਸਿਮਰਤ ਘਰ ਦੀ ਸਫ਼ਾਈ ਵਿਚ ਰੁੱਝੀ ਹੋਈ ਸੀ। ਅਚਾਨਕ ਸਿਮਰਤ ਪਾਲ ਕੋਲ ਆ ਖਲੋਈ ਤੇ ਬੋਲੀ, 'ਸੁਣੋ ਜੀ, ਆਹ ਵੇਖ ਲਓ, ਆਪਣੀ ਭੈਣ ਦੀਆਂ ਕਰਤੂਤਾਂ, ਪੜ੍ਹਾਈ ਛੱਡ ਕੇ ਪਤਾ ਨਹੀਂ ਕਦੋਂ ਦੀ ਕਿਸੇ ਨਾਲ ਇਸ਼ਕ ਦੀਆਂ ਪੀਂਘਾਂ ਝੂਟ ਰਹੀ ਆ। ਹੋਰ ਪੜ੍ਹਾ ਲਵੋ ਇਹਨੂੰ, ਨੱਕ ਵੱਢਾ ਦਿੱਤਾ ਸਾਰੇ ਖਾਨਦਾਨ ਦਾ। ਜੇ ਭਲਾ ਚਾਹੁੰਦੇ ਹੋ ਤਾਂ ਚੁੱਪ-ਚੁਪੀਤੇ ਕੋਈ ਰਿਸ਼ਤਾ ਲੱਭ ਕੇ ਇਸ ਨੂੰ ਕਿਧਰੇ ਦਫ਼ਾ ਕਰੋ।' ਸਿਮਰਤ ਨੇ ਜੀਤੀ ਦੇ ਕਮਰੇ ਵਿੱਚੋਂ ਕਿਤਾਬਾਂ-ਕਾਪੀਆਂ ਨੂੰ ਸਾਂਭਦਿਆਂ, ਮਿਲੀ ਇਕ ਛੋਟੀ ਜਿਹੀ ਚਿੱਠੀ ਪਤੀ ਨੂੰ ਫੜਾਉਂਦਿਆਂ ਕਿਹਾ। ਪਾਲ ਦੀ ਸਵੇਰ ਵਿਚ ਮਾਤਮ ਛਾ ਗਿਆ ਸੀ।

ਜੀਤੀ ਗੁਆਂਢ ਹੀ ਆਪਣੀ ਸਹੇਲੀ ਨੂੰ ਮਿਲਣ ਗਈ ਹੋਈ ਸੀ। ਉਹ ਘਰ ਆਈ ਤਾਂ ਚਾਰੇ ਪਾਸੇ ਚੁੱਪ ਵੇਖ ਉਹ ਡਰੀ ਹੋਈ ਅੱਗੇ ਹੋਈ ਵੇਖਿਆ, ਉਸ ਦੀ ਭਰਜਾਈ ਸਿਮਰਤ ਪੂਰੇ ਗੁੱਸੇ ਵਿਚ ਅੱਖਾਂ ਕੱਢੀ ਖੜ੍ਹੀ ਉਸ ਨੂੰ ਘੂਰ ਰਹੀ ਸੀ। ਪਾਲ ਨੇ ਚਿੱਠੀ ਵਿਖਾਉਂਦੇ ਪੁੱਛਿਆ, 'ਆਹ ਕੀ ਆ, ਸਾਡੇ ਪਿਆਰ ਦਾ ਤੈਂ ਆਹ ਮੁੱਲ ਪਾਇਆ। ਸਾਡੀਆਂ ਸਾਰੀਆਂ ਸੱਧਰਾਂ ਤੇ ਪਾਣੀ ਫੇਰ 'ਤਾ, ਸਾਨੂੰ ਬੇਵਕੂਫ਼ ਬਣਾ ਕੇ ਪੜ੍ਹਨ ਦੀ ਥਾਂ ਇਹ ਚੰਦ ਚਾੜ੍ਹ ਰਹੀ ਏਂ ।' ਚਿੱਠੀ ਵੇਖ ਜੀਤੀ ਅੰਦਰੋਂ ਹਿੱਲ ਗਈ। ਇਸ ਤੋਂ ਪਹਿਲਾਂ ਉਹ ਕੋਈ ਸਫ਼ਾਈ ਦਿੰਦੀ, ਕਲੇਸ਼ ਹੋਰ ਵਧਣਾ ਸੀ। ਉਸ ਨੇ ਚੁੱਪ ਰਹਿਣਾ ਹੀ ਠੀਕ ਸਮਝਿਆ। ਉਹ ਸਿਸਕੀਆਂ ਭਰਦੀ ਆਪਣੇ ਕਮਰੇ ਵਿਚ ਜਾ ਪਈ ਤੇ ਸਾਰਾ ਦਿਨ ਰੋਂਦੀ ਰਹੀ।

'ਦੱਸ ਕੀ ਗੱਲ ਆ ।' ਭਾਜੀ ਇਹ ਸੱਚ ਹੈ, ਇਕ ਮੁੰਡੇ ਨੇ ਮੈਨੂੰ ਇਹ ਚਿੱਠੀ ਲਿਖ ਕੇ ਦੋਸਤੀ ਦੀ ਮੰਗ ਕੀਤੀ ਸੀ। ਮੈਂ ਉਸ ਮੁੰਡੇ ਨੂੰ ਸਪਸ਼ਟ ਕਹਿ ਚੁੱਕੀ ਹਾਂ। ਇਸ ਸਮੇਂ ਮੇਰਾ ਕੰਮ ਹੈ ਪੜ੍ਹਨਾ, ਫ਼ਜ਼ੂਲ ਕੰਮਾਂ ਲਈ ਸਾਰੀ ਉਮਰ ਪਈ ਆ। ਭਾਜੀ ਉਹ ਮੁੰਡਾ ਵੀ ਸਮਝ ਗਿਆ ਹੈ। ਮੈਨੂੰ ਖਾਨਦਾਨ ਦੀ ਇੱਜ਼ਤ ਪਿਆਰੀ ਹੈ, ਤੁਹਾਡਾ ਦਿੱਤਾ ਮੈਂ ਜ਼ਿੰਦਗੀ ਭਰ ਨਹੀਂ ਭੁੱਲ ਸਕਦੀ।' ਪਾਲ ਦਾ ਦਿਲ ਪਸੀਜ ਗਿਆ, ਉਸ ਨੇ ਉੱਠ ਜੀਤੀ ਨੂੰ ਗਲ਼ੇ ਲੱਗਾ ਲਿਆ ਤੇ ਸਿਰ 'ਤੇ ਹੱਥ ਫੇਰਦੇ ਅਸੀਸ ਦਿੱਤੀ। ਸਾਰੇ ਘਰੇਲੂ ਗਿਲੇ-ਸ਼ਿਕਵੇ ਦੂਰ ਹੋ ਗਏ। ਜੀਤੀ ਨੇ ਦੋ ਸਾਲ ਲਗਨ ਨਾਲ ਪੜ੍ਹਾਈ ਕਰ ਕੇ ਚੰਗੇ ਅੰਕ ਪ੍ਰਾਪਤ ਕਰਕੇ, ਆਪਣੇ ਹੀ ਸ਼ਹਿਰ ਵਿਚ ਬੈਂਕ ਅਫ਼ਸਰ ਦੀ ਨੌਕਰੀ ਹਾਸਲ ਕਰ ਲਈ ਸੀ। ਉਸ ਨੂੰ ਵੱਡੇ ਘਰਾਂ ਵਿੱਚੋਂ ਵੱਡੇ ਅਫ਼ਸਰਾਂ ਦੇ ਰਿਸ਼ਤੇ ਆ ਰਹੇ ਸਨ। ਘਰ ਵਿਚ ਖ਼ੁਸ਼ੀਆਂ ਬਹਾਰਾਂ ਸਨ।

ਪਾਲ ਤੇ ਜੀਤੀ ਇੱਕਠੇ ਹੀ ਸਵੇਰੇ ਦਫ਼ਤਰ ਜਾਂਦੇ। ਸਿਮਰਤ ਦੋਹਾਂ ਦੇ ਖਾਣੇ ਤਿਆਰ ਕਰਕੇ, ਟਿੱਫ਼ਨ ਵਿਚ ਪਾ ਕੇ ਘਰੋਂ ਤੋਰਦੀ ਸੀ। ਇਕ ਦਿਨ ਦੋਨੋਂ ਭੈਣ-ਭਰਾ ਤਿਆਰ ਸਨ ਪਰ ਖਾਣਾ ਨਹੀਂ ਸੀ ਤਿਆਰ ! ਜੀਤੀ ਨੇ ਕਿਹਾ, 'ਭਾਜੀ ਤੁਹਾਡੀ ਕਮੀਜ਼ ਤੇ ਆਹ ਕਿੰਨਾ ਗੰਦਾ ਦਾਗ਼ ਲੱਗਾ ਹੋਇਆ ਹੈ, ਹੋਰ ਬਦਲ ਲਵੋ। ਕੋਲ ਦੀ ਅਲਮਾਰੀ ਉਸ ਨੇ ਖੋਲ੍ਹੀ , ਪ੍ਰੈਸ ਕੀਤੇ ਕੱਪੜਿਆਂ ਵਿੱਚੋਂ ਕਮੀਜ਼ ਕੱਢਦੇ ਸਾਰੇ ਕੱਪੜੇ ਤੇ ਕੁਝ ਕਾਗ਼ਜ਼ ਹੇਠਾਂ ਫ਼ਰਸ਼ 'ਤੇ ਆ ਡਿੱਗੇ ! ਦੋਨੋਂ ਭੈਣ-ਭਰਾ ਵੇਖ ਕੇ ਹੈਰਾਨ ਹੋ ਰਹੇ ਸਨ ! ਉਨ੍ਹਾਂ ਨੇ ਸਾਰੇ ਪੱਤਰ ਚੁੱਕ ਲਏ! ਸਿਮਰਤ ਖਾਣਾ ਲੈ ਕੇ ਸਾਹਮਣੇ ਆ ਖਲੋਈ। ਖਿੱਲਰੇ ਕੱਪੜੇ ਵੇਖ ਉਹ ਬੋਲੀ, 'ਮੈਨੂੰ ਦੱਸਣਾ ਸੀ, ਕੀ ਚਾਹੀਦਾ ਹੈ।' ਪਰ ਪਾਲ ਪੂਰੇ ਗੁੱਸੇ ਵਿਚ ਚਿੱਠੀਆਂ ਨਾਲ ਭਰਿਆ ਆਪਣਾ ਬੁੱਕ ਵਿਖਾਉਂਦੇ ਬੋਲਿਆ, 'ਆਹ ਕੀ ਆ? ਸਾਡੇ ਜਾਣ ਮਗਰੋਂ ਇਹ ਕਮਾਈਆਂ ਕਰਦੀ ਰਹੀ ਏਂ। ਮੇਰੇ ਹੀ ਦੋਸਤ ਨਾਲ ਮੇਰੀ ਪਿੱਠ 'ਤੇ ਛੁਰਾ ਮਾਰਿਆ। ਸੱਤ ਘਰ ਤਾਂ ਡਾਇਨ ਵੀ ਛੱਡ ਦਿੰਦੀ ਹੈ।' ਸਿਮਰਤ, ਪਾਲ ਦੇ ਗੁੱਸੇ ਤੋਂ ਡਰ ਚੁੱਕੀ ਸੀ। ਪਾਲ ਉਸ ਨੂੰ ਗੁੱਸੇ ਵਿਚ ਮਾਰਦਾ ਲੱਗਾ ਤਾਂ ਜੀਤੀ ਬੋਲੀ, 'ਭਾਜੀ ਸਮਝਦਾਰ ਬਣੋ। ਘਰ ਦੀ ਇੱਜ਼ਤ ਦਾ ਸਵਾਲ ਹੈ! ਸਿਆਣੇ ਆਖਦੇ ਹਨ, ਕੰਧਾਂ ਦੇ ਵੀ ਕੰਨ ਹੁੰਦੇ ਨੇ। ਦੁਨੀਆ ਤਾਂ ਚਾਹੁੰਦੀ ਹੈ ਅਸੀਂ ਤਮਾਸ਼ਾ ਵੇਖੀਏ।' ਸਿਮਰਤ, ਪਾਲ ਅਤੇ ਦੁਨੀਆ ਤੋਂ ਡਰਦੀ, ਰੋਂਦੀ-ਸਿਸਕੀਆਂ ਭਰਦੀ ਹੋਈ ਕੰਬਦੀ ਆਵਾਜ਼ ਵਿਚ ਸਿਮਰਤ ਨਾਲ ਲਿਪਟੀ ਬੋਲੀ, 'ਮੈਨੂੰ ਮਾਫ਼ ਕਰ ਦੇਵੋ, ਮੈਂ ਦਿਲੋਂ ਗ਼ਲਤੀ ਮਹਿਸੂਸ ਕਰਦੀ ਹਾਂ।' ਪਾਲ ਦਾ ਗੁੱਸਾ ਵੱਧ ਰਿਹਾ ਸੀ। ਜੀਤੀ ਨੇ ਪਾਲ ਨੂੰ ਸਮਝਾਇਆ, 'ਵੱਸਦੇ ਘਰ ਦੀਆਂ ਛੱਤਾਂ ਦੇ ਕੱਖਾਂ ਨੂੰ ਉੱਡਣ ਨਾ ਦੇਵੋ। ਖਿਲਰੇ ਕੱਖਾਂ ਨੂੰ ਮੁੜ ਸਮੇਟ ਕੇ, ਸੁਧਰਨ ਦਾ ਮੌਕਾ ਦੇਣਾ ਹੀ ਅਕਲਮੰਦੀ ਹੈ।' ਸਿਮਰਤ ਨੇ ਪਾਲ ਤੋਂ ਆਪਣੀ ਗ਼ਲਤੀ ਦੀ ਮਾਫ਼ੀ ਮੰਗੀ। ਜੀਤੀ ਦੀ ਸੂਝ-ਬੂਝ ਕਰਕੇ ਘਰ ਵਿਚ ਕਲੇਸ਼ ਦਾ ਉੱਠਿਆ ਵਾਵਰੋਲਾ ਰੁੱਕ ਗਿਆ ਸੀ। ਕੁਝ ਸਮੇਂ ਬਾਅਦ ਦੋਨੋਂ ਭੈਣ-ਭਰਾ ਆਪਣੀ-ਆਪਣੀ ਡਿਊਟੀ 'ਤੇ ਜਾ ਰਹੇ ਸਨ। ਪਾਲ ਸੋਚ ਰਿਹਾ ਸੀ ਕਿ ਉਸ ਦੀ ਭੈਣ ਨੇ ਦਾਗ਼ ਲੱਗੀ ਕਮੀਜ਼ ਤਾਂ ਬਦਲਵਾ ਦਿੱਤੀ ਹੈ ਪਰ ਘਰ ਦੀ ਇੱਜ਼ਤ 'ਤੇ ਲੱਗਾ ਦਾਗ਼ ਕੌਣ ਉਤਾਰੇਗਾ। •

98144- 2347



---

ਸ਼ਮਿੰਦਰ ਕੌਰ

# ਪਰਦੇਸੀਆਂ ਦੇ ਦੁੱਖ ਡਾਹਢੇ

ਆਪਣੀ ਜਨਮ ਭੂਮੀ ਤੋਂ ਦੂਰ ਰਹਿਣ ਦਾ ਦੁੱਖ ਪਰਦੇਸਾਂ ਵਿਚ ਲੱਭਦੇ ਆਪਣਾਪਨ ਡਾਲਰਾਂ ਦੀ ਚਮਕ ਆਪਣੀ ਮਿੱਟੀ ਤੋਂ ਦੂਰ ਜਾ ਕੇ ਰਹਿਣਾ ਪੰਜਾਬੀਆਂ ਦੀ ਮਜ਼ਬੂਰੀ ਤੇ ਤੜਫ਼ ਹੈ। ਉਨ੍ਹਾਂ ਦੇ ਮਨ ਨੂੰ ਸਮਝਣਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ। ਕਿਸ ਦਾ ਜੀ ਕਰਦਾ ਹੈ ਪਰਦੇਸੀ ਹੋਣ ਨੂੰ। ਗ਼ਰੀਬ ਘਰ ਦੇ ਹਾਲਾਤ ਇਨਸਾਨ ਨੂੰ ਮਜਬੂਰ ਕਰਦੇ ਹਨ। ਘਰ-ਬਾਰ ਛੱਡਣ ਨੂੰ ਪੰਜਾਬ 'ਚ ਰਹਿ ਕੇ ਬੇਰੁਜ਼ਗਾਰੀ ਅਤੇ ਭਵਿੱਖ ਦੀ ਚਿੰਤਾ ਹਰ ਇਕ ਨੂੰ ਸਤਾਉਂਦੀ ਹੈ। ਵਿਦੇਸ਼ਾਂ ਵਿਚ ਹੱਡ ਭੰਨਵੀਂ ਮਿਹਨਤ ਕਰ ਕੇ ਪੈਸਾ ਤਾਂ ਬਹੁਤ ਮਿਲਦਾ ਹੈ, ਜੇ ਨਹੀਂ ਮਿਲਦਾ ਤਾਂ ਪਿਆਰ ਹੀ ਨਹੀਂ ਮਿਲਦਾ, ਆਪਣਾਪਨ ਰਿਸ਼ਤੀਆਂ ਦੀ ਸਾਂਝ, ਮਾਂ ਦੇ ਹੱਥ ਦੀ ਬਣੀ ਰੋਟੀ ਨਹੀਂ ਮਿਲਦੀ। ਅੱਜ ਕੱਲ੍ਹ ਖ਼ੂਨ ਦੇ ਰਿਸ਼ਤੇ ਫਿੱਕੇ ਹੋ ਗਏ ਹਨ। ਜਿਸ ਮਾਂ ਬਾਪ ਨੇ ਪਾਲਿਆ-ਪੋਸਿਆ, ਉਸ ਨੂੰ ਹੀ ਅੱਖਾਂ ਦਿਖਾਉਂਦੀ ਹੈ ਅਜੋਕੀ ਪੀੜ੍ਹੀ। ਬਾਹਰ ਗਏ ਬੱਚੇ ਸੰਸਕਾਰ ਨਹੀਂ ਸਿਖ। ਉਹ ਮਾਪਿਆ ਨੂੰ ਤੇਹ-ਮੋਹ ਨਹੀਂ ਕਰਦੇ। ਉਨ੍ਹਾਂ ਨੂੰ ਕੀ ਪਤਾ ਸਾਂਝੇ ਪਰਿਵਾਰਾਂ ਬਾਰੇ। ਲੋਕ ਡਾਲਰਾਂ ਦੀ ਚਮਕ ਤਾਂ ਵੇਖਦੇ ਹਨ ਪਰ ਭੁੱਲ ਜਾਂਦਾ ਹੈ ਕਿ ਡਾਲਰ ਕਵਾਉਣਾਂ ਕਿੰਨਾ ਔਖਾ ਹੈ। ਪੱਥਰ ਦਿਲ ਬਣ ਕੇ ਦਿਨ ਕੱਟਦੇ ਹਨ ਪਰਦੇਸੀ। ਕੰਮ ਵਿਚ ਰੁੱਝੇ ਹੋਣ ਕਰਕੇ ਖਾਣਾ-ਪੀਣਾ ਵੀ ਭੁੱਲ ਜਾਂਦੇ ਹਨ। ਥੋੜ੍ਹੇ-ਥੋੜ੍ਹੇ ਪੈਸੇ ਬਚਾ ਕੇ ਘਰ ਭੇਜਦੇ ਹਨ ਤਾਂ ਕਿ ਗ਼ਰੀਬੀ ਖ਼ਤਮ ਹੋ ਸਕੇ। ਅੱਜ ਕੱਲ੍ਹ ਦੀ ਪੀੜ੍ਹੀ ਦੀ ਇਹੀ ਇੱਛਾ ਹੈ ਕਿ ਬਾਰ੍ਹਵੀਂ ਕਰ ਕੇ ਬਾਹਰ ਚ ਜਾਣ। ਮੁੰਡਿਆਂ ਕੋਲ ਆਇਲੈਂਟ ਹੁੰਦੀ ਨਹੀਂ, ਫਿਰ ਕੁੜੀ ਲੱਭਦੇ ਨੇ ਜਿ ਨੇ ਚੰਗੇ ਬੈਂਡ ਲਏ ਹੋਣ। ਕਈ ਵਾ ਇਹ ਵੀ ਦੇਖਣ 'ਚ ਆਇਆ ਹੈ ਕਿ ਮਾਪੇ ਵਧੀਆ ਨੌਕਰੀ 'ਤੇ ਸੈੱਟ ਹੁ ਹਨ ਪਰ ਫਿਰ ਵੀ ਬੱਚੇ ਬਾਹਰ ਮੁਲਕ ਜਾਣਾ ਪਸੰਦ ਕਰਦੇ ਹਨ ਕਈ ਵਾਰ ਪੰਜਾਬੀ ਵਿਦੇਸ਼ ਜਾ ਲਈ ਆਪਣੀ ਜਾਣ ਖ਼ਤਰੇ ਵਿਚ ਪ ਲੈਂਦੇ ਹਨ। ਮਿਸਾਲ ਲਈ ਤੁਹਾ ਮਾਲਟਾ ਕਾਂਡ ਯਾਦ ਹੀ ਹੋਵੇਗ ਪਰਵਾਸੀ ਆਪਣੇ ਸੱਭਿਆਚਾ ਨੂੰ ਪਸੰਦ ਕਰਦੇ ਹਨ। ਖੇਡਾਂ ਉਤਸ਼ਾਹਿਤ ਕਰਦੇ ਹਨ। ਦੂਰ ਵੱਸ ਵੀ ਇਹ ਪਰਦੇਸੀ ਆਪਣੇ ਦੇਸ਼ ਨਾ ਪਿਆਰ ਕਰਦੇ ਹਨ। •



---

ਮਨਪ੍ਰੀਤ ਕੌਰ ਭੰਮਰਾ

**ਅਜੋਕੇ ਸਮੇਂ ਕੋਈ ਵੀ ਪੋਤਾ-ਪੋਤੀ ਆਪਣੇ ਦਾਦੇ-ਦਾਦੀ ਦੀ ਰਜਾਈ ਦਾ ਨਿੱਘ ਮਾਣ ਕੇ ਬਾਤਾਂ ਨਹੀਂ ਸੁਣਦਾ ਸਗੋਂ ਮੋਬਾਈਲ ਫੋਨ 'ਤੇ ਆਪਣੀ ਮਨਪਸੰਦ ਵੀਡੀਓ ਗੇਮ ਖੇਡਣ ਨੂੰ ਪਹਿਲ ਦਿੰਦਾ ਹੈ...**



# ਭਾਵਨਾਵਾਂ ਦੀ ਕਦਰ

ਰਿਸ਼ਤਿਆਂ ਦੇ ਮੋਹ ਦੀ ਤਸਵੀਰ ਸੀ ਕਦੇ ਪੰਜਾਬ। ਇਸ ਵਿਚ ਰਿਸ਼ਤਿਆਂ ਦੀ ਇੰਨੀ ਵਿਸ਼ਾਲਤਾਂ ਤੇ ਗੂੜ੍ਹੀ ਰੰਗਤ ਵੇਖਣ ਨੂੰ ਮਿਲ ਦੀ ਹੋਰ ਕਿੱਧਰੇ ਨਹੀਂ ਸੀ। ਪਿਆਰ ਲਈ ਜਾਨ ਵਾਰਨ ਵਾਲੇ ਪੰਜਾਬੀ ਸੂਰਮਿਆ ਦੀ ਬਹਾਦਰੀ ਅਨੇਕਾਂ ਕਿੱਸਿਆ ਵਿਚ ਵੇਖਣ ਤੇ ਸੁਣਨ ਨੂੰ ਮਿਲ ਜਾਂਦੀ ਹੈ। ਪੰਜਾਬ ਵਿਚ ਪਹਿਲਾਂ ਸਿਰਫ਼ ਪਦਾਰਥਵਾਦੀ ਸੱਭਿਆਚਾਰ ਵਿਕਸਿਤ ਨਹੀਂ ਸੀ, ਸਗੋਂ ਹਰ ਪਦਾਰਥਵਾਦੀ ਚੀਜ਼ਾਂ ਭਾਵੇਂ ਉਹ ਪੁਰਾਤਨ ਚੁੱਲ੍ਹਾ-ਚੌਂਕਾ, ਮਧਾਣੀ, ਚਰਖਾ, ਕੂੰਡੀ-ਘੋਟਣਾ ਆਦਿ ਕਿਉਂ ਨਾ ਹੋਵੇ ਇਨ੍ਹਾਂ ਨਾਲ ਇਕ ਭਾਵਨਾਤਮਿਕ ਰਿਸ਼ਤਾ ਜ਼ਰੂਰ ਬੱਝਿਆ ਹੁੰਦਾ ਸੀ।

### ਸੱਭਿਆਚਾਰ ਦਾ ਪੱਧਰ

ਕਦੇ ਹਰ ਸੁਆਣੀ ਮਧਾਣੀ ਨਾਲ ਹੱਥੀ ਦੁੱਧ ਰਿੜਕ ਕੇ ਦਹੀ, ਲੱਸੀ ਜਦ ਘਰ ਦੇ ਮੈਂਬਰਾਂ ਨੂੰ ਪਰੋਸਦੀ ਹੈ ਤਾਂ ਇਕ ਵੱਖਰੇ ਹੀ ਸਵਾਦ ਦਾ ਸਰੂਰ ਚੜ੍ਹਦਾ। ਚਰਖਿਆ ਦੀ ਘੂਕਰ ਵੀ ਤ੍ਰਿੰਞਣਾ ਵਿਚ ਬੰਸਰੀ ਦੀ ਹੇਕ ਜਿੰਨਾ ਅਨੰਦ ਦਿੰਦੀ ਪਰ ਅੱਜ ਕੱਲ੍ਹ ਸੱਭਿਆਚਾਰ ਦਾ ਵੱਡੇ ਪੱਧਰ 'ਤੇ ਮਜ਼ਾਕ ਉਡਾਇਆ ਜਾਂਦਾ ਹੈ। ਵਿਆਹ ਜਾਂ ਸ਼ਗਨਾ ਦੇ ਹੋਰ ਮੌਕਿਆਂ 'ਤੇ ਇਨ੍ਹਾਂ ਦੁਆਰਾ ਸਟੇਜ ਤੇ ਦਿਖਾਵਟ ਤਾਂ ਸੱਭਿਆਚਾਰਕ ਵਸਤਾਂ ਦੀ ਕੀਤੀ ਹੁੰਦੀ ਹੈ ਪਰ ਅਸ਼ਲੀਲ ਗੀਤਾਂ ਦੇ ਬੋਲਾਂ ਨਾਲ ਇਨ੍ਹਾਂ ਚੀਜਾਂ ਜਾਂ ਪੰਜਾਬੀ ਪਹਿਰਾਵਿਆਂ ਦਾ ਕੋਈ ਮੇਲ ਨਹੀਂ ਹੁੰਦਾ।

### ਸੰਸਕਾਰਾਂ ਦੀ ਸਮਝ

ਅੱਜ ਕੱਲ੍ਹ ਦੀ ਨੌਜਵਾਨ ਪੀੜ੍ਹੀ ਦਾ ਰੁਝਾਨ ਵੀ ਬੱਸ ਇਕੱਲਪੁਣੇ ਤੇ ਪਦਾਰਥਕ ਚੀਜ਼ਾ ਤਕ ਹੀ ਸੀਮਿਤ ਹੈ। ਪੁਰਾਣੇ ਸਮੇਂ ਦੇ ਸੰਸਕਾਰਾਂ ਦੀ ਡੂੰਘਾਈ ਨੂੰ ਸਮਝਣ ਦਾ ਉਹ ਯਤਨ ਨਹੀਂ ਕਰਦੇ ਜਾਂ ਇਹ ਕਹਿ ਲਵੋ ਕਿ ਉਨ੍ਹਾਂ ਨੂੰ ਇਸ ਗੱਲ ਦੀ ਜ਼ਰੂਰਤ ਹੀ ਮਹਿਸੂਸ ਨਹੀਂ ਹੁੰਦੀ। ਅੱਜ ਦੇ ਨੌਜਵਾਨਾਂ ਨੂੰ ਇਹ ਜ਼ਰੂਰ ਪਤਾ ਹੈ ਕਿ ਜੇਕਰ ਗੁਰਦੁਆਰੇ ਦੀ ਇਮਾਰਤ ਦਿਖਦੀ ਹੈ ਤਾਂ ਉਸ ਅੱਗੇ ਸਿਰ ਜ਼ਰੂਰ ਝੁਕਾਣਾ ਹੈ ਪਰ ਕਿਉਂ ਝੁਕਾਣਾ ਹੈ ਇਹ ਪਤਾ ਨਹੀ? ਇਸ ਪਿੱਛੇ ਇਤਿਹਾਸ ਕੀ ਹੈ? ਇਸ ਦੀ ਜਾਣਕਾਰੀ ਹਾਸਲ ਕਰਨਾ ਉਹ ਬਹੁਤਾ ਜ਼ਰੂਰੀ ਨਹੀਂ ਸਮਝਦੇ। ਅੱਜ ਦੇ ਤਕਨੀਕੀ ਯੁੱਗ ਨੇ ਹਰ ਨੌਜਵਾਨ ਵਰਗ ਨੂੰ ਹੀ ਨਹੀਂ ਸਗੋਂ ਬੱਚਿਆ ਦੇ ਬਚਪਨ ਨੂੰ ਵੀ ਕੈਦ ਕਰ ਲਿਆ ਹੈ। ਹੁਣ ਕਿਸੇ ਵੀ ਦਾਦੇ-ਦਾਦੀ ਦਾ ਪੋਤਾ/ਪੋਤੀ ਉਨ੍ਹਾਂ ਦੀ ਰਜਾਈ ਦਾ ਨਿੱਘ ਮਾਣ ਕੇ ਬਾਤਾਂ ਨਹੀਂ ਸੁਣਦਾ ਸਗੋਂ ਮੋਬਾਈਲ ਫੋਨ 'ਤੇ ਵੀਡਿਓ ਗੇਮ ਖੇਡਣ ਨੂੰ ਪਹਿਲ ਦਿੰਦਾ ਹੈ।

### ਕਮਾਊ ਪੁੱਤ

ਬੁੱਢੇ ਮਾਪੇ ਬਿਰਧ ਆਸ਼ਰਮਾਂ ਵਿਚ ਆਪਣਾ ਸਮਾਂ ਬਤੀਤ ਕਰ ਰਹੇ ਹਨ। ਉਨ੍ਹਾਂ ਦੇ ਕਮਾਊ ਪੁੱਤ ਕਮਾ ਤਾਂ ਬਥੇਰੀ ਕਰ ਰਹੇ ਹਨ ਪਰ ਮ ਬਾਪ ਨੂੰ ਦੋ ਵਕਤ ਦੀ ਰੋਟੀ ਦੇਣ ਅਸਮਰਥ ਹਨ। ਇਸ ਪਿੱਛੇ ਪ੍ਰਮੁੱ ਕਾਰਨ ਨੈਤਿਕ ਕਦਰਾਂ ਕੀਮਤਾਂ ਵਿ ਆ ਰਹੀ ਗਿਰਾਵਟ ਹੀ ਹੈ। ਘਰ ਵਿ ਮਾਂ ਬਾਪ ਦੁਆਰਾ ਪੈਸਾ ਕਮਾਉਣ ਹੋੜ੍ਹ ਵਿਚ ਲੱਗ ਜਾਣਾ, ਬੱਚਿਆਂ ਬਣਦਾ ਸਮਾਂ ਨਾ ਦੇਣਾ, ਇਕੱਠੇ ਜੁ ਕੇ ਗੱਲਾਂ-ਬਾਤਾਂ ਕਰਨੀਆਂ, ਇ ਦੂਸਰੇ ਦੀਆਂ ਭਾਵਨਾਵਾਂ ਦੀ ਕਦ ਨਾ ਕਰਨਾ ਆਦਿ।

### ਅਧਿਆਪਕ ਦਾ ਦਰਜਾ

ਸਕੂਲ ਪੱਧਰ 'ਤੇ ਪੜ੍ਹ ਕੇ ਬੱ ਜਦ ਕਾਲਜ ਵਿਚ ਪ੍ਰਵੇਸ਼ ਕਰਦੇ ਹ ਤਾਂ ਉਨ੍ਹਾਂ ਵਿਚ ਨੈਤਿਕ ਗਿਰਾਵਟ ਲੱਛਣ ਸਹਿਜੇ ਹੀ ਵੇਖਣ ਨੂੰ ਮਿ ਜਾਂਦੇ ਹਨ। ਪਹਿਲਾਂ ਅਧਿਆਪਕ ਗੁਰੂ ਤਾਂ ਕੀ ਰੱਬ ਦਾ ਦਰਜਾ ਦਿੱ ਜਾਂਦਾ ਸੀ ਪਰ ਹੁਣ ਰੱਬ ਜਾਂ ਗੁਰੂ ਤ ਕੀ ਇਕ ਸਤਿਕਾਰਯੋਗ ਅਧਿਆਪ ਦਾ ਵੀ ਦਰਜਾ ਪ੍ਰਾਪਤ ਨਹੀਂ ਹੁੰਦ ਵਿਦਿਆਰਥੀਆਂ ਦੇ ਸੁਭਾਅ ਵਿ ਪ੍ਰਮੁੱਖ ਸਮੱਸਿਆ ਇਹ ਆਈ ਹੈ ਕਿ ਉਹ ਆਪਣੇ ਆਪ ਨੂੰ ਸਹੀ ਸਾਬ ਕਰਨ ਦੀ ਹੋੜ ਵਿਚ ਇੰਨਾ ਕੁ ਮਹਾ ਹੋ ਜਾਂਦਾ ਹੈ ਕਿ ਉਹ ਆਪਣੇ ਅੱ ਖੜ੍ਹੇ ਅਧਿਆਪਕ ਦੀ ਵੀ ਪਰਵਾ ਨਹੀਂ ਕਰਦੇ ਸਗੋਂ ਇਕ ਹੱਦ ਤ ਬਦਸਲੂਕੀ ਵੀ ਕਰ ਜਾਂਦੇ ਹਨ। •

# ਵਕਤ ਨੇ ਖੋਹ ਲਿਆ ਪਿੰਨੀਆਂ ਦਾ ਸੁਆਦ



ਪੁਰਤਾਨ ਸਮਿਆਂ 'ਚ ਸਰਦੀਆਂ ਦੇ ਮੌਸਮ ਨੂੰ ਖ਼ੁਰਾਕਾਂ ਦਾ ਮੌਸਮ ਕਿਹਾ ਜਾਂਦਾ ਸੀ। ਸਰਦੀਆਂ ਦੇ ਦਿਨਾਂ ਦੌਰਾਨ ਖੁੱਲ੍ਹਾ ਦੁੱਧ, ਦਹੀਂ ਅਤੇ ਘਿਉ ਆਦਿ ਖਾਣ ਦੇ ਨਾਲ-ਨਾਲ ਪੰਜੀਰੀ ਅਤੇ ਖੋਆ ਆਦਿ ਰਲਾਉਣ ਦਾ ਰੁਝਾਨ ਪ੍ਰਚਲਿਤ ਸੀ। ਉਨ੍ਹਾਂ ਦਿਨਾਂ 'ਚ ਦੁੱਧ ਦੀ ਵਿਕਰੀ ਮਿਹਣੇ ਸਮਾਨ ਸੀ। ਲੋਕ ਦੁੱਧ ਵੇਚਣ ਨੂੰ ਪੁੱਤ ਵੇਚਣ ਬਰਾਬਰ ਸਮਝਦੇ ਸਨ। ਹੁਣ ਜਦੋਂ ਪੁੱਤ ਵੇਚਣਾ ਵੀ ਮਿਹਣਾ ਨਹੀਂ ਰਿਹਾ ਤਾਂ ਦੁੱਧ ਵੇਚਣ ਦਾ ਕਾਹਦਾ ਮਿਹਣਾ। ਹੁਣ ਤਾਂ ਲੱਸੀ ਵੀ ਵਿਕਦੀ ਹੈ ਦੁੱਧ ਤਾਂ ਗੱਲ ਹੀ ਛੱਡੋ। ਵੈਸੇ ਵੀ ਹੁਣ ਦੁੱਧ ਜਾਂ ਦੁੱਧ ਤੋਂ ਬਣੇ ਪਦਾਰਥ ਖ਼ੁਰਾਕ ਦਾ ਅਹਿਮ ਹਿੱਸਾ ਨਹੀਂ ਰਹੇ। ਬਦਲਦੀ ਦੀ ਜੀਵਨਸ਼ੈਲੀ 'ਚ ਦੁੱਧ ਅਤੇ ਘਿਉ ਸਿਹਤ ਲਈ ਹਾਨੀਕਾਰਕ ਮੰਨੇ ਜਾਣ ਲੱਗੇ ਹਨ। ਬਿਮਾਰੀਆਂ ਦੇ ਹੜ੍ਹ 'ਚ ਡਾਕਟਰਾਂ ਨੇ ਬਹੁਗਿਣਤੀ ਲੋਕਾਂ ਦੇ ਦੁੱਧ ਪੀਣ ਅਤੇ ਦੁੱਧ ਤੋਂ ਬਣੀਆਂ ਖ਼ੁਰਾਕਾਂ ਖਾਣ 'ਤੇ ਪਾਬੰਦੀ ਲਗਾ ਰੱਖੀ ਹੈ। ਕੋਈ ਸਮਾਂ ਸੀ ਜਦੋਂ ਪਜੀਰੀ ਅਤੇ ਖੋਆ ਸਰਦੀਆਂ ਦੀ ਮੁੱਖ ਖ਼ੁਰਾਕ ਸਨ। ਘਰ ਦੀਆਂ ਔਰਤਾਂ ਨੇ ਸੰਜਮ ਨਾਲ ਕਈ ਕਈ ਦਿਨਾਂ ਦਾ ਦੁੱਧ ਇਕੱਠਾ ਕਰ ਲੈਣਾ ਅਤੇ ਫਿਰ ਉਸ ਨੂੰ ਕੜਾਹੀ ਵਿਚ ਉਬਾਲ ਕੇ ਖੋਆ ਬਣਾਉਣਾ। ਖੋਆ ਕੱਢਣਾ ਕਾਫ਼ੀ ਔਖਾ ਕੰਮ ਸੀ ਪਰ ਉਬਲਦੇ ਦੁੱਧ ਵਿਚ ਖੁਰਚਣਾ ਚਲਾਉਣ ਨਾਲ ਬਾਹਾਂ ਦੀ ਭਰਵੀਂ ਕਸਰਤ ਹੋ ਜਾਂਦੀ ਸੀ। ਜਦੋਂ ਘਰ ਦੀਆਂ ਸਿਆਣੀਆਂ ਔਰਤਾਂ ਜਾਂ ਪੁਰਸ਼ਾਂ ਨੇ ਖੋਆ ਕੱਢਣਾ ਤਾਂ ਬੱਚਿਆਂ ਨੇ ਚੁੱਲੇ ਦੁਆਲੇ ਇਸ ਉਡੀਕ ਵਿਚ ਬੈਠ ਜਾਣਾ ਕਿ ਕਦੋਂ ਖੋਆ ਬਣੇਗਾ। ਕਾਫ਼ੀ ਮੁਸ਼ੱਕਤ ਤੋਂ ਬਾਅਦ ਦੁੱਧ ਵਿਚਲਾ ਪਾਣੀ ਮੱਚ ਜਾਂਦਾ ਅਤੇ ਪਿੱਛੇ ਬਚ ਜਾਂਦਾ ਖੋਆ। ਗਰਮਾ-ਗਰਮ ਇਹ ਕੱਚਾ ਭਾਵ ਪਿਉਰ ਖੋਆ ਖਾਣ ਦਾ ਆਪਣਾ ਹੀ ਸਵਾਦ ਸੀ।

**ਬਿੰਦਰ ਖੁੱਡੀ ਕਲਾਂ, 98786-05965**

### ਘਰੇਲੂ ਖ਼ੁਰਾਕਾਂ

*ਦੁੱਧ, ਦਹੀਂ, ਘਿਉ, ਪੰਜੀਰੀ ਅਤੇ ਖੋਆ ਸਿਰਫ਼ ਹੁਣ ਪੁਰਾਣੇ ਲੋਕਾਂ ਦੀ ਪਸੰਦ ਰਹਿ ਗਏ ਹਨ। ਲੋਕਾਂ ਦੀ ਘਰੇ ਖੋਆ ਕੱਢਣ, ਪੰਜੀਰੀ ਰਲਾਉਣ, ਦਹੀਂ ਜਮਾਉਣ ਅਤੇ ਘਿਉ ਬਣਾਉਣ ਦੀ ਖੇਚਲ ਵਾਲੀ ਨਬਜ਼ ਪਛਾਣਦਿਆਂ ਵਪਾਰਕ ਕੰਪਨੀਆਂ ਨੇ ਰੈਡੀਮੇਡ ਖੋਆ ਅਤੇ ਪੰਜੀਰੀ ਬਾਜ਼ਾਰ ਵਿਚ ਉਪਲਬਧ ਕਰਵਾ ਦਿੱਤੇ ਹਨ। ਕੁੜੀਆਂ ਨੂੰ ਖੋਆ ਕੱਢਣ ਅਤੇ ਪੰਜੀਰੀ ਰਲਾਉਣ ਸਮੇਤ ਘਿਉ ਬਣਾਉਣ ਅਤੇ ਦਹੀਂ ਜਮਾਉਣ ਵਰਗੇ ਕੰਮ ਆਉਂਦੇ ਹੀ ਨਹੀਂ ਹਨ। ਮੁੱਕਦੀ ਗੱਲ ਇਹ ਕਿ ਕਿਸੇ ਸਮੇਂ ਖ਼ੁਰਾਕ ਵਿਚ ਸਰਦਾਰੀ ਕਰਨ ਵਾਲੀਆਂ ਘਰੇਲੂ ਖ਼ੁਰਾਕਾਂ ਹੁਣ ਹਾਸ਼ੀਏ 'ਤੇ ਚਲੀਆਂ ਗਈਆਂ ਹਨ।*

---

**ਮੁਟਿਆਰਾਂ ਤ੍ਰਿੰਝਣ ਵਿਚ ਰਲ ਕੇ ਬਹਿੰਦੀਆਂ ਹਨ ਤਾਂ ਉਹ ਆਪਣੇ ਮਨ ਦੇ ਚਾਵਾਂ ਨੂੰ ਫੁੱਲਾਂ ਦੇ ਰੂਪ ਵਿਚ ਸੂਹੇ ਲਾਲ ਖੱਦਰ ਦੇ ਦੁਪੱਟੇ ਉੱਪਰ ਇੰਝ ਖਿਲਾਰ ਦਿੰਦੀਆਂ ਹਨ ਜਿਵੇਂ ਕੁਦਰਤ ਨੇ ਆਪਣੇ ਲੇਫ ਉੱਪਰ ਤਾਰੇ ਖਿਲਾਰੇ ਹੋਣ...**

# ਚਾਨਣ ਦੀ ਫੁਲਕਾਰੀ ਤੋਪਾ ਕੌਣ ਭਰੇ

**ਪ੍ਰਿੰਸੀਪਲ ਪ੍ਰੇਮਲਤਾ**

ਫੁਲਕਾਰੀ ਦੇ ਸ਼ਬਦਿਕ ਅਰਥ ਹਨ : ਮਨੁੱਖੀ ਸੁਹਜ ਅਤੇ ਕਿਰਤ ਨਾਲ ਕੱਢੇ ਫੁੱਲਾਂ ਨਾਲ ਸਜਿਆ ਰੰਗਦਾਰ ਖੱਦਰ ਦਾ ਵੱਡਾ ਦੁੱਪਟਾ ਹੈ। ਇਰਾਨ ਵਿਚ ਇਸ ਦੇ ਰੂਪ ਨੂੰ ਗੁਲਕਾਰੀ ਕਹਿੰਦੇ ਹਨ। ਕਈ ਵਿਦਵਾਨਾਂ ਦਾ ਮਤ ਹੈ ਕਿ ਪੰਜਾਬ ਦੇ ਕੁਝ ਲੋਕ, ਮੱਧ ਏਸ਼ੀਆ ਵਿੱਚੋਂ ਆਏ ਸਨ ਤੇ ਉਨ੍ਹਾਂ ਦੇ ਨਾਲ ਹੀ ਫੁਲਕਾਰੀ ਆਈ ਹੈ ਪਰ ਇਹ ਗੱਲ ਤਰਕਹੀਨ ਲੱਗਦੀ ਹੈ। ਕਿਉਂਕਿ ਫੁਲਕਾਰੀ ਸੰਸਕ੍ਰਿਤ ਦਾ ਸ਼ਬਦ ਜੋੜਾਂ ਹੈ। ਕਾਰੀ ਦਾ ਧਾਤੂ ਰੂਪ, ਕਰ ਹੈ, ਜਿਸ ਦਾ ਅਰਥ ਹੈ, ਹੱਥ, ਇਸ ਨੂੰ ਕਿਰਤ ਦੇ ਰੂਪ ਵਿਚ ਵਰਤਿਆ ਗਿਆ ਹੈ।

### ਮੁਟਿਆਰਾਂ ਦੀ ਰੂਹ

ਫੁਲਕਾਰੀ ਦਾ ਜ਼ਿਕਰ ਵੇਦਾਂ, ਮਹਾਂ-ਭਾਰਤ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਵੀ ਆਉਂਦਾ ਹੈ। ਇਸ ਲਈ ਇਸ ਨੂੰ ਭਾਰਤ ਖ਼ਾਸ ਕਰ ਕੇ ਪੰਜਾਬ ਦੀ ਉਪਜ ਕਹਿ ਸਕਦੇ ਹਾਂ। ਫੁਲਕਾਰੀ ਦਾ ਜ਼ਿਕਰ ਵਾਰਿਸ਼ ਸ਼ਾਹ ਨੇ ਹੀਰ-ਰਾਂਝੇ ਦੇ ਕਿੱਸੇ ਵਿਚ ਵੀ ਕੀਤਾ ਹੈ। ਲੋਕ ਬੋਲੀਆਂ ਅਤੇ ਲੋਕ ਗੀਤਾਂ ਵਿਚ ਤਾਂ ਫੁਲਕਾਰੀ ਨੂੰ ਸਹਿਜੇ ਹੀ ਵਰਤਿਆ ਗਿਆ ਹੈ।

ਕੁਲਦੀਪ ਮਾਣਕ ਦਾ ਬਹੁਤ ਹੀ ਮਸ਼ਹੂਰ ਗੀਤ ਹੈ, ਜਿਸ ਵਿਚ ਫੁਲਕਾਰੀ ਕੱਢਦੀਆਂ ਮੁਟਿਆਰਾਂ ਦੀ ਰੂਹ ਖਿੜ੍ਹ-ਖਿੜ੍ਹ ਪੈਂਦੀ ਹੈ :





*ਮੈਂ ਚਾਦਰ ਕੱਢਦੀ ਨੀ ਗਿਣ-ਗਿਣ ਤੋਪੇ ਪਾਵਾਂ*
*ਜਾਮਣ ਦੀ ਛਾਂ ਹੇਠਾਂ ਨੀ ਮੈਂ ਪੀਹੜਾ ਡਾਹਵਾਂ*
*ਚਿੜੀਆਂ ਦੀ ਚੀਂ-ਚੀਂ ਨੀ, ਤੋਤਿਆਂ ਦੀ ਟੁਕਣੀ*
*ਸਿਰ ਫੜਕੇ ਸੋਚਾਂ ਨੀ ਨਾਲੇ ਸ਼ਰਮਾਵਾਂ...*

### ਪੰਜਾਬੀ ਸੱਭਿਆਚਾਰ

ਇਕ ਹੋਰ ਗੌਰ ਕਰਨ ਵਾਲੀ ਗੱਲ ਹੈ, ਜਿਹੜੀਆਂ ਕਿਰਿਆਵਾਂ ਅਤੇ ਵਸਤੂਆਂ ਨਾਲ ਪੰਜਾਬੀ ਔਰਤ ਜੁੜੀ ਹੋਈ ਹੈ, ਉਹ ਕਿਰਿਆਵਾਂ ਜਾਂ ਵਸਤੂਆਂ ਪੰਜਾਬੀ ਸੱਭਿਆਚਾਰ ਵਿਚ ਕੇਂਦਰੀ ਸਥਾਨ ਰੱਖਦੀਆਂ ਹਨ। ਚਰਖਾ, ਤ੍ਰਿੰਝਣ ਅਤੇ ਫੁਲਕਾਰੀ ਦੀ ਕਲਾ ਨੇ ਪੰਜਾਬੀ ਸੱਭਿਆਚਾਰ ਨੂੰ ਚਾਰ ਚੰਨ ਲਗਾਏ ਹਨ। ਇਹ ਨਿਰੀਆਂ-ਪੁਰੀਆਂ ਵਸਤੂਆਂ ਜਾਂ ਕਿਰਿਆਵਾਂ ਨਹੀਂ ਹਨ, ਇਹ ਤਾਂ ਪੰਜਾਬੀ ਸੱਭਿਆਚਾਰ ਦੇ ਉਹ ਸੂਰਜ ਹਨ ਜਿਨ੍ਹਾਂ ਦੁਆਲੇ ਮੋਰ ਪੰਖ ਦੀਆਂ ਬਣੀਆਂ ਕਲਮਾਂ ਗੇੜੇ ਕੱਢਦੀਆਂ ਹਨ ਅਤੇ ਉੱਚ ਕੋਟੀ ਦੀ ਸਾਹਿਤ ਰਚਨਾ ਪੰਜਾਬੀ ਸੱਭਿਆਚਾਰ ਦੀ ਝੋਲੀ ਵਿਚ ਪਾ ਰਹੀਆਂ ਹਨ। ਡਾ. ਹਰਿਭਜਨ ਸਿੰਘ ਨੇ ਫੁਲਕਾਰੀ ਨੂੰ ਬਿੰਬ ਵਰਤਦੇ ਹੋਏ ਇਕ ਖ਼ੂਬ ਸੂਰਤ ਕਵਿਤਾ ਦੀ ਰਚਨਾ ਕੀਤੀ ਹੈ :

ਮੈਂ ਕਰ ਕਰ ਜਤਨ ਹਾਰੀ
ਰਾਮਾ ਨਹੀਂ ਮੁੱਕਦੀ ਫੁਲਕਾਰੀ
ਜ਼ਿੰਦ ਨਿੱਕੜੀ ਤੇ ਹਾੜ ਮਹੀਨਾ
ਤਨ ਤਪੇ ਪਸੀਨਾ ਚੋਏ
ਅਸਾਂ ਮਹਿੰਗੇ ਮੁੱਲ ਦੇ ਮੋਤੀ
ਇੰਝ ਪਤਲੀ ਦੇ ਪੱਟ ਪਰੋਏ
ਇੰਝ ਮਿਹਨਤ ਦੇ ਵਿਚ ਬੀਤੀ
ਸਾਡੀ ਖੇਡਣ ਦੀ ਰੁੱਤ ਸਾਰੀ
ਰਾਮਾ ਨਹੀਂ ਮੁੱਕਦੀ ਫੁਲਕਾਰੀ...

### ਖੱਦਰ ਨੂੰ ਸੂਹੇ ਲਾਲ ਰੰਗ ਨਾਲ ਰੰਗਣਾ

ਚਰਖਾ, ਤ੍ਰਿੰਝਣ ਅਤੇ ਫੁਲਕਾਰੀ ਇਕ ਦੂਜੇ ਨਾਲੋਂ ਵੱਖ ਨਹੀਂ ਹੋ ਸਕਦੇ। ਸਭ ਤੋਂ ਪਹਿਲਾਂ ਤ੍ਰਿੰਝਣ ਵਿਚ ਬਹਿ ਕੇ ਪੰਜਾਬੀ ਔਰਤ ਚਰਖੇ ਉੱਪਰ ਕਪਾਹ ਦੀ ਰੂੰ ਤੋਂ ਸੂਤ ਕੱਤਦੀ ਹੈ, ਉਸ ਤੋਂ ਬਾਅਦ ਉਸ ਸੂਤ ਨਾਲ ਖੱਦਰ ਬੁਣਿਆ ਜਾਂਦਾ ਹੈ। ਫੇਰ ਉਸ ਖੱਦਰ ਨੂੰ ਸੂਹੇ ਲਾਲ ਰੰਗ ਨਾਲ ਰੰਗਿਆ ਜਾਂਦਾ ਹੈ। ਵੱਡ ਅਕਾਰੀ ਦੁਪੱਟੇ ਦੇ ਰੂਪ 'ਚ ਸੂਹੇ ਲਾਲ ਖੱਦਰ ਉੱਪਰ ਕਈ ਤਰ੍ਹਾਂ ਦੇ ਫੁੱਲ ਕੱਢੇ ਜਾਂਦੇ ਹਨ। ਸੂਤ ਕੱਤਣ ਵੇਲੇ ਵੀ ਅਤੇ ਫੁਲਕਾਰੀ ਕੱਢਣ ਵੇਲੇ ਵੀ ਮੁਟਿਆਰ ਤ੍ਰਿੰਝਣ ਦਾ ਆਨੰਦ ਮਾਣਦੀ ਹੈ। ਜਦੋਂ ਮੁਟਿਆਰਾਂ ਤ੍ਰਿੰਝਣ ਵਿਚ ਰਲ ਕੇ ਬਹਿੰਦੀਆਂ ਹਨ ਤਾਂ ਮੁਟਿਆਰ ਆਪਣੇ ਮਨ ਦੇ ਚਾਵਾਂ ਨੂੰ ਫੁੱਲਾਂ ਦੇ ਰੂਪ ਵਿਚ ਸੂਹੇ ਲਾਲ ਖੱਦਰ ਦੇ ਦੁਪੱਟੇ ਉੱਪਰ ਇੰਝ ਖਿਲਾਰ ਦਿੰਦੀ ਹੈ ਜਿਵੇਂ ਕੁਦਰਤ ਨੇ ਆਪਣੇ ਲੇਫ ਉੱਪਰ ਤਾਰੇ ਖਿਲਾਰੇ ਹੋਣ। ਕਵੀ ਦੀ ਕਲਮ ਇਸ ਦ੍ਰਿਸ਼ ਨੂੰ ਦੇਖ ਕੇ ਆਪ ਮੁਹਾਰੇ ਚੱਲਦੀ ਹੋਈ ਇੰਝ ਕਹਿੰਦੀ ਹੈ :

ਫੁੱਲਾਂ ਵਾਲੀ ਲੈ ਫੁਲਕਾਰੀ
ਜਦ ਮੈਂ ਦਿੱਤਾ ਗੇੜਾ
ਦੂਹਰਾ ਹੋ ਗਿਆ ਰੰਗ ਗੁਲਾਬੀ
ਨੱਚਣ ਲੱਗਿਆ ਵਿਹੜਾ
ਗਿੱਧੇ ਦੇ ਵਿਚ ਨੱਚਦੀ ਜੱਟੀ
ਕਰੂ ਮੁਕਾਬਲਾ ਕਿਹੜਾ
ਜੋਬਨ ਪਤਲੋ ਦਾ
ਸੱਜਰੇ ਮੱਖਣ ਦਾ ਪੇੜਾ...

### ਜੀਵਾਂ ਲਈ ਪਿਆਰ

ਪੰਜਾਬੀ ਸੱਭਿਆਚਾਰ ਨੇ ਪਦਾਰਥ ਅਤੇ ਕੁਦਰਤ ਨੂੰ ਸਦਾ ਉੱਚਾ ਸਥਾਨ ਦਿੱਤਾ ਹੈ, ਇਸ ਵਿੱਚੋਂ ਹੀ ਔਰਤ ਦੀ ਆਜ਼ਾਦੀ ਅਤੇ ਬਰਾਬਰਤਾ ਅਤੇ ਜੀਵਾਂ ਲਈ ਪਿਆਰ ਜਿਹੇ ਉੱਚ ਪਾਏਦਾਰ ਗੁਣ ਉੱਭਰ ਕੇ ਸਾਹਮਣੇ ਆਏ ਹਨ। ਪੰਜਾਬੀ ਔਰਤ ਦੀ ਇਸੇ ਆਜ਼ਾਦੀ ਅਤੇ ਬਰਾਬਰਤਾ ਵਿੱਚੋਂ ਕਲਾ ਨੇ ਜਨਮ ਲਿਆ ਹੈ ਜਿਸ ਵਿਚ ਫੁਲਕਾਰੀ ਦੀ ਕਲਾ, ਕਲਾ ਦੀ ਸਿਖਰ ਹੈ। ਸਾਨੂੰ ਇਸ ਗੱਲ ਦਾ ਮਾਣ ਹੈ ਕਿ ਪੰਜਾਬੀ ਸੱਭਿਆਚਾਰ ਵਿਚ ਦੂਰ ਤਕ ਨਜ਼ਰ ਮਾਰਨ 'ਤੇ ਵੀ ਕੋਈ ਅਜਿਹੀ ਰਸਮ ਜਾਂ ਕਿਰਿਆ ਨਜ਼ਰ ਨਹੀਂ ਆਉਂਦੀ ਜਿਹੜੀ ਔਰਤ ਦੇ ਸਨਮਾਨ ਨੂੰ ਨੀਵਾਂ ਕਰਦੀ ਹੋਵੇ ਜਾਂ ਵਾਤਾਵਰਨ ਜਾਂ ਜੀਵਾਂ ਦੀ ਹੋਂਦ ਨੂੰ ਖ਼ਤਰਾ ਪੈਦਾ ਕਰਦੀ ਹੋਵੇ। ਜੇਕਰ ਅੱਜ ਵਾਤਾਵਰਨ ਅਤੇ ਜੀਵ-ਜੰਤੂਆਂ ਦੀ ਹੋਂਦ ਨੂੰ ਖ਼ਤਰਾ ਬਣਿਆ ਹੈ ਤਾਂ ਉਹ ਆਧੁਨਿਕ ਸਮਾਜ ਵੱਲੋਂ ਪੈਦਾ ਹੋਇਆ ਹੈ। ਫੁਲਕਾਰੀ ਜਿੱਥੇ ਕਲਾ ਦਾ ਸਿਖਰ ਹੈ ਉੱਥੇ ਹੀ ਇਹ ਪੰਜਾਬੀ ਔਰਤਾਂ ਦਾ ਪ੍ਰਾਕਿਰਿਤੀ ਪ੍ਰਤੀ ਪਿਆਰ ਨੂੰ ਦਰਸਾਉਂਦੀ ਹੈ। ਇਸੇ ਭਾਵਨਾ ਨੂੰ ਲੈ ਕੇ ਅਮ੍ਰਿਤਾ ਪ੍ਰੀਤਮ ਨੇ ਫੁਲਕਾਰੀ ਬਾਰੇ ਆਪਣੇ ਭਾਵ ਕਵਿਤਾ ਰਾਹੀਂ ਉਸ ਤਰ੍ਹਾਂ ਪ੍ਰਗਟਾਏ ਹਨ :

ਚਾਨਣ ਦੀ ਫੁਲਕਾਰੀ ਤੋਪਾ ਕੌਣ ਭਰੇ
ਅੰਬਰ ਦਾ ਇਕ ਆਲਾ
ਸੂਰਜ ਬਾਲ ਦਿਆਂ
ਮਨ ਦੀ ਉੱਚੀ ਮੰਮਟੀ ਦੀਵਾ ਕੌਣ ਧਰੇ...

### ਇੰਦਰ ਲੋਕ ਦੀਆਂ ਪਰੀਆਂ

ਖ਼ੁਸ਼ੀ ਦੇ ਮੌਕੇ 'ਤੇ ਮੁਟਿਆਰਾਂ ਸਿਰਾਂ ਉੱਪਰ ਸੱਗੀ ਫੁੱਲ ਅਤੇ ਗਲ਼ੇ ਵਿਚ ਫੁਲਕਾਰੀ-ਦੁੱਪਟਾ ਲੈ ਕੇ ਗਿੱਧੇ ਵਿਚ ਨੱਚਦੀਆਂ ਇੰਝ ਲਗਦੀਆਂ ਸਨ, ਜਿਵੇਂ ਇੰਦਰ ਲੋਕ ਦੀਆਂ ਪਰੀਆਂ ਉੱਤਰ ਆਈਆਂ ਹੋਣ।

ਪੰਜਾਬੀ ਸੱਭਿਆਚਾਰ ਵਿਚ ਫੁਲਕਾਰੀ ਦੁੱਪਟੇ ਨੂੰ ਕੁੜੀ ਦੇ ਵਿਆਹ ਵੇਲੇ ਸਿਰ ਉੱਪਰ ਲੈਣਾ ਸ਼ਗਨਾ ਸਮਝਿਆ ਜਾਂਦਾ ਹੈ। ਵਿਆਹੁਤਾ ਕੁੜੀ ਦੀ ਪੇਟੀ ਵਿਚ ਫੁਲਕਾਰੀ ਇਕ ਗਹਿਣੇ ਦਾ ਸਥਾਨ ਰੱਖਦੀ ਸੀ। ਹੁਣ ਫੁਲਕਾਰੀ ਦੀ ਥਾਂ ਬਿਊਟੀ ਪਾਰਲਰਾਂ ਦੇ ਕਿਰਾਏ ਦੇ ਲਹਿੰਗਿਆਂ ਨੇ ਲੈ ਲਈ ਹੈ।

**98143-41746**

### ਰੀਤੀ-ਰਿਵਾਜ

*ਪੰਜਾਬੀ ਸੱਭਿਆਚਾਰ ਵਿਚ ਜੇਕਰ ਵੱਖ-ਵੱਖ ਕਰਮਾਂ, ਰੀਤੀ-ਰਿਵਾਜ, ਰਹਿਣ-ਸਹਿਣ ਅਤੇ ਖਾਣ ਪੀਣ ਨਾਲ ਪੂਰਨ ਮਨੁੱਖ ਬਣਦਾ ਹੈ ਤਾਂ ਕਲਾ ਜਾਂ ਸੁਹਜ ਉਸ ਦੀ ਆਤਮਾ ਦੀ ਸ਼ੁੱਧੀ ਅਤੇ ਮਨ ਦੇ ਚਾਵਾਂ ਦੀ ਤ੍ਰਿਪਤੀ ਹੈ। ਇਸੇ ਸੁਹਜ ਵਿੱਚੋਂ ਫੁਲਕਾਰੀ ਦੀ ਕਲਾ ਨੇ ਜਨਮ ਲਿਆ ਹੈ। ਪੰਜਾਬੀ ਸੱਭਿਆਚਾਰ ਦਾ ਇਕ ਖ਼ਾਸ ਗੁਣ ਹੈ ਕਿ ਇਸ ਨੇ ਪਦਾਰਥ ਦੀ ਲੋੜ ਨੂੰ ਸੁਹਜ ਅਤੇ ਕਲਾ ਨਾਲ ਪੂਰੀ ਤਰ੍ਹਾਂ ਜੋੜਿਆ ਹੈ। ਇਸੇ ਸੁਹਜ ਅਤੇ ਕਲਾ ਵਿੱਚੋਂ ਲੋਕ ਸਾਹਿਤ ਪੈਦਾ ਹੋਇਆ ਹੈ। ਸਹੁਰੇ ਗਈ ਕੁੜੀ ਪੇਟੀ ਵਿਚ ਪਈ ਫੁਲਕਾਰੀ ਨੂੰ ਦੇਖ ਕੇ ਕਹਿੰਦੀ ਹੈ :*
*ਇਹ ਫੁਲਕਾਰੀ ਮੇਰੀ ਮਾਂ ਨੇ ਕੱਢੀ*
*ਇਸ ਨੂੰ ਘੁਟ-ਘੁਟ*
*ਜੱਫੀਆਂ ਪਾਵਾਂ।*

---

### ਨਾਰੀਵਾਦੀ ਔਰਤਾਂ

*ਇਸ ਦੇ ਮਾਪੇ ਗਿਰੋਲਾਪ ਡੀ. ਪੋਜ਼ੋ ਅਤੇ ਮੇਰੀਏਟਾ ਡਾ. ਪੋਜ਼ੋ 1556 ਵਿਚ ਪਈ ਪਲੇਗ ਨਾਲ-ਨਾਲ ਖ਼ਤਮ ਹੋ ਗਏ। ਉਦੋਂ ਉਸ ਦੀ ਉਮਰ ਕੇਵਲ ਇਕ ਸਾਲ ਦੀ ਸੀ। ਇਸ ਲਈ ਉਸ ਦੇ ਅਤੇ ਉਸ ਦੇ ਭਰਾ ਦੀ ਪਾਲਣਾ ਪੋਸ਼ਣਾ ਉਸ ਦੀ ਨਾਨੀ ਕੋਲ ਹੋਈ। ਉਹ ਦਿਮਾਗ਼ੀ ਤੌਰ 'ਤੇ ਬੜੀ ਤੇਜ਼ ਸੀ।*



**ਡਾ. ਜੋਗਿੰਦਰ ਸਿੰਘ ਕੈਰੋਂ**
**82643-06671**

# ਮੋਡ਼ੇਸਟਾ ਡੀ.ਪੋਜ਼ੋ ਡੀ ਫੋਰਜ਼ੀ

ਮੋਡ਼ੇਸਟਾ ਡੀ.ਪੋਜ਼ੋ ਉਸ ਦਾ ਕਲਮੀ ਨਾਂ ਸੀ। ਉਸ ਦਾ ਅਸਲੀ ਨਾਂ ਤਾਂ ਮੋਡੇਰੇਟਾ ਫੋਂਟੇ ਸੀ। ਇਹ ਇਕ ਪ੍ਰਸਿੱਧ ਲੇਖਕਾ ਅਤੇ ਸ਼ਾਇਰਾ ਸੀ। ਉਸ ਦੀ ਮੌਤ ਤੋਂ ਬਾਅਦ ਹੀ ਉਸ ਦੇ ਸੰਵਾਦ ਪ੍ਰਕਾਸ਼ਿਤ ਹੋਏ, ਜਿਨ੍ਹਾਂ ਕਰਕੇ ਉਹ ਜਾਣੀ ਜਾਂਦੀ ਹੈ। ਉਸ ਨੇ ਰੁਮਾਂਸਵਾਦੀ ਅਤੇ ਧਾਰਮਿਕ ਸ਼ਾਇਰੀ ਕੀਤੀ। ਉਸ ਦੇ ਜੀਵਨ ਬਾਰੇ ਜਾਣਕਾਰੀ ਉਸ ਦੀ ਜੀਵਨੀ ਤੋਂ ਮਿਲਦੀ ਹੈ।

ਇਸ ਦੇ ਮਾਪੇ ਗਿਰੋਲਾਪ ਡੀ. ਪੋਜ਼ੋ ਅਤੇ ਮੇਰੀਏਟਾ ਡਾ. ਪੋਜ਼ੋ 1556 ਵਿਚ ਪਈ ਪਲੇਗ ਨਾਲ-ਨਾਲ ਖ਼ਤਮ ਹੋ ਗਏ। ਉਦੋਂ ਉਸ ਦੀ ਉਮਰ ਕੇਵਲ ਇਕ ਸਾਲ ਦੀ ਸੀ। ਇਸ ਲਈ ਉਸ ਦੇ ਅਤੇ ਉਸ ਦੇ ਭਰਾ ਦੀ ਪਾਲਣਾ ਪੋਸ਼ਣਾ ਉਸ ਦੀ ਨਾਨੀ ਕੋਲ ਹੋਈ। ਉਹ ਦਿਮਾਗ਼ੀ ਤੌਰ 'ਤੇ ਬੜੀ ਤੇਜ਼ ਸੀ ਅਤੇ ਲੰਮੇ ਭਜਨ ਜ਼ਬਾਨੀ ਯਾਦ ਕਰ ਲੈਂਦੀ ਸੀ। ਦੋ ਸਾਲ ਦੀ ਉਮਰ ਵਿਚ ਉਹ ਨਾਨਕੇ ਵਾਪਿਸ ਆ ਗਈ, ਜਿੱਥੇ ਉਸ ਨੇ ਆਪਣੇ ਨਾਨੇ ਤੋਂ ਲਾਤੀਨੀ ਭਾਸ਼ਾ ਸਿਖੀ ਉਸ ਦੇ ਭਰਾ ਨੇ ਵੀ ਉਸ ਨੂੰ ਪੜ੍ਹਨਾ ਲਿਖਣਾ-ਸਿਖਣ ਵਿਚ ਮਦਦ ਕੀਤੀ।

15 ਫਰਵਰੀ 1582 ਨੂੰ ਸਤਾਈ ਸਾਲਾਂ ਦੀ ਉਮਰ ਵਿਚ ਉਸ ਨੇ ਪਲੀਪੋ ਡੀ. ਜ਼ੋਰਜ਼ੀ ਨਾਲ ਸ਼ਾਦੀ ਕਰ ਲਈ। ਉਸ ਦਾ ਪਤੀ ਬੜਾ ਦਿਆਲੂ ਸੀ, ਉਸ ਨੇ ਉਸ ਦਾ ਦਾਜ ਵੀ ਵਾਪਿਸ ਕਰ ਦਿੱਤਾ ਸੀ।

ਉਸ ਦਾ ਪਹਿਲਾ ਕਾਰਜ ਉਸ ਦਾ ਕਾਵਿ-ਨਾਟ ਸੀ ਜੋ 1581 ਵਿਚ ਖੇਡਿਆ ਵੀ ਗਿਆ।

1581 ਵਿਚ ਹੀ ਉਸ ਨੇ ਆਪਣੀਆਂ ਕਵਿਤਾਵਾਂ ਦਾ ਮਹਾ ਕਾਵਿ ਪ੍ਰਕਾਸ਼ਿਤ ਕਰਵਾਇਆ ਪੋਜ਼ੋ ਨੇ ਦੋ ਵੱਡੀਆਂ ਧਾਰਮਿਕ ਕਵਿਤਾਵਾਂ ਵੀ ਲਿਖੀਆਂ ਅਤੇ ਪ੍ਰਕਾਸ਼ਿਤ ਕਰਵਾਈਆਂ। ਉਹ ਆਪਣੀ ਰਚਨਾ ਆਨ ਦੀ ਮੈਰਿਟਅਫ ਵੋਮੈਨ ਕਰਕੇ ਜਾਣੀ ਜਾਂਦੀ ਹੈ ਜੋ ਕਿ 1600 ਵਿਚ ਪ੍ਰਕਾਸ਼ਿਤ ਹੋਈ ਜੀਹਦੇ ਵਿਚ ਉਸ ਨੇ ਮਰਦਾਂ ਵਜੋਂ ਔਰਤਾਂ ਪ੍ਰਤੀ ਕੀਤੇ ਜਾਂਦੇ ਵਿਹਾਰ ਦੀ ਅਲੋਚਨਾ ਕੀਤੀ ਗਈ ਹੈ ਤੇ ਨਾਲ ਹੀ ਇਹ ਵੀ ਦਾਅਵਾ ਕੀਤਾ ਕਿ ਔਰਤ ਮਰਦ ਨਾਲੋਂ ਉਤਮ ਹੈ। 1592 ਵਿਚ ਉਹ ਸੈਂਤੀ ਸਾਲਾਂ ਦੀ ਉਮਰ ਵਿਚ ਸਵਰਗਵਾਸ ਹੋ ਗਈ।



ਡਿਜ਼ਾਈਨ : ਵਰੁਣ ਚੰਸ

---

**ਕੈਲਾਸ਼ ਚੰਦਰ ਸ਼ਰਮਾ**

# ਸਫਲ ਜ਼ਿੰਦਗੀ ਦਾ ਹੁੰਦੇ ਹਨ ਆਧਾਰ ਰਿਸ਼ਤੇ

ਸਮਾਜ ਵਿਚ ਕਈ ਰਿਸ਼ਤੇ ਹਨ। ਇਨ੍ਹਾਂ ਵਿੱਚੋਂ ਕਈ ਮਾਂ ਦੀ ਲੋਰੀ ਤੋਂ ਵੀ ਵੱਧ ਨਿੱਘੇ ਅਤੇ ਕਈ ਜੇਠ-ਹਾੜ ਦੀਆਂ ਧੁੱਪਾਂ ਵਾਂਗ ਪਿੰਡਾ ਲੂਹ ਦੇਣ ਵਰਗੇ ਹੋ ਨਿਬੜਦੇ ਹਨ। ਅਜਿਹੇ ਰਿਸ਼ਤੇ ਆਪਣੇ ਵਿਵਹਾਰ ਦੀਆਂ ਸੂਲਾਂ ਚੋਭ ਦੇ ਹੋਏ ਦੂਜਿਆਂ ਨੂੰ ਵਿਨ੍ਹਦੇ ਰਹਿੰਦੇ ਹਨ। ਜਿਨ੍ਹਾਂ ਰਿਸ਼ਤਿਆਂ ਵਿਚ ਪਿਆਰ, ਵਿਸ਼ਵਾਸ ਤੇ ਹਮਦਰਦੀ ਦਾ ਸੁਮੇਲ ਹੋਵੇ, ਉਹੀ ਰਿਸ਼ਤੇ ਸਫਲ ਜ਼ਿੰਦਗੀ ਦਾ ਆਧਾਰ ਬਣਦੇ ਹਨ। ਸਮੇਂ ਦੇ ਨਾਲ-ਨਾਲ ਰਿਸ਼ਤਿਆਂ ਦੀ ਪਰਿਭਾਸ਼ਾ ਬਦਲਦੀ ਹੈ। ਅਜੋਕੇ ਯੁੱਗ ਵਿਚ ਰਿਸ਼ਤੇ ਮਤਲਬੀ ਬਣ ਗਏ ਹਨ। ਪੈਸੇ ਦੀ ਦੌੜ ਅਤੇ ਸੁੱਖ ਸਹੂਲਤਾਂ ਨੇ ਰਿਸ਼ਤੇ-ਨਾਤੇ ਖੋਖਲੇ ਕਰ ਦਿੱਤੇ ਹਨ। ਰਿਸ਼ਤਿਆਂ ਦੀ ਸਾਂਝ ਉੱਕਾ ਹੀ ਮੁੱਕ ਚੁੱਕੀ ਹੈ। ਇਨ੍ਹਾਂ ਵਿਚਲੀ ਸੰਵੇਦਨਸ਼ੀਲਤਾ ਮਾਰੂਥਲ ਦੀ ਰੇਤ ਵਾਂਗ ਉੱਡ-ਪੁੱਡ ਗਈ ਹੈ। ਪੁਰਾਣੇ ਵੇਲਿਆਂ ਵਾਲੇ ਮੋਹ-ਭਿੱਜੇ ਰਿਸ਼ਤਿਆਂ ਤੋਂ ਇਨਸਾਨ ਵਾਂਝਾ ਹੋ ਗਿਆ ਹੈ।

### ਜੀਵਨ ਦੇ ਵੱਖ-ਵੱਖ ਪਹਿਲੂ

ਰਿਸ਼ਤੇ ਸਾਡੀ ਜੀਵਨ ਧਾਰਾ ਦੇ ਵੱਖ-ਵੱਖ ਪਹਿਲੂਆਂ 'ਚ ਪਿਆਰ, ਹਮਦਰਦੀ, ਗਿਆਨ ਤੇ ਮਨੁੱਖੀ ਗੁਣਾਂ ਦਾ ਚਿਰਾਗ ਮਘਾਉਂਦੇ ਹਨ। ਰਿਸ਼ਤਿਆਂ ਦੇ ਬਾਗ਼ ਉਜੜਦਿਆਂ ਹੀ ਸੰਵੇਦਨਾ, ਸੰਵਾਦ ਤੇ ਮੁਹੱਬਤ ਬੰਜਰ ਹੋ ਜਾਣਗੇ ਤੇ ਨਜ਼ਾਰਿਆਂ ਦੀ ਜਗ੍ਹਾ ਅਣਹੋਣੀਆਂ ਦਾ ਵਿਰਲਾਪ ਸਾਡੇ ਕੰਨੀ ਪਵੇਗਾ। ਇਸ ਲਈ ਜ਼ਰੂਰੀ ਹੈ ਕਿ ਰਿਸ਼ਤਿਆਂ ਦੀ ਸੰਭਾਲ ਲਈ ਜਾਗਰੂਕ ਹੋਈਏ ਨਹੀਂ ਤਾਂ ਇਕ ਦਿਨ ਪਛਤਾਉਣਾ ਹੀ ਪਵੇਗਾ ਤੇ ਉਸ ਸਮੇਂ ਤਕ ਬਹੁਤ ਦੇਰ ਹੋ ਚੁੱਕੀ ਹੋਵੇਗੀ। ਰਿਸ਼ਤਿਆਂ ਦੀ ਬੁਨਿਆਦ ਪਿਆਰ ਅਤੇ ਸਾਂਝ ਹੁੰਦੀ ਹੈ ਨਫ਼ਰਤ ਨਹੀਂ। ਕਿਸੇ ਨੇ ਸੱਚ ਹੀ ਕਿਹਾ ਹੈ :

ਬਿਨਾਂ ਪਿਆਰ ਦੇ ਰਿਸ਼ਤੇ ਨਿਭਾਏ ਨਹੀਂ ਜਾਂਦੇ,
ਕਿਸੇ ਨੂੰ ਨਫ਼ਰਤ ਕਰ ਕੇ
ਸੁਪਨੇ ਆਪਣੇ ਵੀ ਸਜਾਏ ਨਹੀਂ ਜਾਂਦੇ...

ਰਿਸ਼ਤੇ ਇਕ ਬਗੀਚੇ ਵਾਂਗ ਹੁੰਦੇ ਹਨ ਜਿਸ ਵਿਚ ਸਾਂਝਾਂ ਦੀ ਮਹਿਕ ਖਿਲਾਰਦੇ ਫੁੱਲ ਖਿੜਦੇ ਹਨ। ਮਨੁੱਖ ਦਾ ਸੁਭਾਅ ਹੈ ਕਿ ਉਹ ਇਕੱਲਾ ਨਹੀਂ ਰਹਿ ਸਕਦਾ। ਇਸ ਸਮਾਜ ਵਿਚ ਵਿਚਰਣ ਲਈ ਹਰ ਸਮੇਂ ਕਿਸੇ ਨਾ ਕਿਸੇ ਸਹਾਰੇ ਦੀ ਜ਼ਰੂਰਤ ਪੈਂਦੀ ਹੈ। ਇਸੇ ਕਾਰਨ ਹੀ ਰਿਸ਼ਤੇ-ਨਾਤਿਆਂ ਦਾ ਜਨਮ ਹੋਇਆ। ਸਿਆਣੇ ਕਹਿੰਦੇ ਹਨ , 'ਰੇਗਿਸਤਾਨ ਵੀ ਹਰੇ ਹੋ ਜਾਂਦੇ ਹਨ। ਜਦੋਂ ਤੁਹਾਡੇ ਨਾਲ ਤੁਹਾਡੇ ਆਪਣੇ ਖੜ੍ਹੇ ਹੋ ਜਾਂਦੇ ਹਨ।'

### ਜ਼ਿੰਮੇਵਾਰੀਆਂ

ਰਿਸ਼ਤਿਆਂ ਦੀ ਅਹਿਮੀਅਤ ਸਮਝੇ ਬਿਨਾਂ ਅਸੀਂ ਖ਼ੁਸ਼ਹਾਲ ਜੀਵਨ ਨਹੀਂ ਬਤੀਤ ਕਰ ਸਕਦੇ। ਰਿਸ਼ਤਾ ਕੋਈ ਵੀ ਹੋਵੇ ਸਨਮਾਨ ਦਾ ਨਹੀਂ ਭਾਵ ਦਾ ਭੁੱਖਾ ਹੁੰਦਾ ਹੈ ਪਰ ਇਹ ਲਗਾਵ ਦਿਲ ਤੋਂ ਹੋਣਾ ਚਾਹੀਦਾ ਹੈ ਦਿਮਾਗ਼ ਤੋਂ ਨਹੀਂ। ਘਰ ਦਾ ਅਸਲੀ ਤਾਪਮਾਨ ਨਿੱਘੇ ਦਿਲਾਂ ਅਤੇ ਠੰਢੇ ਮਨਾਂ ਨਾਲ ਹੀ ਸੰਤੁਲਿਤ ਰੱਖਿਆ ਜਾ ਸਕਦਾ ਹੈ। ਇਹ ਉਨ੍ਹਾਂ ਰਿਸ਼ਤਿਆਂ ਨਾਲ ਸੰਭਵ ਨਹੀਂ ਜੋ ਕੇਵਲ ਤੁਹਾਡੇ ਸਾਹਮਣੇ ਚੰਗੇ ਹਨ ਪਰ ਇਹ ਉਨ੍ਹਾਂ ਨਾਲ ਹੀ ਸੰਭਵ ਹੈ ਜੋ ਤੁਹਾਡੀ ਪਿੱਠ ਪਿੱਛੇ ਵੀ ਵਫ਼ਾਦਾਰ ਹੁੰਦੇ ਹਨ। ਇਸ ਲਈ ਰਿਸ਼ਤਿਆਂ 'ਚ ਪਿਆਰ ਦੀਆਂ ਗੰਢਾਂ ਨੂੰ ਮਜ਼ਬੂਤ ਕਰਨਾ ਦੋਵਾਂ ਧਿਰਾਂ ਦੀ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ। ਇਹ ਦੁਨੀਆਂ ਉਦੋਂ ਤਕ ਹੀ ਪਿਆਰੀ ਹੈ ਜਦੋਂ ਤਕ ਆਪਸੀ ਮੇਲ-ਮਿਲਾਪ ਰਹਿੰਦਾ ਹੈ। ਰਿਸ਼ਤਿਆਂ ਦੇ ਬਾਗ਼ ਵਿਚ ਇਕ ਰਿਸ਼ਤਾ ਨਿੰਮ ਦੇ ਪੇੜ ਵਰਗਾ ਵੀ ਰੱਖੋ ਜੋ ਸਬਕ ਭਾਵੇਂ ਕੌੜਾ ਦਿੰਦਾ ਹੋਵੇ ਪਰ ਤਕਲੀਫ਼ ਵਿਚ ਮਰਹਮ ਵੀ ਬਣਦਾ ਹੈ।

ਯਾਦ ਰੱਖੋ, ਨਾ ਤੁਸੀਂ ਆਪਣੇ-ਆਪ ਨੂੰ ਗਲ਼ੇ ਲਗਾ ਸਕਦੇ ਹੋ ਅਤੇ ਨਾ ਹੀ ਆਪਣੇ ਮੋਢੇ 'ਤੇ ਸਿਰ ਰੱਖ ਕੇ ਰੋ ਸਕਦੇ ਹੋ। ਇਸ ਲਈ ਸਮੇਂ ਦੀ ਲੋੜ ਹੈ ਟੁੱਟਦੇ ਰਿਸ਼ਤਿਆਂ ਨੂੰ ਬਚਾਉਣ ਦੀ।

### ਸੰਜੀਦਗੀ

*ਅਕਸਰ ਉਹੀ ਰਿਸ਼ਤੇ ਲਾਜਵਾਬ ਹੁੰਦੇ ਹਨ ਜੋ ਅਹਿਸਾਨਾਂ ਨਾਲ ਨਹੀਂ ਅਹਿਸਾਸਾਂ ਨਾਲ ਬਣੇ ਹੁੰਦੇ ਹਨ। ਇਸ ਲਈ ਰਿਸ਼ਤਾ ਰੱਖੋ ਤਾਂ ਇਸ ਦੀ ਕਦਰ ਕਰਦੇ ਹੋਏ ਨਿਭਾਓ। ਰਿਸ਼ਤਿਆਂ ਨੂੰ ਟਿਕਾਊ ਤੇ ਖ਼ੁਸ਼ੀਆਂ ਭਰਿਆ ਰੱਖਣ, ਇਨ੍ਹਾਂ ਵਿਚਲੀ ਤੇਜ਼ੀ ਨਾਲ ਘੱਟ ਰਹੀ ਪਾਕੀਜ਼ਗੀ ਅਤੇ ਸੰਜੀਦਗੀ ਨੂੰ ਬਹਾਲ ਕਰਨ ਤੇ ਆਪਸੀ ਪਿਆਰ ਤੇ ਭਰੋਸਾ ਕਾਇਮ ਰੱਖੋ।*

### ਸਿਆਣਪ

*ਰਿਸ਼ਤਿਆਂ ਵਿਚ ਅਕਸਰ ਬਹੁਤੇ ਮਸਲੇ ਹਉਮੈ ਦੇ ਹੁੰਦੇ ਹਨ। ਹਰ ਵਿਅਕਤੀ ਆਪਣੀ ਥਾਂ ਸਿਆਣਾ ਹੁੰਦਾ ਹੈ। ਆਪਣੇ-ਆਪ ਨੂੰ ਦੂਜਿਆਂ ਤੋਂ ਵੱਧ ਸਿਆਣਾ ਸਮਝਣਾ, ਦੂਜੇ ਨੂੰ ਨੀਵਾਂ ਸਮਝਦੇ ਹੋਏ ਉਸ ਦੀ ਨੁਕਤਾਚੀਨੀ ਕਰੀ ਜਾਣਾ ਤੇ ਆਪਣੀਆਂ ਤਾਰੀਫ਼ਾਂ ਦੇ ਪੁਲ ਬੰਨ੍ਹੀ ਜਾਣਾ, ਅਜਿਹੇ ਵਿਵਹਾਰ ਰਿਸ਼ਤਿਆਂ ਵਿਚ ਕੁੜੱਤਣ ਭਰ ਦਿੰਦੇ ਹਨ। ਰਿਸ਼ਤਿਆਂ ਨੂੰ ਟਿਕਾਊ ਅਤੇ ਤਾਜ਼ਾ ਰੱਖਣ ਲਈ ਇਕ-ਦੂਜੇ ਦੀਆਂ ਭਾਵਨਾਵਾਂ ਦੀ ਕਦਰ ਕਰਨੀ ਚਾਹੀਦੀ ਹੈ ਇਹ ਸਬੰਧਾਂ ਨੂੰ ਜੋੜਨਾ ਇਕ ਕਲਾ ਹੈ ਅਤੇ ਇਨ੍ਹਾਂ ਨੂੰ ਨਿਭਾਉਣਾ ਇਕ ਸਾਧਨਾ। ਇਸ ਲਈ ਰਿਸ਼ਤਿਆਂ ਨੂੰ ਸਿਰਫ਼ ਸ਼ਬਦਾਂ ਦੇ ਮੁਹਤਾਜ਼ ਨਾ ਬਣਾਓ। ਜੇਕਰ ਕੋਈ ਖ਼ਾਮੋਸ਼ ਹੈ ਤਾਂ ਖ਼ੁਦ ਹੀ ਆਵਾਜ਼ ਲਗਾਓ। ਰਿਸ਼ਤੇ ਮੋਤੀਆਂ ਦੀ ਮਾਲਾ ਵਾਂਗ ਹੁੰਦੇ ਹਨ।*

### ਗਿਲ੍ਹੇ-ਸ਼ਿਕਵੇ

*ਖ਼ੁਦਗਰਜ਼ੀ ਤੇ ਨਿੱਜੀਪਣ ਦਾ ਵਿਸਥਾਰ ਤੇਜ਼ੀ ਨਾਲ ਹੋ ਰਿਹਾ ਹੈ। ਇਕ-ਦੂਜੇ ਪ੍ਰਤੀ ਗਿਲ੍ਹੇ-ਸ਼ਿਕਵੇ ਮਨ ਵਿਚ ਡੂੰਘੇ ਸਮੋਏ ਹੋਏ ਹਨ। ਸਭ ਕੁਝ ਆਪਣੇ ਵੱਲ ਸੁੱਟ ਲੈਣ ਦੀ ਸੌੜੀ ਚਾਹਤ ਦੀ ਅੰਨ੍ਹੀ ਭੱਜ-ਦੌੜ ਚਾਰ-ਚੁਫੇਰੇ ਜਾਰੀ ਹੈ। ਨਾ ਕਿਸੇ ਦਾ ਦੁੱਖ ਵੇਖ ਕੇ ਹੰਝੂ ਆਉਂਦਾ ਹੈ ਅਤੇ ਨਾ ਹੀ ਦੂਜੇ ਦੀ ਖ਼ੁਸ਼ੀ ਵਿਚ ਚਿਹਰੇ 'ਤੇ ਖੇੜਾ ਆਪਣੀ ਹੋਂਦ ਪ੍ਰਗਟਾਉਂਦਾ ਹੈ। ਬਿਨਾਂ ਕਾਰਨ ਹੀ ਅਸੀਂ ਇਕ-ਦੂਜੇ ਪ੍ਰਤੀ ਮੂੰਹ ਵੱਟੀ ਬੈਠੇ ਹਾਂ। ਅਪਣੱਤ, ਹਮਦਰਦੀ, ਵਿਸ਼ਵਾਸ, ਪਿਆਰ, ਸਹਿਜ ਕਿਤੇ ਖੰਭ ਲਾ ਕੇ ਉੱਡ ਗਏ ਹਨ। ਅਨੰਦ ਦੀ ਥਾਂ ਕੁੜੱਤਣ ਭਰ ਗਈ ਹੈ। ਅਜੋਕੇ ਮਨੁੱਖ ਸਾਹਮਣੇ ਨਵੀਆਂ ਚੁਣੌਤੀਆਂ ਪੇਸ਼ ਕੀਤੀਆਂ ਹਨ। ਪੁਰਾਣੇ ਸਮਿਆਂ ਵਿਚ ਹਰ ਕੋਈ ਰਿਸ਼ਤੇਦਾਰੀ ਵਿਚ ਆਉਂਦਾ ਜਾਂਦਾ ਸੀ।*



---

**ਨਵ-ਵਿਆਹੀ ਨੂੰ ਸਹੁਰੇ ਪਰਿਵਾਰ ਵਿਚ ਮੌਜੂਦ ਹਰ ਰਿਸ਼ਤੇਦਾਰ ਨੂੰ ਬਣਦਾ ਮਾਣ-ਸਤਿਕਾਰ ਦੇਣਾ ਚਾਹੀਦਾ ਹੈ। ਉਸ ਨੂੰ ਆਪਣੀ ਬੋਲ-ਬਾਣੀ ਮਿੱਠੀ ਰੱਖਣੀ ਚਾਹੀਦੀ ਹੈ...**

# ਸਹੁਰੇ ਘਰ ਦੀਆਂ ਜ਼ਿੰਮੇਵਾਰੀਆਂ

**ਜੇ ਐੱਸ ਪਰਦੇਸੀ**

ਜਦੋਂ ਕੋਈ ਮੁਟਿਆਰ ਆਪਣੇ ਵਿਆਹ ਮੌਕੇ ਲਾਵਾਂ ਤੋਂ ਬਾਅਦ ਡੋਲੀ ਵਿਚ ਬਹਿ ਕੇ ਪਹਿਲੀ ਵਾਰ ਸਹੁਰੇ ਘਰ ਵਿਚ ਆਪਣਾ ਪਹਿਲਾ ਕਦਮ ਰੱਖਦੀ ਹੈ ਤਾਂ ਉਸ ਦੇ ਮਨ ਵਿਚ ਕਈ ਤਰ੍ਹਾਂ ਦੇ ਅਰਮਾਨ ਹੁੰਦੇ ਹਨ। ਵਲਵਲਿਆਂ ਦੇ ਦੇਸ਼ ਵਿਚ ਉਸ ਦਾ ਮਨ ਉਡਾਰੀਆਂ ਮਾਰ ਰਿਹਾ ਹੁੰਦਾ ਹੈ। ਭਾਵੇਂ ਕਿ ਅੱਜ ਕੱਲ੍ਹ ਘੁੰਡ ਕੱਢਣ ਦਾ ਰਿਵਾਜ ਨਹੀਂ ਹੈ ਪਰ ਫਿਰ ਵੀ ਸਹੁਰੇ ਘਰ ਵਿਚ ਇਕਠੀਆਂ ਹੋਈਆਂ ਰਿਸ਼ਤੇਦਾਰ ਬਜ਼ੁਰਗ ਔਰਤਾਂ ਖ਼ਾਸ ਕਰਕੇ ਪੋਡੂ ਬੁੜੀਆਂ ਨਵ ਵਿਆਹੀ ਮੁਟਿਆਰ ਤੋਂ ਇਹ ਆਸ ਕਰਦੀਆਂ ਹਨ ਕਿ ਉਸ ਨੇ ਘੁੰਢ ਕੱਢਿਆ ਹੋਵੇ। ਇਸ ਤੋਂ ਇਲਾਵਾ ਹਰ ਕੋਈ ਹੀ ਇਸ ਸਮੇਂ ਨਵਵਿਆਹੁਤਾ ਤੋਂ ਇਹ ਆਸ ਕਰਦਾ ਹੈ ਕਿ ਉਹ ਨੀਵੀਂ ਪਾਈ ਰੱਖੇ ਅਤੇ ਇਸ ਮੌਕੇ ਕਿਸੇ ਵੱਲ ਵੀ ਅੱਖ ਚੁੱਕ ਕੇ ਨਾ ਵੇਖੇ। ਇਸ ਮੌਕੇ ਜੇ ਭੁੱਲ ਭੁਲੇਖੇ ਵੀ ਨਵਵਿਆਹੀ ਮੁਟਿਆਰ ਕਿਸੇ ਵੱਲ ਅੱਖ ਚੁੱਕ ਕੇ ਵੇਖ ਲੈਂਦੀ ਹੈ ਤਾਂ ਨਾਲ ਦੀ ਨਾਲ ਹੀ ਰਿਸ਼ਤੇਦਾਰ ਆਪਸ ਵਿਚ ਘੁਸਰ-ਮੁਸਰ ਕਰਨੀ ਸ਼ੁਰੂ ਕਰ ਦਿ✓ਦੇ ਹਨ ਕਿ "ਲਓ ਜੀ, ਨਵੀਂ ਵਹੁਟੀ ਤਾਂ ਹੁਣੇ ਹੀ ਅੱਖਾਂ ਦਿਖਾਉਣ ਲੱਗ ਪਈ।"

ਅੱਜ ਕੱਲ੍ਹ ਵੱਡੀ ਗਿਣਤੀ ਨਵਵਿਆਹੁਤਾ ਡੋਲੀ ਵਿੱਚੋਂ ਉੱਤਰ ਕੇ ਸਹੁਰੇ ਘਰ ਵਿਚ ਪਹਿਲਾ ਕਦਮ ਰੱਖਦਿਆਂ ਹੱਸਦਿਆਂ ਹੋਇਆਂ ਅਤੇ ਚਿਹਰੇ ਉੱਪਰੋਂ ਮੁਸਕਰਾਹਟਾਂ ਵਿਖੇਰਦਿਆਂ ਹੀ ਸਹੁਰੇ ਘਰ ਦੇ ਅੰਦਰ ਦਾਖ਼ਲ ਹੁੰਦੀ ਹੈ। ਉਹ ਅਜਿਹਾ ਇਸ ਕਰ ਕੇ ਕਰਦੀਆਂ ਹਨ ਕਿਉਂਕਿ ਉਨ੍ਹਾਂ ਦੀ ਸੋਚ ਹੁੰਦੀ ਹੈ ਕਿ ਇਸ ਤਰ੍ਹਾਂ ਕਰਨ ਨਾਲ ਸਹੁਰੇ ਘਰ ਵਿਚ ਬੀਤਣ ਵਾਲੀ ਜ਼ਿੰਦਗੀ ਉਨ੍ਹਾਂ ਦੀ ਖ਼ੁਸ਼ੀ-ਖ਼ੁਸ਼ੀ ਬਤੀਤ ਹੋਵੇ। ਸਿਹੁਰੇ ਘਰ ਵਿਚ ਪਹਿਲਾ ਕਦਮ ਰੱਖਣ ਸਮੇਂ ਆਮ ਤੌਰ ਤੇ ਨਵਵਿਆਹੀ ਨੂੰ ਸਹੁਰੇ ਘਰ ਦੇ ਦਰਾਂ ਵਿਚ ਪਈ ਇਕ ਗੜਵੀ ਜਾਂ ਕਿਸੇ ਹੋਰ ਭਾਂਡੇ ਨੂੰ ਆਪਣੇ ਪੈਰ ਨਾਲ ਠੋਕਰ ਮਾਰ ਕੇ ਅੰਦਰ ਜਾਣਾ ਹੁੰਦਾ ਹੈ। ਇਸ ਗੜ੍ਹਵੀ ਵਿਚ ਚੋਲ ਜਾਂ ਕਣਕ ਹੁੰਦੀ ਹੈ। ਸਹੁਰੇ ਘਰ ਵਿਚ ਪਹਿਲਾ ਕਦਮ ਰੱਖਣ ਸਮੇਂ ਹੀ ਹਰ ਨਵਵਿਆਹੀ ਮੁਟਿਆਰ ਨੂੰ ਆਪਣੀਆਂ ਸਹੁਰੇ ਘਰ ਪ੍ਰਤੀ ਜ਼ਿੰਮੇਵਾਰੀਆਂ ਦਾ ਅਹਿਸਾਸ ਕਰ ਲੈਣਾ ਚਾਹੀਦਾ ਹੈ। ਉਸ ਨੂੰ ਸਹੁਰੇ ਘਰ ਵਿਚ ਮੌਜੂਦ ਆਪਣੇ ਪਤੀ ਦੇ ਹਰ ਰਿਸ਼ਤੇਦਾਰ ਨੂੰ ਬਣਦਾ ਮਾਣ ਸਤਿਕਾਰ ਦੇਣਾ ਚਾਹੀਦਾ ਹੈ। ਹਰ ਕਿਸੇ ਵੱਲੋਂ ਉਸ ਤੋਂ ਕੋਈ ਗੱਲ ਪੁੱਛਣ ਤੇ ਬਹੁਤ ਹੀ ਸਲੀਕੇ ਨਾਲ ਜਵਾਬ ਦੇਣਾ ਚਾਹੀਦਾ ਹੈ। ਸਹੁਰੇ ਘਰ ਪ੍ਰਵੇਸ਼ ਤੋਂ ਬਾਅਦ ਉਸ ਨੂੰ ਪਤੀ ਦੇ ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਹੀ ਆਪਣੇ ਪਰਿਵਾਰਕ ਮੈਂਬਰ ਸਮਝਣਾ ਸ਼ੁਰੂ ਕਰ ਦੇਣਾ ਚਾਹੀਦਾ ਹੈ ਕਿਉਂਕਿ ਹੁਣ ਉਸ ਦਾ ਅਸਲੀ ਪਰਿਵਾਰ ਇਹੋ ਹੀ ਹੁੰਦਾ ਹੈ, ਜਿਸ ਨਾਲ ਉਸ ਦੇ ਆਪਣੀ ਅਗਲੀ ਜ਼ਿੰਦਗੀ ਬਤੀਤ ਕਰਨੀ ਹੁੰਦੀ ਹੈ। ਸਹੁਰੇ ਘਰ ਵਿਚ ਸਾਵਧਾਨੀਆਂ ਅਤੇ ਨਵਵਿਆਹੀ ਮੁਟਿਆਰ ਵੱਲੋਂ ਕੀਤਾ ਗਿਆ ਰਿਸ਼ਤੇਦਾਰਾਂ ਨਾਲ ਚੰਗਾ ਵਿਵਹਾਰ ਉਸ ਦੀ ਸਾਰੀ ਉਮਰ ਲਈ ਚੰਗੀ ਇਮੇਜ਼ ਬਣਾ ਦਿੰਦਾ ਹੈ। ਇਸ ਤਰ੍ਹਾਂ ਸਹੁਰੇ ਘਰ ਵਿਚ ਪਹਿਲਾਂ ਕਦਮ ਰੱਖਣ ਸਮੇਂ ਹੀ ਨਵਵਿਆਹੀਆਂ ਮੁਟਿਆਰਾਂ ਸਹੁਰੇ ਘਰ ਵਿਚ ਆਪਣੀ ਇੱਜ਼ਤ ਬਣਾ ਲੈਂਦੀਆਂ ਹਨ।



# 81 ਆਯੂਸ਼ਮਾਨ ਅਰੋਗਿਆ ਮੰਦਰਾਂ ਦਾ ਉਦਘਾਟਨ

**ਨਵੀਂ ਦਿੱਲੀ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਸਰਕਾਰ ਨੇ ਅੱਜ ਕੌਮੀ ਰਾਜਧਾਨੀ ਵਿੱਚ 81 ਨਵੇਂ ਆਯੂਸ਼ਮਾਨ ਅਰੋਗਿਆ ਮੰਦਰਾਂ ਦਾ ਉਦਘਾਟਨ ਕੀਤਾ। ਮੁੱਖ ਮੰਤਰੀ ਰੇਖਾ ਗੁਪਤਾ ਨੇ ਕਿਹਾ ਕਿ ਇਸ ਕਦਮ ਦਾ ਮਕਸਦ ਨਾਗਰਿਕ ਲਈ ਬਿਹਤਰ ਤੇ ਕਿਫਾਇਤੀ ਸਿਹਤ ਸੇਵਾਵਾਂ ਉਨ੍ਹਾਂ ਦੇ ਘਰ ਤੱਕ ਪਹੁੰਚਾਉਣਾ ਹੈ। ਉਦਘਾਟਨ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਰੇਖਾ ਗੁਪਤਾ ਨੇ ਦੱਸਿਆ ਕਿ ਪਹਿਲਾਂ ਦਿੱਲੀ ਵਿੱਚ 238 ਆਯੂਸ਼ਮਾਨ ਅਰੋਗਿਆ ਮੰਦਰ ਕਾਰਜਸ਼ੀਲ ਸਨ; 81 ਨਵੇਂ ਕੇਂਦਰਾਂ ਦੇ ਜੋੜਨ ਨਾਲ ਰਾਜਧਾਨੀ ਵਿੱਚ ਅਜਿਹੀਆਂ ਸਹੂਲਤਾਂ ਦੀ ਕੁੱਲ ਗਿਣਤੀ ਹੁਣ 319 ਹੋ ਗਈ ਹੈ। ਉਨ੍ਹਾਂ ਕਿਹਾ ਕਿ ਮਾਘੀ ਸੰਗਰਾਂਦ ਦੇ ਸ਼ੁਭ ਦਿਹਾੜੇ ਮੌਕੇ 81 ਨਵੇਂ ਆਯੂਸ਼ਮਾਨ ਅਰੋਗਿਆ ਮੰਦਰਾਂ ਦਾ ਉਦਘਾਟਨ ਕੀਤਾ ਗਿਆ ਹੈ।

ਮੁੱਖ ਮੰਤਰੀ ਨੇ ਦੱਸਿਆ ਕਿ ਆਯੂਸ਼ਮਾਨ ਅਰੋਗਿਆ ਮੰਦਰ ਪ੍ਰਾਇਮਰੀ ਸਿਹਤ ਸੰਭਾਲ ਕੇਂਦਰਾਂ ਵਾਂਗ ਕੰਮ ਕਰਦੇ ਹਨ ਅਤੇ ਦਿੱਲੀ ਦੀ ਸਿਹਤ ਸੰਭਾਲ ਪ੍ਰਣਾਲੀ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਕਿਹਾ ਕਿ ਇਹ ਕੇਂਦਰ ਵੱਡੇ ਹਸਪਤਾਲਾਂ 'ਤੇ ਬੋਝ ਨੂੰ ਘਟਾਉਣ ਵਿੱਚ ਮਦਦ ਕਰਨਗੇ ਅਤੇ ਰੋਜ਼ਾਨਾ ਸਿਹਤ ਲੋੜਾਂ ਲਈ ਸਮੇਂ ਸਿਰ ਇਲਾਜ ਯਕੀਨੀ ਬਣਾਉਣਗੇ। ਨਾਗਰਿਕਾਂ ਨੂੰ ਹੁਣ ਛੋਟੀਆਂ ਬਿਮਾਰੀਆਂ ਲਈ ਵੱਡੇ ਹਸਪਤਾਲਾਂ ਵਿੱਚ ਲੰਬੀ ਦੂਰੀ ਤੈਅ ਕਰਨ ਦੀ ਲੋੜ ਨਹੀਂ ਪਵੇਗੀ।

ਰੇਖਾ ਗੁਪਤਾ ਨੇ ਕਿਹਾ ਕਿ ਦਿੱਲੀ ਸਰਕਾਰ ਦਾ ਟੀਚਾ ਸ਼ਹਿਰ ਭਰ ਵਿੱਚ ਕੁੱਲ 1,100 ਆਯੂਸ਼ਮਾਨ




ਅਰੋਗਿਆ ਮੰਦਰ ਸਥਾਪਤ ਕਰਨਾ ਹੈ ਅਤੇ ਇਸ ਦਿਸ਼ਾ ਵਿੱਚ ਕੰਮ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ; ਆਉਣ ਵਾਲੇ ਮਹੀਨਿਆਂ ਵਿੱਚ ਹੋਰ ਕੇਂਦਰਾਂ ਦਾ ਉਦਘਾਟਨ ਕੀਤਾ ਜਾਵੇਗਾ। ਇਸ ਮੌਕੇ ਭਾਜਪਾ ਵਿਧਾਇਕ ਸਤੀਸ਼ ਉਪਾਧਿਆਏ ਨੇ ਕਿਹਾ ਕਿ ਜਿਸ ਤਰ੍ਹਾਂ ਆਯੂਸ਼ਮਾਨ ਅਰੋਗਿਆ ਮੰਦਰ ਵਿਕਸਤ ਕੀਤੇ ਜਾ ਰਹੇ ਹਨ, ਉਹ ਸ਼ਲਾਘਾਯੋਗ ਹੈ। ਉਨ੍ਹਾਂ ਦੱਸਿਆ ਕਿ ਹਰ ਇੱਕ ਭੀਮ ਨਗਰ ਅਤੇ ਮਾਲਵੀਆ ਨਗਰ ਵਿਧਾਨ ਸਭਾ ਹਲਕਿਆਂ ਵਿੱਚ ਅੱਠਵਾਂ ਅਰੋਗਿਆ ਮੰਦਰ ਹੈ ਅਤੇ ਇਸ ਖੇਤਰ ਵਿੱਚ ਦੋ ਹੋਰ ਕੇਂਦਰਾਂ ਦੀ ਯੋਜਨਾ ਬਣਾਈ ਜਾ ਰਹੀ ਹੈ। ਇੱਕ ਦਿਨ ਪਹਿਲਾਂ ਦਿੱਲੀ ਦੇ ਸਿਹਤ ਮੰਤਰੀ ਪੰਕਜ ਕੁਮਾਰ ਸਿੰਘ ਨੇ ਵੀ ਇਸ ਯੋਜਨਾ ਬਾਰੇ ਮਹੱਤਵਪੂਰਨ ਵੇਰਵੇ ਸਾਂਝੇ ਕੀਤੇ ਸਨ। ਉਨ੍ਹਾਂ ਕਿਹਾ ਕਿ ਆਯੂਸ਼ਮਾਨ ਅਰੋਗਿਆ ਮੰਦਰਾਂ ਦਾ ਵਿਸਥਾਰ ਦਿੱਲੀ ਵਿੱਚ ਪਹੁੰਚਯੋਗ ਅਤੇ ਸਿਹਤ ਸੰਭਾਲ ਸੇਵਾਵਾਂ ਨੂੰ ਹੋਰ ਮਜ਼ਬੂਤ ਕਰੇਗਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਰੇਖਾ ਗੁਪਤਾ ਦੀ ਅਗਵਾਈ ਹੇਠ ਦਿੱਲੀ ਸਰਕਾਰ ਸਭ ਲਈ ਸਿਹਤ ਦੇ ਰਾਸ਼ਟਰੀ ਦ੍ਰਿਸ਼ਟੀਕੋਣ ਦੇ ਅਨੁਸਾਰ ਕੰਮ ਕਰ ਰਹੀ ਹੈ। ਪੰਕਜ ਕੁਮਾਰ ਸਿੰਘ ਨੇ ਦੱਸਿਆ ਕਿ ਹਰੇਕ ਆਯੂਸ਼ਮਾਨ ਅਰੋਗਿਆ ਮੰਦਰ ਮੁਫ਼ਤ ਡਾਕਟਰ ਸਲਾਹ, ਜ਼ਰੂਰੀ ਦਵਾਈਆਂ ਅਤੇ ਡਾਇਗਨੋਸਟਿਕ ਸੇਵਾਵਾਂ ਦੇਵੇਗਾ। ਇਸ ਤੋਂ ਇਲਾਵਾ ਸ਼ੂਗਰ, ਬਲੱਡ ਪ੍ਰੈਸ਼ਰ ਅਤੇ ਕੈਂਸਰ ਦੀ ਜਾਂਚ, ਮਾਵਾਂ ਅਤੇ ਬੱਚਿਆਂ ਦੀਆਂ ਸਿਹਤ ਸੰਭਾਲ ਸੇਵਾਵਾਂ, ਟੀਕਾਕਰਨ, ਬੱਚਿਆਂ ਦੇ ਵਿਕਾਸ ਦੀ ਨਿਗਰਾਨੀ, ਜੀਵਨ ਸ਼ੈਲੀ ਸਲਾਹ, ਮਾਨਸਿਕ ਸਿਹਤ ਸੇਵਾਵਾਂ, ਯੋਗਾ ਅਤੇ ਪੋਸ਼ਣ ਮਾਰਗਦਰਸ਼ਨ ਲਈ ਸਹੂਲਤਾਂ ਵੀ ਉਪਲਬਧ ਹੋਣਗੀਆਂ।

# 'ਸਾਈਕਲੋਥੋਨ' ਰਾਹੀਂ ਨੌਜਵਾਨਾਂ ਨੂੰ ਸਿਹਤਮੰਦ ਰਹਿਣ ਦਾ ਹੋਕਾ

**ਸ਼ਾਹਬਾਦ ਮਾਰਕੰਡਾ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਪੋਰਟਸ ਅਥਾਰਟੀ ਆਫ ਇੰਡੀਆ (ਸਾਈ) ਵੱਲੋਂ ਅੱਜ ਇੱਥੇ 'ਸਾਈਕਲੋਥੋਨ' ਕਰਵਾਈ ਗਈ, ਜਿਸ ਵਿੱਚ ਨੌਜਵਾਨਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ। ਇਸ ਨੂੰ ਸੇਵਾਮੁਕਤ ਜ਼ਿਲ੍ਹਾ ਖੇਡ ਅਧਿਕਾਰੀ (ਡੀ ਐੱਸ ਓ) ਯਸ਼ਵੀਰ ਸਿੰਘ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਭਾਗੀਦਾਰਾਂ ਨੇ ਜੋਸ਼ੋ-ਖਰੋਸ਼ ਨਾਲ ਲਗਭਗ ਦੋ ਕਿਲੋਮੀਟਰ ਤੱਕ ਸਾਈਕਲ ਚਲਾ ਕੇ ਲੋਕਾਂ ਨੂੰ ਤੰਦਰੁਸਤੀ ਦਾ ਸੁਨੇਹਾ ਦਿੱਤਾ।




ਸੇਵਾਮੁਕਤ ਡੀ ਐੱਸ ਓ ਯਸ਼ਵੀਰ ਸਿੰਘ ਨੇ ਦੱਸਿਆ ਕਿ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਵਾਲਾ ਇਹ ਉਪਰਾਲਾ ਸਪੋਰਟਸ ਅਥਾਰਟੀ ਆਫ ਇੰਡੀਆ, ਸੋਨੀਪਤ ਦੇ ਖੇਤਰੀ ਨਿਰਦੇਸ਼ਕ ਡਾ. ਸ਼ਿਵਮ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾਂ ਅਤੇ ਸਹਾਇਕ ਨਿਰਦੇਸ਼ਕ ਬਾਬੂ ਰਾਮ ਰਾਵਲ ਦੀ ਅਗਵਾਈ ਹੇਠ ਕਰਵਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਸਾਈਕਲੋਥੋਨ ਦਾ ਮੁੱਖ ਮਕਸਦ ਲੋਕਾਂ ਵਿੱਚ ਫਿਟਨੈੱਸ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਹੈ। ਉਨ੍ਹਾਂ ਖ਼ੁਸ਼ੀ ਪ੍ਰਗਟਾਈ ਕਿ 'ਸਾਈ' ਵੱਲੋਂ ਉਲੀਕੇ ਇਸ ਪ੍ਰੋਗਰਾਮ ਵਿੱਚ ਹਰ ਉਮਰ ਵਰਗ ਦੇ ਲੋਕ ਸ਼ਾਮਲ ਹੁੰਦੇ ਹਨ। ਅਜਿਹੇ ਸਮਾਗਮ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਖੇਡਾਂ ਵੱਲ ਪ੍ਰੇਰਿਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।

ਉਨ੍ਹਾਂ ਕਿਹਾ ਕਿ ਨੌਜਵਾਨਾਂ ਨੇ ਇਹ ਸੁਨੇਹਾ ਦਿੱਤਾ ਹੈ ਕਿ ਸਾਈਕਲਿੰਗ ਨਾਲ ਨਾ ਸਿਰਫ਼ ਆਪਣੇ ਆਪ ਨੂੰ ਸਗੋਂ ਵਾਤਾਵਰਨ ਨੂੰ ਵੀ ਸਿਹਤਮੰਦ ਰੱਖ ਸਕਦੇ ਹਾਂ। ਨੌਜਵਾਨਾਂ ਦਾ ਕਾਫਲਾ ਸ਼ਹਿਰ ਵਿੱਚ ਜਿੱਥੋਂ ਵੀ ਲੰਘਿਆ, ਲੋਕਾਂ ਨੇ ਉਨ੍ਹਾਂ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸਾਈਕਲ ਚਲਾਉਣ ਨਾਲ ਸ਼ਹਿਰ ਵਿੱਚ ਪ੍ਰਦੂਸ਼ਣ ਘਟਾਉਣ ਵਿੱਚ ਵੀ ਮਦਦ ਮਿਲਦੀ ਹੈ। ਜੇ ਹਰ ਨਾਗਰਿਕ ਹਫ਼ਤੇ ਵਿੱਚ ਘੱਟੋ-ਘੱਟ ਇੱਕ ਵਾਰ ਸਾਈਕਲ ਚਲਾਉਣ ਦਾ ਪ੍ਰਣ ਕਰ ਲਵੇ ਤਾਂ ਪ੍ਰਦੂਸ਼ਣ ਨੂੰ ਕਾਫੀ ਹੱਦ ਤੱਕ ਕੰਟਰੋਲ ਕੀਤਾ ਜਾ ਸਕਦਾ ਹੈ।

ਹਰਿਆਣਾ ਖੇਡ ਵਿਭਾਗ ਦੀ ਟ੍ਰੇਨਰ ਪੂਨਮ ਨੇ ਕਿਹਾ ਕਿ ਸਾਈਕਲਿੰਗ ਸਾਡੇ ਦਿਲ ਦੀ ਸਿਹਤ, ਭਾਰ ਕੰਟਰੋਲ ਕਰਨ ਅਤੇ ਮਾਸਪੇਸ਼ੀਆਂ ਦੀ ਮਜ਼ਬੂਤੀ ਲਈ ਬਹੁਤ ਲਾਹੇਵੰਦ ਹੈ। ਇਹ ਇੱਕ ਬਿਹਤਰੀਨ ਕਸਰਤ ਹੋਣ ਦੇ ਨਾਲ-ਨਾਲ ਵਾਤਾਵਰਨ ਅਤੇ ਆਰਥਿਕਤਾ ਲਈ ਵੀ ਮਹੱਤਵਪੂਰਨ ਹੈ। ਇਹ ਇੱਕ ਸਸਤਾ ਅਤੇ ਵਾਤਾਵਰਨ ਪੱਖੀ ਸਾਧਨ ਹੈ ਜੋ ਤਣਾਅ ਨੂੰ ਘਟਾਉਂਦਾ ਹੈ ਅਤੇ ਸਰੀਰਕ ਊਰਜਾ ਵਧਾਉਂਦਾ ਹੈ।

ਇਸ ਮੌਕੇ ਸੂਚਨਾ ਤੇ ਲੋਕ ਸੰਪਰਕ ਅਧਿਕਾਰੀ ਡਾ. ਨਰਿੰਦਰ ਸਿੰਘ, ਸੇਵਾਮੁਕਤ ਮੁੱਖ ਹਾਕੀ ਕੋਚ ਗੁਰਵਿੰਦਰ ਸਿੰਘ, ਹਾਕੀ ਕੋਚ ਨਰਿੰਦਰ ਠਾਕੁਰ, ਸੋਹਨ ਲਾਲ, ਸਮਾਜ ਸੇਵੀ ਵਿਨੋਦ ਗਰਗ, ਤੇ ਵੀਰਭਾਨ ਸਿੰਘ ਹਾਜ਼ਰ ਸਨ।

ਸਾਈਕਲਿੰਗ ਫੈਡਰੇਸ਼ਨ ਆਫ ਇੰਡੀਆ, ਖੇਲੋ ਇੰਡੀਆ ਯੁਵਾ ਮਾਮਲੇ ਤੇ ਖੇਡ ਮੰਤਰਾਲਾ ਅਤੇ ਹਰਿਆਣਾ ਰਾਜ ਸਾਈਕਲਿੰਗ ਐਸੋਸੀਏਸ਼ਨ ਦੇ ਸਾਂਝੇ ਉਪਰਾਲੇ ਸਦਕਾ ਸ਼ਾਹਬਾਦ ਮਾਰਕੰਡਾ ਵਿੱਚ 'ਅਸਮਿਤਾ ਖੇਲੋ ਇੰਡੀਆ ਮਹਿਲਾ ਰੋਡ ਸਾਈਕਲਿੰਗ ਲੀਗ ਉੱਤਰੀ ਜ਼ੋਨ' ਈਵੈਂਟ ਕਰਵਾਇਆ ਗਿਆ। ਇਸ ਵਿੱਚ ਉੱਤਰ ਭਾਰਤ ਦੇ ਵੱਖ-ਵੱਖ ਸੂਬਿਆਂ ਤੋਂ ਆਈਆਂ ਮਹਿਲਾ ਸਾਈਕਲਿਸਟਾਂ ਨੇ ਜੌਹਰ ਦਿਖਾਏ। ਹਰਿਆਣਾ ਸਾਈਕਲਿੰਗ ਐਸੋਸੀਏਸ਼ਨ ਦੇ ਅਹੁਦੇਦਾਰਾਂ ਨੇ ਕਿਹਾ ਕਿ ਲੜਕੀਆਂ ਲਈ ਅਜਿਹੇ ਮੁਕਾਬਲੇ ਬੇਹੱਦ ਜ਼ਰੂਰੀ ਹਨ। ਇਨ੍ਹਾਂ ਰਾਹੀਂ ਹੀ ਉਨ੍ਹਾਂ ਨੂੰ ਕੌਮਾਂਤਰੀ ਪੱਧਰ ਤੱਕ ਪਹੁੰਚਣ ਦਾ ਰਾਹ ਮਿਲਦਾ ਹੈ। ਮੁਕਾਬਲਿਆਂ ਦੇ ਨਤੀਜਿਆਂ ਅਨੁਸਾਰ ਸੀਨੀਅਰ ਮਹਿਲਾ ਵਰਗ ਦੇ 30 ਕਿਲੋਮੀਟਰ ਵਿਅਕਤੀਗਤ ਟਾਈਮ ਟ੍ਰਾਇਲ ਮੁਕਾਬਲੇ ਵਿੱਚ ਹਰਿਆਣਾ ਦੀ ਪਾਰੁਲ ਨੇ ਪਹਿਲਾ, ਪੰਜਾਬ ਦੀ ਰਜ਼ੀਆ ਨੇ ਦੂਜਾ ਅਤੇ ਚੰਡੀਗੜ੍ਹ ਦੀ ਗੀਤ ਨੇ ਤੀਜਾ ਸਥਾਨ ਹਾਸਲ ਕੀਤਾ। ਜੂਨੀਅਰ ਮਹਿਲਾ ਵਰਗ ਦੇ 20 ਕਿਲੋਮੀਟਰ ਮੁਕਾਬਲੇ ਵਿੱਚ ਪੰਜਾਬ ਦੀ ਹਰਸ਼ਿਤਾ ਜਾਖੜ ਪਹਿਲੇ, ਹਰਿਆਣਾ ਦੀ ਵੰਸ਼ਿਕਾ ਦੂਜੇ ਅਤੇ ਆਸ਼ੂਰਿਆ ਤੀਜੇ ਸਥਾਨ 'ਤੇ ਰਹੀ।

# ਮਹਿਲਾ ਪ੍ਰੀਮੀਅਰ ਲੀਗ ਲਈ ਸੱਟਾ ਲਾਉਂਦੇ ਸੱਤ ਕਾਬੂ



**ਪੰਚਕੂਲਾ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੁਲੀਸ ਨੇ ਪੰਚਕੂਲਾ ਸੈਕਟਰ 21 ਦੇ ਇੱਕ ਘਰ 'ਚੋਂ ਮਹਿਲਾ ਪ੍ਰੀਮੀਅਰ ਲੀਗ ਮੈਚਾਂ 'ਤੇ ਔਨਲਾਈਨ ਸੱਟੇਬਾਜ਼ੀ ਕਰਨ ਵਾਲੇ ਇੱਕ ਹਾਈ-ਟੈਕ ਗਰੋਹ ਦਾ ਪਰਦਾਫਾਸ਼ ਕਰਦਿਆਂ ਸੱਤ ਮਸ਼ਕੂਕਾਂ ਨੂੰ ਗ੍ਰਿਫਤਾਰ ਕੀਤਾ ਹੈ। ਪੁਲੀਸ ਨੂੰ ਸੂਚਨਾ ਮਿਲੀ ਸੀ ਕਿ ਸੈਕਟਰ 21 ਦੇ ਕਿਰਾਏ ਦੇ ਘਰ ਵਿੱਚ ਉੱਤਰ ਪ੍ਰਦੇਸ਼ ਅਤੇ ਬੰਗਲੌਰ ਦੀਆਂ ਟੀਮਾਂ ਵਿਚਾਲੇ ਕ੍ਰਿਕਟ ਮੈਚ 'ਤੇ ਸੱਟਾ ਲਗਾਇਆ ਜਾ ਰਿਹਾ ਹੈ। ਪੁਲੀਸ ਟੀਮ ਨੇ ਉਸ ਜਗ੍ਹਾ 'ਤੇ ਛਾਪਾ ਮਾਰ ਕੇ ਚੰਡੀਗੜ੍ਹ ਨਿਵਾਸੀ ਪਵਨ ਮਹਾਜਨ, ਸਮੀਰ ਵਧਵਾ, ਅਨਿਲ ਕੁਮਾਰ, ਪੰਚਕੂਲਾ ਨਿਵਾਸੀ ਅਮਿਤ ਭਾਟੀਆ, ਅੰਕਿਤ ਅਗਰਵਾਲ, ਨਿਪੁਣ ਅਰੋੜਾ ਅਤੇ ਜੰਮੂ ਦੇ ਅੰਸ਼ੂ ਸ਼ਰਮਾ ਨੂੰ ਕਾਬੂ ਕੀਤਾ ਹੈ।

ਏਸੀਪੀ ਕ੍ਰਾਈਮ ਅਰਵਿੰਦ ਕੰਬੋਜ ਨੇ ਕਿਹਾ ਕਿ ਪੁਲੀਸ ਨੇ 7 ਲੱਖ ਰੁਪਏ ਦੀ ਨਕਦੀ, 4 ਲੈਪਟਾਪ, 46 ਮੋਬਾਈਲ ਫੋਨ, 2 ਕੰਪਿਊਟਰ ਮਾਨੀਟਰ, 3 ਟੈਬ ਅਤੇ ਇੱਕ ਆਡੀਓ ਰਿਕਾਰਡਰ ਸਮੇਤ ਵੱਡੀ ਮਾਤਰਾ ਵਿੱਚ ਇਲੈਕਟ੍ਰਾਨਿਕ ਉਪਕਰਣ ਜ਼ਬਤ ਕੀਤੇ ਹਨ। ਮੁਲਜ਼ਮਾਂ ਨੂੰ ਇੱਕ ਦਿਨ ਦੇ ਪੁਲੀਸ ਰਿਮਾਂਡ 'ਤੇ ਲੈਣ ਮਗਰੋਂ ਅੱਜ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਹੈ। ਪੁਲੀਸ ਨੇ ਮੁਲਜ਼ਮਾਂ ਵਿਰੁੱਧ ਜੂਆ ਐਕਟ ਦੀ ਧਾਰਾ 4(1) ਤਹਿਤ ਕੇਸ ਦਰਜ ਕੀਤਾ ਹੈ। ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਕਿਰਾਏ ਦੇ ਘਰ ਦੀ ਵਰਤੋਂ ਸਿਰਫ਼ ਸੱਟੇਬਾਜ਼ੀ ਨੈੱਟਵਰਕ ਚਲਾਉਣ ਲਈ ਕਰ ਰਹੇ ਸਨ।

# 'ਜੀ ਰਾਮ ਜੀ' ਮਗਨਰੇਗਾ ਦਾ ਹੀ ਵਿਸਥਾਰ: ਬਰਾਲਾ



**ਜੀਂਦ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਜ ਸਭਾ ਮੈਂਬਰ ਸੁਭਾਸ਼ ਬਰਾਲਾ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਲਿਆਂਦਾ ਵੀ ਬੀ ਜੀ ਰਾਮ ਜੀ ਕਾਨੂੰਨ ਮਗਨਰੇਗਾ ਦਾ ਹੀ ਵਿਸਥਾਰ ਹੈ। ਕਾਂਗਰਸ ਪਾਰਟੀ ਨੂੰ ਇਸ ਗੱਲ ਦੀ ਫ਼ਿਕਰ ਨਹੀਂ ਕਰਨੀ ਚਾਹੀਦੀ ਕਿ ਸੂਬਾ ਸਰਕਾਰ 40 ਫ਼ੀਸਦ ਪੈਸਾ ਕਿਵੇਂ ਦੇ ਸਕੇਗੀ। ਉਨ੍ਹਾਂ ਕਿਹਾ ਕਿ ਗ੍ਰਾਮ ਸਭਾ 125 ਦਿਨ ਹੀ ਨਹੀਂ, ਸਗੋਂ ਜੇਕਰ ਇਸਤੋਂ ਵੱਧ ਦਿਨ ਦੇ ਕੰਮ ਕਰਨ ਦੀ ਯੋਜਨਾ ਬਣਾ ਕੇ ਦੇਵੇਗੀ ਤਾਂ ਉਸਨੂੰ ਵੀ ਇਸੇ ਯੋਜਨਾ ਤਹਿਤ ਕਰਵਾਇਆ ਜਾਵੇਗਾ।

ਸ੍ਰੀ ਬਰਾਲਾ ਇੱਥੇ ਜੈਅੰਤੀ ਦੇਵੀ ਮੰਦਰ ਨੇੜੇ ਸਥਿਤ ਨੰਦੀਸ਼ਾਲਾ ਵਿੱਚ ਨੰਦੀਸ਼ਾਲਾ ਸਮਿਤੀ ਵੱਲੋਂ ਕਰਵਾਏ ਪ੍ਰੋਗਰਾਮ ਵਿੱਚ ਬਤੌਰ ਮੁੱਖ ਮਹਿਮਾਨ ਸੰਬੋਧਨ ਕਰ ਰਹੇ ਸਨ। ਉਨ੍ਹਾਂ ਨੇ ਨੰਦੀਸ਼ਾਲਾ ਨੂੰ 25 ਲੱਖ ਰੁਪਏ ਦੇਣ ਦਾ ਐਲਾਨ ਕੀਤਾ। ।

ਇਸ ਪ੍ਰੋਗਰਾਮ ਦੀ ਪ੍ਰਧਾਨਗੀ ਨੰਦੀਸ਼ਾਲਾ ਦੇ ਪ੍ਰਧਾਨ ਸਵਾਮੀ ਰਾਘਵਾਨੰਦ ਨੇ ਕੀਤੀ। ਪ੍ਰੋਗਰਾਮ ਵਿੱਚ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਤੇਜਿੰਦਰ ਸਿੰਘ ਢੁੱਲ, ਈਗਰਾਹਧਾਮ ਤੋਂ ਸਵਾਮੀ ਸੂਰਿਆਨੰਦ ਸਰਸਵਤੀ ਮਹਾਰਾਜ, ਸਾਬਕਾ ਮਹਾਂ ਮੰਤਰੀ ਡਾ. ਰਾਜ ਸੈਣੀ, ਡਿਪਟੀ ਸਪੀਕਰ ਡਾ. ਕ੍ਰਿਸ਼ਨ ਮਿੱਢਾ ਦੇ ਪੁੱਤਰ ਰੁਦਰਾਕਸ਼ ਮਿੱਢਾ, ਸੀਨੀਅਰ ਆਈ ਏ ਐੱਸ ਅਮਿਤ ਖੱਤਰੀ ਦੀ ਮਾਤਾ ਕ੍ਰਿਸ਼ਨਾ ਦੇਵੀ, ਪਿਤਾ ਰਾਜਿੰਦਰ ਸਿੰਘ ਖੱਤਰੀ, ਭਾਜਪਾ ਦੇ ਸੀਨੀਅਰ ਨੇਤਾ ਕ੍ਰਿਸ਼ਨ ਰੋਹਿਲਾ ਆਦਿ ਹਾਜ਼ਰ ਸਨ। ਨਵੀਂ ਸਿੱਖਿਆ ਨੀਤੀ ਦੀ ਸ਼ਲਾਘਾ ਕਰਦਿਆਂ ਸ੍ਰੀ ਬਰਾਲਾ ਨੇ ਕਿਹਾ ਕਿ ਇਸ ਸਿੱਖਿਆ ਨੀਤੀ ਨੇ ਯੁਵਾਵਾਂ ਨੂੰ ਉਨ੍ਹਾਂ ਦੀ ਜੜ੍ਹਾਂ ਨਾਲ ਜੋੜਨ ਦਾ ਕੰਮ ਕੀਤਾ ਹੈ।

ਸ੍ਰੀ ਬਰਾਲਾ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਲਿਆਂਦਾ ਵੀ ਬੀ ਜੀ ਰਾਮ ਜੀ ਯੋਜਨਾ ਮਗਨਰੇਗਾ ਯੋਜਨਾ ਦਾ ਹੀ ਵਿਸਥਾਰ ਹੈ।

# ਵਿਦਿਆਰਥੀਆਂ ਨੂੰ ਨਸ਼ਾ ਨਾ ਕਰਨ ਦੀ ਸਹੁੰ ਚੁਕਾਈ

**ਸ਼ਾਹਬਾਦ ਮਾਰਕੰਡਾ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪੁਲੀਸ ਕਪਤਾਨ ਨਿਤੀਸ਼ ਅਗਰਵਾਲ ਦੀ ਅਗਵਾਈ ਹੇਠ ਪੁਲੀਸ ਟੀਮ ਜ਼ਿਲ੍ਹੇ ਨੂੰ ਨਸ਼ਾ ਮੁਕਤ ਬਣਾਉਣ ਲਈ ਨਿਰੰਤਰ ਯਤਨਸ਼ੀਲ ਹੈ। ਇਸ ਮੁਹਿੰਮ ਤਹਿਤ ਪੁਲੀਸ ਦੀ ਨਸ਼ਾ ਮੁਕਤੀ ਟੀਮ ਪਿੰਡ-ਪਿੰਡ ਜਾ ਕੇ ਨਸ਼ਿਆਂ ਵਿਰੁੱਧ ਸੁਨੇਹਾ ਦੇ ਰਹੀ ਹੈ। ਜ਼ਿਲ੍ਹਾ ਪੁਲੀਸ ਦੇ ਵਿਲੇਜ ਗਾਰਡ ਨੋਡਲ ਅਧਿਕਾਰੀ ਸਹਾਇਕ ਸਬ-ਇੰਸਪੈਕਟਰ ਰਾਜੇਸ਼ ਕੁਮਾਰ ਅਤੇ ਰਿਸ਼ੀ ਪਾਲ ਦੀ ਟੀਮ ਨੇ ਥਾਨੇਸਰ ਖੇਤਰ ਦੇ ਨਿੱਜੀ ਵਿਦਿਅਕ ਅਦਾਰਿਆਂ ਵਿੱਚ ਪਹੁੰਚ ਕੇ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ।

ਪੁਲੀਸ ਟੀਮ ਨੇ ਇਸ ਮੌਕੇ ਵਿਦਿਆਰਥੀਆਂ ਨੂੰ ਨਸ਼ਾ ਨਾ ਕਰਨ ਦੀ ਸਹੁੰ ਚੁਕਾਈ। ਪੁਲੀਸ ਦੇ ਬੁਲਾਰੇ ਨੇ ਦੱਸਿਆ ਕਿ ਪਿੰਡ ਪੁਲੀਸ ਨੋਡਲ ਅਧਿਕਾਰੀ ਰਾਜੇਸ਼ ਕੁਮਾਰ ਨੇ ਵਿਦਿਅਕ ਅਦਾਰਿਆਂ ਦਾ ਦੌਰਾ ਕਰਦਿਆਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ। ਵਿਦਿਆਰਥੀਆਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਜੇ ਪੁਲੀਸ ਅਤੇ ਆਮ ਲੋਕ ਆਪਸੀ ਤਾਲਮੇਲ ਨਾਲ ਕੰਮ ਕਰਨ ਤਾਂ ਨਸ਼ਿਆਂ ਦੇ ਕੋਹੜ ਨੂੰ ਜੜ੍ਹੋਂ ਖਤਮ ਕੀਤਾ ਜਾ ਸਕਦਾ ਹੈ।

ਅਧਿਕਾਰੀਆਂ ਨੇ ਵਿਦਿਅਕ ਸੰਸਥਾਵਾਂ ਵਿੱਚ ਮੌਜੂਦ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਜੇ ਉਨ੍ਹਾਂ ਨੂੰ ਕਿਤੇ ਵੀ ਨਸ਼ਿਆਂ ਦੀ ਦੁਰਵਰਤੋਂ ਜਾਂ ਵਿਕਰੀ ਬਾਰੇ ਪਤਾ ਲੱਗਦਾ ਹੈ ਤਾਂ ਉਹ ਤੁਰੰਤ ਪੁਲੀਸ ਨੂੰ ਸੂਚਿਤ ਕਰਨ। ਉਨ੍ਹਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਪੜ੍ਹਾਈ ਅਤੇ ਖੇਡਾਂ ਵੱਲ ਧਿਆਨ ਦੇਣ ਲਈ ਕਿਹਾ ਤਾਂ ਜੋ ਉਹ ਆਪਣੇ ਪਰਿਵਾਰ, ਸੂਬੇ ਅਤੇ ਦੇਸ਼ ਦਾ ਨਾਂ ਰੌਸ਼ਨ ਕਰ ਸਕਣ।

# ਕੜਾਕੇ ਦੀ ਠੰਢ ਵਿੱਚ ਪੁਲੀਸ ਮੁਲਾਜ਼ਮ ਚੌਕਸ

**ਸ਼ਾਹਬਾਦ ਮਾਰਕੰਡਾ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕੜਾਕੇ ਦੀ ਠੰਢ ਦੇ ਬਾਵਜੂਦ ਟ੍ਰੈਫਿਕ ਪੁਲੀਸ ਕਰਮਚਾਰੀ ਦਿਨ-ਰਾਤ ਸੜਕਾਂ 'ਤੇ ਖੜ੍ਹੇ ਹੋ ਕੇ ਆਪਣੀ ਡਿਊਟੀ ਨਿਭਾਅ ਰਹੇ ਹਨ। ਠੰਢੀਆਂ ਰਾਤਾਂ ਦੌਰਾਨ ਵੀ ਟ੍ਰੈਫਿਕ ਪੁਲੀਸ ਮੁਲਾਜ਼ਮ ਸ਼ਹਿਰ ਦੀਆਂ ਮੁੱਖ ਸੜਕਾਂ , ਚੌਰਾਹਿਆਂ ਅਤੇ ਰਾਜ ਮਾਰਗਾਂ 'ਤੇ ਮੁਸਤੈਦ ਰਹਿੰਦੇ ਹਨ, ਤਾਂ ਜੋ ਆਵਾਜਾਈ ਨੂੰ ਸੁਚਾਰੂ ਬਣਾਇਆ ਜਾ ਸਕੇ ਤੇ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਜ਼ਿਲ੍ਹਾ ਟ੍ਰੈਫਿਕ ਪੁਲੀਸ ਮੁਲਾਜ਼ਮ ਸਿਰਫ਼ ਟ੍ਰੈਫਿਕ ਕੰਟਰੋਲ ਤਕ ਹੀ ਸੀਮਤ ਨਹੀਂ ਹਨ ਬਲਕਿ ਕਿਸੇ ਵੀ ਐਮਰਜੈਂਸੀ, ਸੜਕ ਹਾਦਸੇ ਜਾਂ



ਮੈਡੀਕਲ ਐਮਰਜੈਂਸੀ ਵਿਚ ਉਹ ਪਹਿਲਾਂ ਮੌਕੇ 'ਤੇ ਪਹੁੰਚਦੇ ਹਨ ਤੇ ਪੀੜਤਾਂ ਦੀ ਮਦਦ ਕਰਦੇ ਹਨ। ਉਨ੍ਹਾਂ ਦੀ ਮੁੱਖ ਜ਼ਿੰਮੇਵਾਰੀ ਜ਼ਖ਼ਮੀਆਂ ਨੂੰ ਸਮੇਂ ਸਿਰ ਹਸਪਤਾਲ ਪਹੁੰਚਾਉਣਾ, ਹਾਦਸਾ ਵਿੱਚ ਨੁਕਸਾਨੇ ਗਏ ਵਾਹਨਾਂ ਨੂੰ ਸੜਕ ਤੋਂ ਹਟਾਉਣਾ ਤੇ ਆਵਾਜਾਈ ਨੂੰ ਆਮ ਵਾਂਗ ਸੁਚਾਰੂ ਕਰਨਾ ਹੈ। ਇਸ ਦੇ ਨਾਲ ਹੀ ਉਹ ਸਮੇਂ-ਸਮੇਂ 'ਤੇ ਡਰਾਈਵਰਾਂ ਨੂੰ ਡਰਾਈਵਿੰਗ ਲਈ ਵੀ ਜਾਗਰੂਕ ਕਰਦੇ ਰਹਿੰਦੇ ਹਨ। ਜ਼ਿਲ੍ਹਾ ਪੁਲੀਸ ਕਪਤਾਨ ਵੱਲੋਂ ਉਨ੍ਹਾਂ ਨੂੰ ਵਰਦੀਆਂ, ਰਿਫਲੈਕਟਰ, ਜੈਕੇਟਾਂ ਅਤੇ ਹੋਰ ਸੁਰੱਖਿਆ ਉਪਕਰਨ ਵੀ ਮੁਹੱਈਆ ਕਰਵਾਏ ਜਾਂਦੇ ਹਨ, ਤਾਂ ਜੋ ਉਹ ਇਸ ਕੜਾਕੇ ਦੀ ਠੰਢ ਵਿੱਚ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਅ ਸਕਣ। ਪੁਲੀਸ ਪ੍ਰਸ਼ਾਸਨ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ, ਧੁੰਦ ਤੇ ਠੰਢ ਦੇ ਮੌਸਮ ਦੌਰਾਨ ਧਿਆਨ ਨਾਲ ਗੱਡੀ ਚਲਾਉਣ ਤੇ ਡਿਊਟੀ 'ਤੇ ਮੌਜੂਦ ਕਰਮਚਾਰੀਆਂ ਦਾ ਸਹਿਯੋਗ ਕਰਨ, ਤਾਂ ਜੋ ਸੜਕ ਹਾਦਸਿਆਂ ਨੂੰ ਰੋਕਿਆ ਜਾ ਸਕੇ।

# ਮਜ਼ਦੂਰਾਂ ਦੀ ਰੋਜ਼ੀ-ਰੋਟੀ ਖੋਹ ਰਹੀ ਹੈ ਭਾਜਪਾ: ਹੈਬਤਪੁਰ

**ਜੀਂਦ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਰਿਸ਼ੀਪਾਲ ਹੈਬਤਪੁਰ ਨੇ ਕੇਂਦਰ ਦੀ ਭਾਜਪਾ ਸਰਕਾਰ 'ਤੇ ਮਗਨਰੇਗਾ ਸਕੀਮ ਨੂੰ ਖ਼ਤਮ ਕਰਨ ਦੇ ਗੰਭੀਰ ਦੋਸ਼ ਲਾਏ ਹਨ। ਉਨ੍ਹਾਂ ਕਿਹਾ ਕਿ ਇਹ ਫੈਸਲਾ ਦੇਸ਼ ਦੇ ਕਰੋੜਾਂ ਮਿਹਨਤਕਸ਼ ਮਜ਼ਦੂਰਾਂ ਦੇ ਸਨਮਾਨ ਅਤੇ ਜੀਵਨ 'ਤੇ ਸਿੱਧਾ ਹਮਲਾ ਹੈ।



ਜ਼ਿਲ੍ਹਾ ਕਾਂਗਰਸ ਦਫ਼ਤਰ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੈਬਤਪੁਰ ਨੇ ਕਿਹਾ ਕਿ 2005 ਵਿੱਚ ਡਾ. ਮਨਮੋਹਨ ਸਿੰਘ ਦੀ ਅਗਵਾਈ ਵਾਲੀ ਯੂ ਪੀ ਏ ਸਰਕਾਰ ਨੇ ਮਨਰੇਗਾ ਲਾਗੂ ਕੀਤੀ ਸੀ, ਜੋ ਗ੍ਰਾਮੀਣ ਗਰੀਬਾਂ ਲਈ ਜੀਵਨ ਰੇਖਾ ਸਾਬਤ ਹੋਈ ਹੈ।

ਹੈਬਤਪੁਰ ਨੇ ਦੱਸਿਆ ਕਿ ਮਨਰੇਗਾ ਤਹਿਤ ਹਰ ਸਾਲ 5 ਤੋਂ 6 ਕਰੋੜ ਮਜ਼ਦੂਰਾਂ ਨੂੰ 100 ਦਿਨ ਦਾ ਗਰੰਟੀਸ਼ੁਦਾ ਰੁਜ਼ਗਾਰ ਮਿਲਦਾ ਸੀ, ਜਿਸ ਨਾਲ ਉਹ ਆਪਣੇ ਬੱਚਿਆਂ ਦੀ ਪੜ੍ਹਾਈ ਅਤੇ ਇਲਾਜ ਵਰਗੀਆਂ ਲੋੜਾਂ ਪੂਰੀਆਂ ਕਰਦੇ ਸਨ। ਉਨ੍ਹਾਂ ਦੋਸ਼ ਲਾਇਆ ਕਿ ਹੁਣ ਭਾਜਪਾ ਸਰਕਾਰ ਨੇ ਇਸ ਦਾ ਨਾਮ ਬਦਲ ਕੇ 'ਵਿਕਸਿਤ ਭਾਰਤ ਰੁਜ਼ਗਾਰ ਆਜੀਵਿਕਾ ਮਿਸ਼ਨ ਐਕਟ' (ਵੀ ਬੀ ਜੀ ਰਾਮ ਜੀ) ਕਰ ਦਿੱਤਾ ਹੈ, ਜੋ ਸਮਾਜਿਕ ਅਤੇ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਹੈ।

ਕਾਂਗਰਸ ਆਗੂ ਨੇ ਕਿਹਾ ਕਿ ਨਵੇਂ ਕਾਨੂੰਨ ਵਿੱਚ ਰੁਜ਼ਗਾਰ ਦੀ ਕੋਈ ਕਾਨੂੰਨੀ ਗਰੰਟੀ ਨਹੀਂ ਹੈ। ਸਰਕਾਰ ਵੱਲੋਂ 125 ਦਿਨ ਰੁਜ਼ਗਾਰ ਦੇਣ ਦਾ ਦਾਅਵਾ ਮਹਿਜ਼ ਛਲਾਵਾ ਹੈ ਕਿਉਂਕਿ ਇਸ ਵਿੱਚ ਇਹ ਸਪੱਸ਼ਟ ਨਹੀਂ ਹੈ ਕਿ ਮਜ਼ਦੂਰ ਜਦੋਂ ਚਾਹੇ ਕੰਮ ਮੰਗ ਸਕੇਗਾ।

ਇਸ ਮੌਕੇ ਸਾਬਕਾ ਮੰਤਰੀ ਰਾਮਭਜ ਲੋਧਰ, ਸਾਬਕਾ ਵਿਧਾਇਕ ਸੁਭਾਸ਼ ਗਾਂਗੋਲੀ, ਸਾਬਕਾ ਉਮੀਦਵਾਰ ਮਹਾਂਵੀਰ ਗੁਪਤਾ ਅਤੇ ਓ ਬੀ ਸੀ ਸੈੱਲ ਦੇ ਸੂਬਾ ਪ੍ਰਧਾਨ ਰਮੇਸ਼ ਸੈਣੀ ਨੇ ਵੀ ਆਪਣੇ ਸੰਬੋਧਨ ਵਿੱਚ ਭਾਜਪਾ ਸਰਕਾਰ ਦੀਆਂ ਨੀਤੀਆਂ ਦੀ ਸਖਤ ਨੁਕਤਾਚੀਨੀ ਕੀਤੀ। ਉਨ੍ਹਾਂ ਕਿਹਾ ਕਿ ਭਾਜਪਾ ਗਰੀਬ ਵਿਰੋਧੀ ਸਰਕਾਰ ਸਾਬਤ ਹੋਈ ਹੈ।

# ਭਾਜਪਾ ਮਗਨਰੇਗਾ ਦਾ ਕਤਲ ਕਰ ਰਹੀ ਹੈ: ਅਰੋੜਾ

**ਸ਼ਾਹਬਾਦ ਮਾਰਕੰਡਾ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਥਾਨੇਸਰ ਦੇ ਵਿਧਾਇਕ ਤੇ ਕਾਂਗਰਸੀ ਆਗੂ ਅਸ਼ੋਕ ਅਰੋੜਾ ਨੇ ਕਿਹਾ ਕਿ ਭਾਜਪਾ ਮਗਨਰੇਗਾ ਨੂੰ ਕਮਜ਼ੋਰ ਕਰਕੇ ਖ਼ਤਮ ਕਰਨਾ ਚਾਹੁੰਦੀ ਹੈ। ਭਾਜਪਾ ਮਗਨਰੇਗਾ ਦਾ ਦਿਨ-ਦਿਹਾੜੇ ਕਤਲ ਕਰ ਹੀ ਹੈ, ਜਿਸ ਨੂੰ ਕਾਂਗਰਸ ਪਾਰਟੀ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ। ਉਹ ਇੱਥੇ ਕਾਂਗਰਸ ਭਵਨ ਵਿੱਚ ਕਾਂਗਰਸ ਦੀ 'ਮਗਨਰੇਗਾ ਬਚਾਓ ਮੁਹਿੰਮ' ਤਹਿਤ ਪ੍ਰੈੱਸ ਕਾਨਫਰੰਸ ਕਰ ਰਹੇ ਸਨ।



ਇਸ ਸਾਂਝੀ ਪ੍ਰੈੱਸ ਕਾਨਫਰੰਸ ਵਿੱਚ ਪਿਹੋਵਾ ਦੇ ਵਿਧਾਇਕ ਮਨਦੀਪ ਚੱਠਾ, ਸ਼ਾਹਬਾਦ ਦੇ ਵਿਧਾਇਕ ਰਾਮ ਕਰਨ ਕਾਲਾ ਅਤੇ ਸਾਬਕਾ ਸੰਸਦ ਮੈਂਬਰ ਕੈਲਾਸ਼ੋ ਸੈਣੀ ਨੇ ਵੀ ਹਿੱਸਾ ਲਿਆ। ਵਿਧਾਇਕ ਅਰੋੜਾ ਨੇ ਕਿਹਾ ਕਿ ਮਗਨਰੇਗਾ ਸਬੰਧੀ ਇੱਕ ਵਿਆਪਕ ਅੰਦੋਲਨ ਉਲੀਕਿਆ ਗਿਆ ਹੈ, ਜਿਸ ਤਹਿਤ ਕਾਂਗਰਸ ਪੂਰੇ ਸੂਬੇ ਵਿੱਚ ਜ਼ਿਲ੍ਹਾ ਪੱਧਰ 'ਤੇ ਪ੍ਰੈੱਸ ਕਾਨਫਰੰਸਾਂ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ 11 ਜਨਵਰੀ ਨੂੰ ਮਹਾਤਮਾ ਗਾਂਧੀ ਦੇ ਬੁੱਤ ਅੱਗੇ ਜ਼ਿਲ੍ਹਾ ਪੱਧਰ 'ਤੇ ਇੱਕ ਦਿਨ ਦਾ ਮੌਨ ਰੱਖਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਕਾਂਗਰਸ ਉਦੋਂ ਤੱਕ ਸੰਘਰਸ਼ ਜਾਰੀ ਰੱਖੇਗੀ ਜਦੋਂ ਤੱਕ ਇਸ ਦਾ ਅਸਲ ਰੂਪ ਬਹਾਲ ਨਹੀਂ ਹੋ ਜਾਂਦਾ। ਉਨ੍ਹਾਂ ਯਾਦ ਕਰਵਾਇਆ ਕਿ ਯੂ ਪੀ ਏ ਸਰਕਾਰ ਨੇ 2005 ਵਿੱਚ ਮਗਨਰੇਗਾ ਸ਼ੁਰੂ ਕੀਤਾ ਸੀ, ਜਿਸ ਤਹਿਤ ਕਿਸੇ ਵੀ ਪੇਂਡੂ ਬੇਰੁਜ਼ਗਾਰ ਵਿਅਕਤੀ ਨੂੰ ਮੰਗ ਕਰਨ 'ਤੇ 15 ਦਿਨਾਂ ਦੇ ਅੰਦਰ ਕੰਮ ਦੇਣਾ ਲਾਜ਼ਮੀ ਸੀ। ਸਾਲ ਵਿੱਚ ਘੱਟੋ-ਘੱਟ 100 ਦਿਨਾਂ ਦੇ ਕੰਮ ਦੇ ਅਧਿਕਾਰ ਨੇ ਇਸ ਯੋਜਨਾ ਨੂੰ ਪਿੰਡਾਂ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਬਣਾ ਦਿੱਤਾ ਸੀ। ਪਰ ਹੁਣ ਭਾਜਪਾ ਸਰਕਾਰ ਕਾਨੂੰਨੀ ਗਰੰਟੀਆਂ ਨੂੰ ਖ਼ਤਮ ਕਰਕੇ ਗਰੀਬਾਂ ਦੇ ਹੱਕਾਂ 'ਤੇ ਡਾਕਾ ਮਾਰ ਰਹੀ ਹੈ।

# ਪੰਜਾਬੀ ਰੰਗ 'ਚ ਰੰਗਿਆ ਕਲਾ ਕੀਰਤੀ ਭਵਨ

**ਸ਼ਾਹਬਾਦ ਮਾਰਕੰਡਾ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਧਰਮ ਨਗਰੀ ਕੁਰੂਕਸ਼ੇਤਰ ਵਿਚ ਲੋਹੜੀ ਮੌਕੇ ਕਲਾ ਕੀਰਤੀ ਭਵਨ ਵਿਚ ਪ੍ਰੋਗਰਾਮ ਕਰਵਾਇਆ ਗਿਆ। ਪੂਰੇ ਉਤਸ਼ਾਹ, ਲੋਕ ਸਭਿਆਚਾਰ ਤੇ ਪੰਜਾਬੀ ਰੰਗਾਂ ਨਾਲ ਭਰਪੂਰ ਇਸ ਸਮਾਗਮ ਨੇ ਦਰਸ਼ਕਾਂ ਦਾ ਖੂਬ ਮਨਰੰਜਨ ਕੀਤਾ। ਇਸ ਮੌਕੇ ਦਰਸ਼ਕ ਵੱਡੀ ਗਿਣਤੀ ਵਿਚ ਮੌਜੂਦ ਸਨ। ਜਿਵੇਂ ਹੀ ਉੱਘੇ ਪੰਜਾਬੀ ਗਾਇਕ ਬਲਵੀਰ ਬੋਪਰਾਏ ਮੰਚ 'ਤੇ ਆਇਆ ਤਾਂ ਸਾਰਾ ਹਾਲ ਤਾੜੀਆਂ ਨਾਲ ਗੂੰਜ ਉੱਠਿਆ। ਉਨ੍ਹਾਂ ਦੀ ਜੋਸ਼ੀਲੀ ਤੇ ਮਨਮੋਹਕ ਗਾਇਕੀ ਨੇ ਦਰਸ਼ਕਾਂ ਨੂੰ ਝੂਮਣ ਲਈ ਮਜਬੂਰ ਕਰ ਦਿੱਤਾ। ਪੂਰਾ ਕਲਾ ਕੀਰਤੀ ਭਵਨ ਪੰਜਾਬੀ ਲੋਕ ਸੰਗੀਤ ਦੀਆਂ ਧੁਨਾਂ ਨਾਲ ਗੂੰਜਦਾ ਰਿਹਾ। ਸਮਾਗਮ ਵਿਚ ਬਤੌਰ ਮੁੱਖ ਮਹਿਮਾਨ ਸਾਬਕਾ ਰਾਜ ਮੰਤਰੀ ਸੁਭਾਸ਼ ਸੁਧਾ ਤੇ ਮੁੱਖ ਮੰਤਰੀ ਦਫ਼ਤਰ ਦੇ ਇੰਚਾਰਜ ਕੈਲਾਸ਼ ਸੈਣੀ ਨੇ ਸ਼ਿਰਕਤ ਕੀਤੀ। ਦੋਵਾਂ ਮਹਿਮਾਨਾਂ ਨੇ ਲੋਹੜੀ ਦੇ ਤਿਉਹਾਰ ਨੂੰ ਸੰਕ੍ਰਿਤਕ ਮੰਚ ਤੇ ਇਸ ਤਰਾਂ ਸ਼ਾਨਦਾਰ ਢੰਗ ਨਾਲ ਮਨਾਉਣ ਲਈ ਪ੍ਰਬੰਧਕਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਪ੍ਰੋਗਰਾਮ ਸਮਾਜ ਨੂੰ ਜੋੜਨ ਦੇ ਨਾਲ-ਨਾਲ ਸਾਡੀ ਅਮੀਰ ਵਿਰਾਸਤ ਨੂੰ ਅੱਗੇ ਵਧਾਉਂਦੇ ਹਨ। ਇਹ ਸਮਾਗਮ ਲਿਟਲ ਮਿਲੇਨੀਅਮ ਸਕੂਲ ਤੇ ਸਕਾਈ 9 ਇਵੈਂਟਸ ਵਲੋਂ ਪੇਸ਼ ਕੀਤਾ ਗਿਆ। ਸਮਾਰੋਹ ਦੇ ਪ੍ਰਬੰਧ ਦੀ ਜ਼ਿੰਮੇਵਾਰੀ ਪਰਮਿੰਦਰ ਸਿੰਘ ਬਾਠ ਤੇ ਅਰਵਿੰਦਰ ਸਿੰਘ ਨੇ ਸੰਭਾਲੀ। ਉਨ੍ਹਾਂ ਦੀ ਸੁਚੱਜੀ ਯੋਜਨਾ ਸਮੇਂਦੀ ਪਬੰਦੀ ਤੇ ਸ਼ਾਨਦਾਰ ਪ੍ਰਬੰਧਾ ਕਾਰਨ ਸਮਾਗਮ ਪੂਰੀ ਤਰਾਂ ਸਫਲ ਰਿਹਾ।

ਦਰਸ਼ਕਾਂ ਨੇ ਪ੍ਰਬੰਧਨ ਦੀ ਵਧੀਆ ਵਿਵਸਥਾ, ਕਲਾਕਾਰਾਂ ਦੀ ਸ਼ਾਨਦਾਰੀ ਪੇਸ਼ਕਾਰੀ ਤੇ ਸਾਰੇ ਸਭਿਆਚਾਰਕ ਮਾਹੌਲ ਦੀ ਖ਼ੂਬ ਪ੍ਰਸ਼ੰਸਾ ਕੀਤੀ। ਜ਼ਿਕਰਯੋਗ ਹੈ ਕਿ ਇਹ ਲੋਹੜੀ ਦਾ ਤਿਉਹਾਰ ਸੰਗੀਤ ਤੇ ਸੰਸਕ੍ਰਿਤੀ ਦਾ ਸੁੰਦਰ ਸੁਮੇਲ ਬਣ ਕੇ ਲੰਮੇ ਸਮੇਂ ਤਕ ਲੋਕਾਂ ਦੀਆਂ ਯਾਦਾਂ ਵਿਚ ਵਸਿਆ ਰਹੇਗਾ।

# ਚੰਡੀਗੜ੍ਹ ਜੂਡੀਸ਼ੀਅਲ ਅਕਾਦਮੀ ਵਿੱਚ ਰੀਜ਼ਨਲ ਮੈਡਿਕੋ ਲੀਗਲ ਅਤੇ ਪੋਸਟ ਮਾਰਟਮ ਰਿਪੋਰਟ ਵਰਕਸ਼ਾਪ ਆਯੋਜਿਤ

**ਚੰਡੀਗੜ੍ਹ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਨੈਸ਼ਨ ਇਨਫਾਰਮੇਟਿਕਸ ਸੈਂਟਰ ਹਰਿਆਣਾ ਨੇ ਚੰਡੀਗੜ੍ਹ ਜੂਡੀਸ਼ੀਅਲ ਅਕਾਦਮੀ ਵਿੱਚ ਮੇਡਿਕੋ ਲੀਗਤ ਏਗਜਾਮੀਨੇਸ਼ਨ ਅਤੇ ਪੋਸਟ ਮਾਰਟਮ ਰਿਪੋਰਟਿੰਗ @ਤੇ ਖੇਤਰੀ ਵਰਕਸ਼ਾਪ ਆਯੋਜਿਤ ਕੀਤੀ।

ਇਸ ਵਰਕਸ਼ਾਪ ਵਿੱਚ ਸੂਬਿਆਂ ਅਤੇ ਕੇਂਦਰ ਸ਼ਾਸਿਤ ਸੂਬਾ ਜੰਮੂ ਕਸ਼ਮੀਰ, ਲੱਦਾਖ, ਹਿਮਾਚਲ ਪ੍ਰਦੇਸ਼, ਉਤਰਾਖੰਡ, ਰਾਜਸਥਾਨ, ਪੰਜਾਬ, ਹਰਿਆਣਾਂ, ਚੰਡੀਗੜ੍ਹ ਅਤੇ ਦਿੱਲੀ ਦੇ ਪ੍ਰਤੀਨਿਧੀਆਂ ਨੇ ਹਿੱਸਾ ਲਿਆ। ਵਰਕਸ਼ਾਪ ਦਾ ਉਦਘਾਟਨ ਸੁਪਰੀਮ ਕੋਰਟ ਦੇ ਜੱਜ ਰਾਜੇਸ਼ ਬਿੰਦਲ ਨੇ ਕੀਤਾ। ਉਦਘਾਟਨ ਸੈਸ਼ਨ ਦੀ ਸ਼ੁਰੂਆਤ ਰਿਵਾਇਤੀ ਦੀਪ ਪ੍ਰਜਵਲਤ ਨਾਲ ਹੋਈ।

ਇਸ ਮੌਕੇ @ਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਸ਼ੀਲ ਨਾਗੂ, ਜਸਟਿਸ ਹਰਸਿਮਰਨ ਸਿੰਘ ਸੇਠੀ, ਜਸਟਿਸ ਜਗਮੋਹਨ ਬੰਸਲ, ਸਿਹਤ ਵਿਭਾਗ ਦੇ ਵਧੀਕ ਮੁੱਖ ਸਕੱਤਰ ਸੁਧੀਰ ਰਾਜਪਾਲ ਅਤੇ ਐਨਆਈਸੀ ਹਰਿਆਣਾ ਦੇ ਡੀਡੀਜੀ ਅਤੇ ਸਟੇਟ ਕੁਆਰਡੀਨੇਟਰ ਸ੍ਰੀ ਵੀਰੇਂਦਰ ਸੇਠ ਮੌਜੂਦ ਸਨ।

ਇਸ ਮੌਕੇ @ਤੇ ਮਾਣਯੋਗ ਲੋਕਾਂ ਨੇ ਮੇਡਲੀਪੀਆਰ @ਤੇ ਕਲੈਕਸ਼ਨ ਦਾ ਰਸਮੀ ਰੂਪ ਨਾਲ ਉਦਘਾਟਨ ਕੀਤਾ, ਜਿਸ ਵਿੱਚ ਮੇਡਲੀਪੀਆਰ ਪਲੇਟਫਾਰਮ ਰਾਹੀਂ ਮੇਡਿਕੋ-ਲੀਗਲ ਜਾਂਚ ਅਤੇ ਪੋਸਟ ਮਾਰਟਮ ਰਿਪੋਰਟਿੰਗ ਪ੍ਰੈਕਟਿਸ ਦੇ ਉਦੇਸ਼ ਨਾਲ ਵਿਆਪਕ ਪੱਧਰ @ਤੇ ਰੇਡਰੇਂਸ ਡਾਕਿਯੂਮੈਂਟ ਵਜੋ ਮਹਤੱਵ @ਤੇ ਚਾਨਣ ਪਾਇਆ ਗਿਆ। ਮੇਡਲੀਪੀਆਰ ਮੋਬਾਇਲ ਐਪਲੀਕੇਸ਼ਨ ਨੂੰ ਮੁੱਖ ਮਹਿਮਾਨ, ਸੁਪਰੀਮ ਕੋਰਟ ਦੇ ਜੱਜ ਜਸਟਿਸ ਰਾਜੇਸ਼ ਬਿੰਦਲ ਨੇ ਸਾਫਟ-ਲਾਂਚ ਕੀਤਾ।

ਸਿਹਤ ਵਿਭਾਗ ਹਰਿਆਣਾ ਦੇ ਵਧੀਕ ਮੁੱਖ ਸਕੱਤਰ ਸੁਧੀਰ ਰਾਜਪਾਲ ਨੇ ਮੇਡਲੀਪੀਆਰ ਨੂੰ ਲਾਗੂ ਕਰਨ ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਪਹਿਲ ਦੀ ਸ਼ਲਾਘਾ ਕੀਤੀ ਅਤੇ ਇਸ ਗੱਲ @ਤੇ ਜੋਰ ਦਿੱਤਾ ਕਿ ਵਰਕਸ਼ਾਪ ਦੌਰਾਨ ਮਿਲੇ ਸੁਝਾਅ ਅਤੇ ਫੀਡਬੈਕ ਨਾਲ ਪਲੇਟਫਾਰਮ ਹੋਰ ਮਜਬੂਤ ਅਤੇ ਬਿਹਤਰ ਹੋਵੇਗਾ, ਜਿਸ ਨਾਲ ਮੇਡਿਕੋ-ਲੀਗਲ ਰਿਪੋਰਟਿੰਗ ਵੱਧ ਭਰੋਸੇਮੰਦ, ਸਟੈਂਡਰਡਇਜਲ ਅਤੇ ਕੁਸ਼ਲ ਬਣੇਗੀ।

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਸ਼ੀਲ ਨਾਗੂ ਨੇ ਦਸਿਆ ਕਿ ਮੇਡਲੀਪੀਆਰ ਮੇਡਿਕੋ-ਲੀਗਲ ਅਤੇ ਪੋਸਟ ਮਾਰਟਮ ਰਿਕਾਰਡ ਨੂੰ ਆਸਾਨ ਬਣਾਉਂਦਾ ਹੈ, ਅਤੇ ਸੁਰੱਖਿਅਤ ਡਿਜੀਟਲਾਈਜੇਸ਼ਨ ਅਤੇ ਇੰਟੀਗ੍ਰੇਸ਼ਨ ਦੇ ਜਰਇਏ ਦੇਰੀ, ਸਟੈਂਡਰਡਾਈਜੇਸ਼ਨ ਅਤੇ ਓਥੇਂਟੀਸਿਟੀ ਦੀ ਮੁਸ਼ਕਲਾਂ ਨੂੰ ਦੂਰ ਕਰਦਾ ਹੈ। ਉਨ੍ਹਾਂ ਨੇ ਭਰੋਸਾ ਜਤਾਇਆ ਕਿ ਮੇਡਲੀਪੀਆਰ ਕੰਪੇਂਡੀਅਮ ਅਤੇ ਮੋਬਾਇਲ ਐਪਲੀਕੇਸ਼ਨ ਦੇ ਲਾਂਚ ਨਾਲ, ਚੱਲ ਰਹੀ ਟ੍ਰੇਨਿੰਗ ਦੇ ਨਾਲ, ਭਰੋਸੇਮੰਦ ਅਤੇ ਜਵਾਬਦੇਹ ਮੇਡਿਕੋ-ਲੀਗਲ ਰਿਪੋਰਟਿੰਗ ਅਤੇ ਬਿਹਤਰ ਹੋਵੇਗੀ।

ਜਸਟਿਸ ਰਾਜੇਸ਼ ਬਿੰਦਲ ਨੇ ਮੇਡਿਕੋ ਲੀਗਲ ਅਤੇ ਪੋਸਟ ਮਾਰਟਮ ਰਿਪੋਰਟਿੰਗ ਵਿੱਚ ਇੱਕ ਵੱਡੇ ਸੁਧਾਰ ਵਜੋ ਮੇਡਲੀਪੀਆਰ ਸਿਸਟਮ ਦੇ ਮਹਤੱਵ @ਤੇ ਜੋਰ ਦਿੱਤਾ। ਉਨ੍ਹਾਂ ਨੇ ਐਲਆਈਸੀ ਹਰਿਆਣਾ ਵੱਲੋਂ ਦਿੱਤੀ ਗਈ ਤਕਨੀਕੀ ਸਹਾਇਤਾ ਦੀ ਸ਼ਲਾਘਾ ਕੀਤੀ ਅਤੇ ਇਸ ਗੱਲ @ਤੇ ਜੋਰ ਦਿੱਤਾ ਕਿ ਘੱਟ ਤੋਂ ਘੱਟ ਲਾਗਤ @ਤੇ ਇੱਕ ਮਜਬੂਤ, ਪੈਨ-ਇੰਡੀਆ ਡਿਜੀਟਲ ਸਾਲੀਯੂਸ਼ਨ ਬਨਾਉਣ ਲਈ ਜੂਡੀਸ਼ੀਅਲ ਅਤੇ ਟੈਕਨੀਕਲ ਐਕਸਪਰਟਸ ਦੇ ਵਿੱਚ ਸਹਿਯੋਗ ਜਰੂਰੀ ਹੈ।

# ਸ਼੍ਰੀ ਮੁਕਤਸਰ ਸਾਹਿਬ ਦੀ ਪਵਿੱਤਰ ਧਰਤੀ, ਇਤਿਹਾਸ ਦੇ ਸੁਨਹਿਰੇ ਪੰਨਿਆਂ ਵਿੱਚ ਦਰਜ ਮੁੱਖ ਮੰਤਰੀ ਨਾਇਬ ਸਿੰਘ ਸੈਣੀ

**ਚੰਡੀਗੜ੍ਹ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪੰਜਾਬ ਅਤੇ ਹਰਿਆਣਾ ਸਿਰਫ ਗੁਆਂਢੀ ਸੂਬਾ ਨਹੀਂ ਹਨ, ਸਗੋ ਦੋਨਾਂ ਦਾ ਰਿਸ਼ਤਾ ਖੂਨ ਅਤੇ ਭਾਈਚਾਰੇ ਦਾ ਹੈ। ਹਰਿਆਣਾ ਦੇ ਲੋਕ ਪੰਜਾਬ ਨਾਲ ਡੂੰਘਾ ਪਿਆਰ ਕਰਦੇ ਹਨ। ਉਨ੍ਹਾਂ ਨੇ ਪੰਜਾਬ ਵਿੱਚ ਹਾਲ ਹੀ ਵਿੱਚ ਆਈ ਕੁਦਰਤੀ ਆਪਦਾ ਦਾ ਵਰਨਣ ਕਰਦੇ ਹੋਏ ਕਿਹਾ ਕਿ ਜਦੋਂ ਪੰਜਾਬ ਦੇ ਲੋਕ ਮੁਸ਼ਕਲ ਵਿੱਚ ਸਨ, ਉਦੋਂ ਹਰਿਆਣਾਵਾਸੀਆਂ ਨੇ ਛੋਟੇ ਭਰਾ ਤੀ ਤਰ੍ਹਾ ਪੰਜਾਬ ਦੀ ਹਰਸੰਭਵ ਮਦਦ ਕੀਤੀ। ਇਹੀ ਸਾਡਾ ਸਭਿਆਚਾਰ ਅਤੇ ਸੰਸਕਾਰ ਹਨ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਬੁੱਧਵਾਰ ਨੂੰ ਸ਼੍ਰੀ ਮੁਕਤਸਰ ਸਾਹਿਬ ਵਿੱਚ ਆਯੋਜਿਤ ਮਾਘੀ ਮੇਲੇ ਵਿੱਚ ਮੌਜੂਦ ਜਨਤਾ ਨੂੰ ਸੰਬੋਧਿਤ ਕਰ ਰਹੇ ਸਨ। ਉਨ੍ਹਾਂ ਨੇ ਸ਼੍ਰੀ ਮੁਕਤਸਰ ਸਾਹਿਬ ਦੀ ਪਵਿੱਤਰ ਧਰਤੀ ਨੂੰ ਨਮਨ ਕਰਦੇ ਹੋਏ ਕਿਹਾ ਕਿ ਇਸ ਪਵਿੱਤਰ ਅਤੇ ਇਤਹਾਸਕ ਸਥਾਨ @ਤੇ ਆਉਣਾ ਉਨ੍ਹਾਂ ਦੇ ਲਈ ਬਹੁਤ ਖੁਸ਼ਕਿਸਮਤੀ ਦੀ ਗੱਲ ਹੈ। ਸ਼੍ਰੀ ਮੁਕਤਸਰ ਸਾਹਿਬ ਦੀ ਪਵਿੱਤਰ ਧਰਤੀ, ਇਤਿਹਾਸ ਦੇ ਸੁਨਹਿਰੇ ਪੰਨਿਆ ਵਿੱਚ ਦਰਜ ਹੈ। ਇੱਥੇ ਚਾਲੀ ਮੁਕਤਿਆਂ ਨੇ, ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਣਾਂ ਵਿੱਚ ਆਪਣੇ ਪ੍ਰਾਣ ਅਰਪਿਤ ਕਰ ਦਿੱਤੇ। ਇਹ ਧਰਤੀ ਸਾਨੂੰ ਸਿਖਾਉਂਦੀ ਹੈ ਕਿ ਮੁਕਤੀ ਸਿਰਫ ਮੌਤ ਦੇ ਬਾਅਦ ਨਹੀਂ, ਸਗੋ ਸਚਾਈ ਦੇ ਮਾਰਗ @ਤੇ ਚਲ ਕੇ, ਅਨਿਆਂ ਦੇ ਖਿਲਾਫ ਖੜੇ ਹੋ ਕੇ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ। ਉਨ੍ਹਾਂ ਨੇ ਇਸ ਦੌਰਾਨ ਸਾਰਿਆਂ ਨੂੰ ਮਕਰ ਸੰਕ੍ਰਾਂਤੀ ਪਰਵ ਦੀ ਵਧਾਈ ਵੀ ਦਿੱਤੀ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿੱਚ ਕੁਦਰਤੀ ਆਪਦਾ ਦੇ ਸਮੇਂ ਇੱਥੇ ਦੇ ਸੱਤਾਪੱਖ ਨੇਤਾਵਾਂ ਨੂੰ ਜਨਤਾ ਦੀ ਪੀੜਾ ਦਿਖਾਈ ਨਹੀਂ ਦਿੱਤੀ, ਆਪਦਾ ਦੇ ਸਮੇਂ ਹਰਿਆਣਾ ਦੇ ਲੋਕਾਂ ਨੇ ਪੰਜਾਬ ਦਾ ਸਾਥ ਦਿੱਤਾ, ਪਰ ਇੱਥੇ ਦੇ ਮੁੱਖ ਮੰਤਰੀ ਉਸ ਮੁਸ਼ਕਲ ਸਮੇਂ ਵਿੱਚ ਕਿਤੇ ਨਜਰ ਨਹੀਂ ਆਏ। ਮੁੱਖ ਮੰਤਰੀ ਸੈਣੀ ਨੇ ਕਿਹਾ ਕਿ ਪੰਜਾਬ ਦੀ ਮੌਜੂਦਾ ਸਰਕਾਰ ਨੇ ਪੰਜਾਬ ਦੀ ਜਨਤਾ ਨਾਲ ਜੋ ਵਾਅਦੇ ਕੀਤੇ ਸਨ, ਉਨ੍ਹਾਂ @ਤੇ ਖਰਾ ਨਹੀਂ ਉਤਰੀ ਹੈ। ਇਹੀ ਨਹੀਂ, ਉਹ ਆਪਦਾ ਦੇ ਸਮੇਂ ਵੀ ਆਪਣੀ ਜਿਮੇਵਾਰੀ ਤੋਂ ਬੱਚਦੇ ਨਜਰ ਆਏ।

ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਵਿਧਾਨਸਭਾ ਚੋਣ ਦੌਰਾਨ ਜਨਤਾ ਤੋਂ 217 ਵਾਅਦਿਆਂ ਵਾਲਾ ਸੰਕਲਪ ਪੱਤਰ ਜਾਰੀ ਕੀਤਾ ਸੀ, ਜਿਨ੍ਹਾਂ ਵਿੱਚੋਂ ਇੱਕ ਸਾਲ ਦੇ ਅੰਦਰ 54 ਵਾਅਦਿਆਂ ਨੂੰ ਪੂਰਾ ਕੀਤਾ ਜਾ ਚੁੱਕਾ ਹੈ। ਬਾਕੀ 163 ਵਾਅਦਿਆਂ @ਤੇ ਤੇਜੀ ਨਾਲ ਕੰਮ ਚੱਲ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਜਨਤਾ ਨਾਲ ਕੀਤੇ ਵਾਅਦੇ ਸਿਰਫ ਕਾਗਜ਼ਾਂ ਵਿੱਚ ਹੀ ਪੂਰੇ ਕੀਤੇ ਹਨ।

ਉਨ੍ਹਾਂ ਨੇ ਕਿਹਾ ਕਿ ਸਰਕਾਰ ਨੇ ਸੰਕਲਪ ਪੱਤਰ ਵਿੱਚ 24 ਫਸਲਾਂ ਨੂੰ ਐਮਐਸਪੀ @ਤੇ ਖਰੀਦਣ ਦਾ ਵਾਅਦਾ ਕੀਤਾ ਸੀ, ਜਿਸ ਨੂੰ ਪੂਰਾ ਕਰ ਦਿੱਤਾ ਹੈ। ਹਰਿਆਣਾ ਦੇਸ਼ ਦਾ ਪਹਿਲਾ ਸੂਬਾ ਹੈ, ਜਿੱਥੇ ਸਾਰੀ ਫਸਲਾਂ ਦੀ ਐਮਐਸਪੀ @ਤੇ ਖਰੀਦ ਕੀਤੀ ਜਾ ਰਹੀ ਹੈ। ਕਿਸਾਨਾਂ ਨੂੰ 48 ਘੰਟੇ ਦੇ ਅੰਦਰ ਭੁਗਤਾਨ ਕੀਤਾ ਜਾਂਦਾ ਹੈ ਅਤੇ ਜੇਕਰ ਕਿਸੇ ਕਾਰਨਵਜੋ ਦੇਰੀ ਹੁੰਦੀ ਹੈ ਤਾਂ ਵਿਆਜ ਵੀ ਦਿੱਤਾ ਜਾਂਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਦਿੱਲੀ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਸੀ, ਉਦੋਂ ਹਰਿਆਣਾ ਅਤੇ ਪੰਜਾਬ ਦੇ ਕਿਸਾਨਾਂ @ਤੇ ਪਰਾਲੀ ਜਲਾਉਣ ਦੇ ਦੋਸ਼ ਲਗਾਏ ਜਾਂਦੇ ਸਨ। ਹੁਣ ਪੰਜਾਬ ਵਿੱਚ ਚਾਰ ਸਾਲਾਂ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਹੈ, ਪਰ ਕਿਸਾਨਾਂ ਨੂੰ ਪਰਾਲੀ ਨਾ ਜਲਾਉਣੀ ਪਵੇ, ਇਸ ਦੇ ਲਈ ਪੰਜਾਬ ਸਰਕਾਰ ਨੇ ਕੋਈ ਠੋਸ ਕਦਮ ਨਹੀਂ ਚੁੱਕਿਆ, ਉੱਥੇ ਦੂਜੇ ਪਾਸੇ ਹਰਿਆਣਾ ਸਰਕਾਰ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਲਈ ਖੇਤੀਬਾੜੀ ਯੰਤਰਾਂ @ਤੇ ਸਬਸਿਡੀ ਤੋਂ ਇਲਾਵਾ 1200 ਰੁਪਏ ਪ੍ਰਤੀ ਏਕੜ ਦੀ ਪ੍ਰੋਤਸਾਹਨ ਰਕਮ ਦੇ ਰਹੀ ਹੈ।

ਉਨ੍ਹਾਂ ਨੇ ਕਿਹਾ ਕਿ ਹਰਿਆਣਾ ਸਰਕਾਰ ਮਕਾਨ ਮੁਰੰਮਤ ਲਈ 80 ਹਜਾਰ ਰੁਪਏ ਦੀ ਸਹਾਇਤਾ ਪ੍ਰਦਾਨ ਵੀ ਕਰ ਰਹੀ ਹੈ। ਇਸ ਤੋਂ ਇਲਾਵਾ ਭੈਣਾ-ਕੁੜੀਆਂ ਲਈ ਵੀ ਲਾਡੋ ਲੱਛਮੀ ਯੋਜਨਾ ਤਹਿਤ 2100 ਰੁਪਏ ਦੀ ਮਹੀਨਾ ਸਹਾਇਤਾ ਪ੍ਰਦਾਨ ਕਰ ਰਹੀ ਹੈ।

ਉਨ੍ਹਾਂ ਨੇ ਕਿਹਾ ਕਿ ਪੰਜਾਬ ਵਿੱਚ ਜਦੋਂ ਕੇਂਦਰੀ ਮੰਤਰੀ ਸ੍ਰੀ ਸ਼ਿਵਰਾਜ ਸਿੰਘ ਚੌਹਾਨ ਆਏ ਤਾਂ ਮਜਦੂਰਾਂ ਨੇ ਮਨਰੇਗਾ ਤਹਿਤ ਉਨ੍ਹਾਂ ਨੂੰ ਹੱਕ ਨਹੀਂ ਮਿਲਣ ਦੀ ਗੱਲ ਕਹੀ ਅਤੇ ਜਾਣਕਾਰੀ ਵਿੱਚ ਸਾਹਮਣੇ ਆਇਆ ਕਿ ਬਹੁਤ ਸਾਰੀ ਪਿੰਡ ਪੰਚਾਇਤਾਂ ਵਿੱਚ ਗਬਨ ਹੋਇਆ ਅਤੇ ਉਸ ਸਬੰਧ ਵਿੱਚ ਕੋਈ ਕਾਰਵਾਈ ਨਹੀਂ ਹੋਈ। ਮਜਦੂਰਾਂ ਨੂੰ ਹੱਕ ਦਿਵਾਉਣ ਲਈ ਜਦੋਂ ਵੀਬੀ ਜੀ ਰਾਮ ਜੀ ਐਕਟ ਸਰਕਾਰ ਲੈ ਕੇ ਆਈ ਤਾਂ ਪੰਜਾਬ ਸਰਕਾਰ ਵੱਲੋਂ ਵਿਧਾਨਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾ ਕੇ ਇੱਕ ਅਜਿਹਾ ਪ੍ਰਸਤਾਵ ਲਿਆਇਆ ਗਿਆ, ਜਿਸ ਵਿੱਚ ਨਾ ਤਾਂ ਤੱਥ ਸਨ, ਨਾ ਅੰਕੜੇ ਅਤੇ ਨਾ ਹੀ ਸੁਝਾਅ। ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਇਸ ਯੋਜਨਾ ਦਾ ਵੀ ਵਿਰੋਧ ਕਰ ਰਹੀ ਹੈ।ਉਨ੍ਹਾਂ ਨੇ ਕਿਹਾ ਕਿ ਹਰਿਆਣਾ ਸਰਕਾਰ ਕਿਸਾਨਾਂ ਦੇ ਹਿੱਤਾਂ ਦਾ ਪੂਰਾ ਖਿਆਲ ਰੱਖ ਰਹੀ ਹੈ, ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਦੀ ਗੱਲ ਹੋਵੇ, ਜਾਂ ਫਸਲ ਖਰਾਬੇ ਦੇ ਮੁਆਵਜੇ ਦੀ। ਸਰਕਾਰ ਨੇ ਪਿਛਲੇ ਦਿਨਾਂ ਬਰਸਾਤ ਦੇ ਕਾਰਨ ਮਕਾਨ ਅਤੇ ਪਸ਼ੂਧਨ ਵਰਗੀ ਹਾਨੀ @ਤੇ ਪੰਜ ਕਰੋੜ ਰੁਪਏ ਮਆਵਜੇ ਵਜੋ ਦਿੱਤੇ ਹਨ। ਇਸੀ ਤਰ੍ਹਾ ਫਸਲ ਖਰਾਬੇ ਦੀ ਭਰਪਾਈ ਲਈ 116 ਕਰੋੜ ਰੁਪਏ ਕਿਸਾਨਾਂ ਦੇ ਖਾਤੇ ਵਿੱਚ ਪਾਏ ਜਾ ਚੁੱਕੇ ਹਨ।

# ਸ੍ਰੀ ਅਨਿਲ ਵਿਜ ਨਾਲ ਨਵਨੀਤ ਕੌਰ ਨੇ ਚੰਡੀਗੜ੍ਹ ਵਿੱਚ ਕੀਤੀ ਮੁਲਾਕਾਤ

**ਚੰਡੀਗੜ੍ਹ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਊਰਜਾ, ਟ੍ਰਾਂਸਪੋਰਟ ਅਤੇ ਕਿਰਤ ਮੰਤਰੀ ਸ੍ਰੀ ਅਨਿਲ ਵਿਜ ਨਾਲ ਅੱਜ ਕੌਮੀ ਹਾਕੀ ਖਿਡਾਰੀ ਓਲੰਪਿਅਨ ਨਵਨੀਤ ਕੌਰ ਨੇ ਚੰਡੀਗੜ੍ਹ ਵਿੱਚ ਉਨ੍ਹਾਂ ਦੇ ਦਫਤਰ ਵਿੱਚ ਮੁਲਾਕਾਤ ਕੀਤੀ। ਇਸ ਦੌਰਾਨ ਸ੍ਰੀ ਵਿਜ ਨੇ ਰਾਂਚੀ ਵਿੱਚ ਹੀਰੋ ਹਾਕੀ ਇੰਡੀਆ ਲੀਗ ਚੈਂਪੀਅਨ ਐਸਜੀ ਪਾਈਪਰਸ ਦੀ ਕਪਤਾਨ ਅਤੇ ਚੈਂਪੀਅਨਸ਼ਿਪ ਦੀ ਸੱਭ ਤੋਂ ਵਧੀਆ ਖਿਡਾਰੀ ਓਲੰਪਿਅਨ ਨਵਨੀਤ ਕੌਰ @ਤੇ ਮਾਣ ਕਰਦੇ ਹੋਏ ਆਪਣਾ ਆਸ਼ੀਰਵਾਦ ਦਿੱਤਾ।

ਸ੍ਰੀ ਵਿਜ ਨੇ ਕਿਹਾ ਕਿ ਹਰਿਆਣਾ ਦੇ ਗੌਰਵ ਓਲੰਪਿਅਨ ਨਵਨੀਤ ਕੌਰ ਨੇ ਹੀਰੋ ਹਾਕੀ ਇੰਡੀਆ ਲੀਗ 2025-26 ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰ ਇਤਿਹਾਸ ਰੱਚ ਦਿੱਤਾ ਹੈ। ਊਨ੍ਹਾਂ ਨੇ ਆਸ ਵਿਅਕਤ ਕਰਦੇ ਹੋਏ ਕਿਹਾ ਕਿ ਇਹ ਆਉਣ ਵਾਲੇ ਟੂਰਨਾਮੈਂਟਸ ਵਿੱਚ ਵੀ ਦੇਸ਼ ਦਾ ਨਾਮ ਰੋਸ਼ਨ ਕਰਦੀ ਰਹੇਗੀ। ਸ੍ਰੀ ਵਿਜ ਨੇ ਕਿਹਾ ਕਿ ਸੂਬਾ ਸਰਕਾਰ ਖੇਡ ਪ੍ਰਤਿਭਾਵਾਂ ਨੂੰ ਪ੍ਰੋਤਸਾਹਿਤ ਕਰਨ ਲਈ ਸਦਾ ਵਚਨਬੱਧ ਹੈ।

ਗੌਰਤਲਬ ਹੈ ਕਿ ਭਾਰਤੀ ਮਹਿਲਾ ਹਾਕੀ ਟੀਮ ਦੀ ਉੱਪ ਕਪਤਾਨ ਨਵਨੀਤ ਕੌਰ ਨੇ ਐਸਜੀ ਪਾਈਪਰਸ ਦੀ ਕਪਤਾਨੀ ਕਰਦੇ ਹੋਏ ਆਪਣੀ ਟੀਮ ਨੂੰ ਫਾਈਨਲ ਵਿੱਚ ਜੇਤੂ ਬਣਾਇਆ। ਟੀਮ ਨੇ ਰਾਂਚੀ ਵਿੱਚ ਆਯੋਜਿਤ ਚੈਂਪੀਅਨਸ਼ਿਪ ਵਿੱਚ ਗੋਲਡ ਮੈਡਲ ਜਿੱਤਿਆ, ਜਦੋਂ ਕਿ ਨਵਨੀਤ ਕੌਰ ਨੂੰ ਨਾ ਸਿਰਫ ਉਨ੍ਹਾਂ ਦੇ ਦਫਤਰ ਵਿੱਚ ਮੁਲਾਕਾਤ ਕੀਤੀ। ਇਸ ਦੌਰਾਨ ਸ੍ਰੀ ਵਿਜ ਨੇ ਰਾਂਚੀ ਵਿੱਚ ਹੀਰੋ ਹਾਕੀ ਇੰਡੀਆ ਲੀਗ ਚੈਂਪੀਅਨ ਐਸਜੀ ਪਾਈਪਾਰਸ ਦੀ ਕਪਤਾਨ ਕਪਤਾਨ ਵਜੋ ਸਨਮਾਨਿਤ ਕੀਤਾ ਗਿਆ, ਸਗੋ ਉਨ੍ਹਾਂ ਨੂੰ ਚੈਂਪੀਅਨਸ਼ਿਪ ਦੀ ਸੱਭ ਤੋਂ ਵਧੀਆ ਖਿਡਾਰੀ ਦਾ ਖਿਤਾਬ ਵੀ ਪ੍ਰਦਾਨ ਕੀਤਾ ਗਿਆ।

# ਜਿਸ ਤਰ੍ਹਾਂ ਰਾਵਣ ਦਾ ਹੰਕਾਰ ਟੁੱਟਿਆ ਸੀ, ਇਸੇ ਤਰ੍ਹਾਂ ਆਮ ਆਦਮੀ ਪਾਰਟੀ ਦਾ ਵੀ ਟੁੱਟੇਗਾ : CM ਸੈਣੀ

**ਕੌਮੀ ਪਤ੍ਰਿਕਾ**

ਜਲੰਧਰ, 18 ਜਨਵਰੀ : ਸ਼ਰੀ ਰਾਮ ਨੌਮੀ ਉਤਸਵ ਕਮੇਟੀ ਵੱਲੋਂ ਪਦਮ ਸ਼ਰੀ ਵਿਜੇ ਚੋਪੜਾ ਦੀ ਪ੍ਰਧਾਨਗੀ ਹੇਠ ਕਲੱਬ ਕਬਾਨਾ ਵਿਚ ਧਾਰਮਿਕ ਕਮੇਟੀਆਂ ਦਾ ਸਨਮਾਨ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਪੰਜਾਬ ਭਰ ਵਿਚ ਸ਼?ਰੀ ਰਾਮ ਲੀਲਾ, ਦੁਸਹਿਰਾ, ਸ਼?ਰੀ ਰਾਮ ਦਰਬਾਰ, ਸ਼?ਰੀ ਭਗਵਤੀ ਜਗਰਾਤੇ ਅਤੇ ਲੋੜਵੰਦ ਪਰਿਵਾਰਾਂ ਨੂੰ ਮਹੀਨਾਵਾਰ ਰਾਸ਼ਨ ਵੰਡਣ ਵਾਲੀਆਂ ਸੰਸਥਾਵਾਂ, ਜੰਮੂ-ਕਸ਼ਮੀਰ ਦੇ ਉਜੜੇ ਹੋਏ ਲੋਕਾਂ ਲਈ ਰਾਸ਼ਨ ਦੇ ਟਰੱਕ ਭੇਜਣ ਵਾਲੀਆਂ, ਖ਼ੂਨਦਾਨ ਕੈਂਪ ਲਾਉਣ ਵਾਲੀਆਂ ਸੰਸਥਾਵਾਂ ਅਤੇ ਉਨ੍ਹਾਂ ਦੇ ਅਹੁਦੇਦਾਰਾਂ ਨੂੰ ਸਨਮਾਨਤ ਕੀਤਾ ਗਿਆ। ਇਸ ਸਮਾਗਮ ਵਿੱਚ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪੰਜਾਬ ਕੇਸਰੀ ਗਰੁੱਪ 'ਤੇ ਕੀਤੀ ਗਈ ਕਾਰਵਾਈ ਨੂੰ ਲੈ ਕੇ ਆਮ ਆਦਮੀ ਪਾਰਟੀ 'ਤੇ ਨਿਸ਼ਾਨਾ ਵਿੰਨ੍ਹਦੇ ਕਿਹਾ ਕਿ ਹੰਕਾਰ ਭਾਵੇਂ ਕਿੰਨਾ ਵੀ ਵੱਡਾ ਕਿਉਂ ਨਾ ਹੋਵੇ, ਉਸ ਦਾ ਅੰਤ ਨਿਸ਼ਚਿਤ ਹੁੰਦਾ। ਜਿਵੇਂ ਰਾਵਣ ਦਾ ਹੰਕਾਰ ਟੁੱਟਿਆ, ਉਵੇ ਹੀ ਸੱਚ ਨੂੰ ਪਰੇਸ਼ਾਨ ਕਰਨ ਵਾਲੀ ਆਮ ਆਦਮੀ ਪਾਰਟੀ ਦਾ ਵੀ ਟੁੱਟੇਗਾ। ਆਪਣੇ ਸੰਬੋਧਨ ਵਿਚ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਅੱਜ ਦਾ ਇਹ ਪ੍ਰੋਗਰਾਮ ਬੇਹੱਦ ਹੀ ਪ੍ਰੇਰਣਾਦਾਇਕ ਹੈ। ਇਹ ਸਨਮਾਨ ਸਮਾਰੋਹ ਸਿਰਫ਼ ਅੱਜ ਦਾ ਹੀ ਪ੍ਰੋਗਰਾਮ ਨਹੀਂ ਹੈ। ਇਹ ਪ੍ਰੋਗਰਾਮ ਪਿਛਲੇ 26 ਸਾਲਾਂ ਤੋਂ ਕਰਵਾਇਆ



ਜਾ ਰਿਹਾ ਹੈ,ਜੋਕਿ ਇਕ ਸ਼ਲਾਘਾਯੋਗ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਇਕ ਸਮਾਂ ਅੱਤਵਾਦ ਦਾ ਅਜਿਹਾ ਸਮਾਂ ਸੀ, ਜਦੋਂ ਲੋਕ ਘਰਾਂ ਵਿਚੋਂ ਬਾਹਰ ਨਿਕਲਣ ਤੋਂ ਵੀ ਡਰਦੇ ਸਨ ਪਰ ਉਸ ਸਮੇਂ ਵਿਚ ਵੀ ਸਾਡੇ ਸਾਹਸੀ ਕਲਾਕਾਰਾਂ ਨੇ ਸ਼?ਰੀ ਰਾਮਲੀਲਾ, ਦੁਸਹਿਰਾ ਦਾ ਤਿਉਹਾਰ, ਭਾਵੇਂ ਭਗਵਤੀ ਜਾਗਰਣ ਜਾਂ ਹੋਰ ਆਯੋਜਨ ਹੋਣ, ਉਨ੍ਹਾਂ ਨੇ ਬੰਦ ਨਹੀਂ ਹੋਣ ਦਿੱਤੇ। ਉਨ੍ਹਾਂ ਹਮੇਸ਼ਾ ਸੰਸਕ੍ਰਿਤੀ ਦੀ ਮਿਸਾਲ ਨੂੰ ਜਲਾ ਕੇ ਰੱਖਿਆ ਅਤੇ ਕਦੇ ਵੀ ਬੁੱਝਣ ਨਹੀਂ ਦਿੱਤਾ। ਇਸ ਮੌਕੇ ਉਨ੍ਹਾਂ ਨੇ ਰਾਮ ਭਗਤਾਂ ਨੂੰ ਸੰਬੋਧਨ ਕਰਦਿਆਂ ਜਿੱਥੇ ਧਰਮ ਅਤੇ ਸੰਸਕ੍ਰਿਤੀ ਦੀ ਮਹੱਤਤਾ 'ਤੇ ਜ਼ੋਰ ਦਿੱਤਾ, ਉੱਥੇ ਹੀ ਕਮੇਟੀ ਦੀਆਂ ਸਮਾਜ ਸੇਵੀ ਗਤੀਵਿਧੀਆਂ ਲਈ 11 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦੇਣ ਦਾ ਐਲਾਨ ਵੀ ਕੀਤਾ। ਅੱਜ ਦੇ ਸਮਾਗਮ ਵਿੱਚ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਦੀਆਂ ਲਗਭਗ 500 ਸੰਸਥਾਵਾਂ ਦੇ 1500 ਪ੍ਰਤੀਨਿਧੀਆਂ ਨੂੰ ਸਨਮਾਨਤ ਕੀਤਾ ਗਿਆ। ਨਾਇਬ ਸੈਣੀ ਨੇ ਕਿਹਾ ਕਿ ਸ਼?ਰੀ ਵਿਜੈ ਕੁਮਾਰ ਚੋਪੜਾ ਜੀ ਨੇ ਸਮਾਜ ਨੂੰ ਜਿਊਣ ਦੀ ਕਲਾ ਸਿਖਾਈ ਹੈ। ਉਹ ਲੋੜਵੰਦਾਂ ਦੀ ਮਦਦ ਦੀ ਮਦਦ ਕਰਨ ਲਈ ਹਮੇਸ਼ਾ ਅੱਗੇ ਰਹਿੰਦੇ ਹਨ। ਸੈਣੀ ਨੇ ਕਿਹਾ ਕਿ ਪੰਜਾਬ ਕੇਸਰੀ ਗਰੁੱਪ ਨੇ ਹਮੇਸ਼ਾ ਨਿਡਰ ਪੱਤਰਕਾਰੀ ਦਾ ਪਾਲਣ ਕੀਤਾ ਹੈ ਅਤੇ ਅੱਤਵਾਦ ਦੇ ਦੌਰ ਵਿੱਚ ਵੀ ਹਿੰਸਾ ਅੱਗੇ ਗੋਡੇ ਨਹੀਂ ਟੇਕੇ। ਉਨ੍ਹਾਂ ਸਰਕਾਰੀ ਤੰਤਰ ਵੱਲੋਂ ਸੰਸਥਾ ਨੂੰ ਪ੍ਰੇਸ਼ਾਨ ਕੀਤੇ ਜਾਣ ਦੀ ਨਿਖੇਧੀ ਕਰਦਿਆਂ ਕਿਹਾ ਕਿ ਸੱਚ ਦੀ ਆਵਾਜ਼ ਨੂੰ ਦਬਾਇਆ ਨਹੀਂ ਜਾ ਸਕਦਾ ਅਤੇ ਉਹ ਇਸ ਲੜਾਈ ਵਿੱਚ ਸੰਸਥਾ ਦੇ ਨਾਲ ਹਨ। ਜੇ ਕੋਈ ਸੋਚਦਾ ਹੈ ਕਿ ਉਹ ਪੰਜਾਬ ਕੇਸਰੀ ਨੂੰ ਡਰਾ ਸਕਦੇ ਹਨ, ਜਿਸ ਨੇ ਅੱਤਵਾਦ ਦੀਆਂ ਗੋਲ?ਆਂ ਦਾ ਸਾਹਮਣਾ ਕੀਤਾ ਹੈ ਤਾਂ ਉਹ ਗਲਤ ਹਨ। ਰਾਮਲੀਲਾ ਸਾਨੂੰ ਸਿਖਾਉਂਦੀ ਹੈ ਕਿ ਸ਼ਕਤੀ ਸੇਵਾ ਲਈ ਹੈ। ਅਸੀਂ ਰਾਮ ਦੇ ਜੀਵਨ ਤੋਂ ਇਹੀ ਪ੍ਰੇਰਨਾ ਲੈਂਦੇ ਹਾਂ। ਹਰਿਆਣਾ ਸਰਕਾਰ ਪ੍ਰੈੱਸ ਦੇ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ। ਐਮਰਜੈਂਸੀ ਦੌਰਾਨ ਵੀ, ਪੰਜਾਬ ਕੇਸਰੀ ਨੇ ਨਿਡਰਤਾ ਨਾਲ ਅਖਬਾਰ ਪ੍ਰਕਾਸ਼ਿਤ ਕੀਤਾ। ਪੰਜਾਬ ਕੇਸਰੀ ਦਹਾਕਿਆਂ ਤੋਂ ਘਰੇਲੂ ਅਤੇ ਵਿਦੇਸ਼ਾਂ ਵਿੱਚ ਪੱਤਰਕਾਰੀ ਜਗਤ ਦਾ ਇਕ ਮਹੱਤਵਪੂਰਨ ਹਿੱਸਾ ਰਿਹਾ ਹੈ। ਆਪਣੀ ਕਲਮ ਰਾਹੀਂ, ਇਹ ਸਭ ਤੋਂ ਅੱਗੇ ਖੜ੍ਹਾ ਹੈ, ਸਮਾਜ ਦੇ ਹਰ ਵਰਗ ਲਈ ਇਕ ਪਹਿਰੇਦਾਰ ਵਜੋਂ ਸੇਵਾ ਕਰਦਾ ਹੈ। ਅਜਿਹੀ ਸਥਿਤੀ ਵਿੱਚ ਪੰਜਾਬ ਸਰਕਾਰ ਦੁਆਰਾ ਕੀਤੀ ਗਈ ਕਾਰਵਾਈ ਪੂਰੀ ਤਰ੍ਹਾਂ ਨਿੰਦਣਯੋਗ ਹੈ। ਐਮਰਜੈਂਸੀ ਦੌਰਾਨ ਵੀ ਪੰਜਾਬ ਕੇਸਰੀ ਗਰੁੱਪ ਨੇ ਉਸ ਸਮੇਂ ਦੀ ਸਰਕਾਰ ਅੱਗੇ ਝੁਕਿਆ ਨਹੀਂ ਸੀ। ਜਦੋਂ ਪੰਜਾਬ ਕੇਸਰੀ ਦਫ਼ਤਰ ਨੂੰ ਬਿਜਲੀ ਸਪਲਾਈ ਕੱਟ ਦਿੱਤੀ ਗਈ ਸੀ, ਉਦੋਂ ਵੀ ਉਨ੍ਹਾਂ ਨੇ ਨਿਡਰਤਾ ਨਾਲ ਆਪਣੀਆਂ ਜ਼ਿੰਮੇਵਾਰੀਆਂ ਨਿਭਾਈਆਂ ਅਤੇ ਅਖਬਾਰ ਪੱਤਰਕਾਰੀ ਦੀ ਮਸ਼ਾਲ ਨੂੰ ਬਲਦੀ ਰੱਖਿਆ ਸੀ। ਮੈਂ ਪੰਜਾਬ ਕੇਸਰੀ ਦੀ ਇਸ ਲੜਾਈ ਵਿੱਚ ਤੁਹਾਡੇ ਨਾਲ ਹਾਂ। ਤੁਹਾਨੂੰ ਹਮੇਸ਼ਾ ਇਸ ਤਰ੍ਹਾਂ ਲਿਖਦੇ ਰਹਿਣਾ ਚਾਹੀਦਾ ਹੈ। ਨਿਰਪੱਖ ਅਤੇ ਤੱਥ-ਆਧਾਰਤ ਖ਼ਬਰਾਂ ਪ੍ਰਕਾਸ਼ਤ ਕਰਨ ਤੋਂ ਤੁਰੰਤ ਬਾਅਦ, ਵੱਖ-ਵੱਖ ਵਿਭਾਗਾਂ ਦੁਆਰਾ ਇਕ ਤੋਂ ਬਾਅਦ ਇਕ ਸੰਗਠਨ 'ਤੇ ਛਾਪੇਮਾਰੀ ਕਰਨਾ ਕਾਨੂੰਨ ਅਤੇ ਵਿਵਸਥਾ ਦੀ ਕਾਰਵਾਈ ਨਹੀਂ ਹੈ, ਸਗੋਂ ਲੋਕਤੰਤਰ ਵਿੱਚ ਮੀਡੀਆ ਦੀ ਭੂਮਿਕਾ ਨੂੰ ਦਬਾਉਣ ਦੀ ਇਕ ਖ਼ਤਰਨਾਕ ਕੋਸ਼ਿਸ਼ ਹੈ।

# ਪਰਗਟ ਸਿੰਘ ਦਾ CM ਮਾਨ ਨੂੰ ਤਿੱਖਾ ਸਵਾਲ: 'ਬੀਜ਼ ਬਿੱਲ' 'ਤੇ ਬੋਲੇ ਪਰ ਪੰਜਾਬ ਵਿਰੋਧੀ ਬਾਕੀ ਕਾਨੂੰਨਾਂ 'ਤੇ ਚੁੱਪੀ ਕਿਉ

ਚੰਡੀਗੜ੍ਹ, 18 ਜਨਵਰੀ : ਪੰਜਾਬ ਦੀ ਸਿਆਸਤ ਵਿੱਚ ਕੇਂਦਰੀ ਕਾਨੂੰਨਾਂ ਨੂੰ ਲੈ ਕੇ ਇੱਕ ਵਾਰ ਫਿਰ ਗਹਿਮਾ-ਗਹਿਮੀ ਤੇਜ਼ ਹੋ ਗਈ ਹੈ। ਕਾਂਗਰਸੀ ਵਿਧਾਇਕ ਪਰਗਟ ਸਿੰਘ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਤਿੱਖਾ ਨਿਸ਼ਾਨਾ ਸਾਧਦੇ ਹੋਏ ਉਨ੍ਹਾਂ 'ਤੇ ਕੇਂਦਰ ਸਰਕਾਰ ਦੇ ਕਥਿਤ 'ਪੰਜਾਬ ਵਿਰੋਧੀ' ਬਿੱਲਾਂ 'ਤੇ ਚੁੱਪੀ ਧਾਰਨ ਦੇ ਦੋਸ਼ ਲਾਏ ਹਨ। ਪਰਗਟ ਸਿੰਘ ਨੇ ਕਿਹਾ ਕਿ ਦੇਸ਼ ਦੇ ਗ੍ਰਹਿ ਮੰਤਰੀ ਨਾਲ ਮੀਟਿੰਗ ਤੋਂ ਬਾਅਦ ਮੁੱਖ ਮੰਤਰੀ ਸਿਰਫ਼ 'ਬੀਜ਼ ਬਿੱਲ' (Bees Bill) ਦੀ ਗੱਲ ਕਰ ਰਹੇ ਹਨ। ਉਨ੍ਹਾਂ ਸਵਾਲ ਉਠਾਇਆ ਕਿ ਪਿਛਲੇ ਦੋ ਵਿਧਾਨ ਸਭਾ ਸੈਸ਼ਨਾਂ ਦੌਰਾਨ ਕੇਂਦਰ ਵੱਲੋਂ ਸੂਬਿਆਂ 'ਤੇ ਮੜ੍ਹੇ ਜਾ ਰਹੇ ਪੰਜਾਬ ਵਿਰੋਧੀ ਬਿੱਲਾਂ ਵਿਰੁੱਧ ਸਖ਼ਤ ਮਤਾ ਲਿਆਉਣ ਦੀ ਮੰਗ ਕੀਤੀ ਗਈ ਸੀ, ਪਰ ਮੁੱਖ ਮੰਤਰੀ ਇਨ੍ਹਾਂ ਬਾਕੀ ਬਿੱਲਾਂ 'ਤੇ ਪੂਰੀ ਤਰ੍ਹਾਂ ਚੁੱਪ ਹਨ।



ਪਰਗਟ ਸਿੰਘ ਨੇ ਮੁੱਖ ਮੰਤਰੀ ਦੀ ਸਥਿਤੀ 'ਤੇ ਹੈਰਾਨੀ ਪ੍ਰਗਟ ਕਰਦਿਆਂ ਕਿਹਾ ਕਿ ਮਨਰੇਗਾ ਦੀ ਥਾਂ ਲਿਆਂਦੇ ਗਏ VB-GramG ਕਾਨੂੰਨ ਅਤੇ ਸੂਬਿਆਂ 'ਤੇ ਲਗਾਤਾਰ ਵਧਾਏ ਜਾ ਰਹੇ ਵਿੱਤੀ ਬੋਝ ਬਾਰੇ ਵੀ ਭਗਵੰਤ ਮਾਨ ਨੇ ਇੱਕ ਸ਼ਬਦ ਨਹੀਂ ਬੋਲਿਆ। ਉਨ੍ਹਾਂ ਅਨੁਸਾਰ ਇਹ ਮੁੱਦੇ ਪੰਜਾਬ ਦੀ ਆਰਥਿਕਤਾ ਅਤੇ ਲੋਕਾਂ ਲਈ ਬੇਹੱਦ ਗੰਭੀਰ ਹਨ। ਉਨ੍ਹਾਂ ਨੇ ਬਿਜਲੀ ਸੋਧ ਬਿੱਲ ਅਤੇ ਉਚੇਰੀ ਸਿੱਖਿਆ ਦੇ ਕੇਂਦਰੀਕਰਨ ਵਾਲੇ ਬਿੱਲਾਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਪਾਰਲੀਮੈਂਟ ਸੈਸ਼ਨ ਤੋਂ ਪਹਿਲਾਂ ਇਨ੍ਹਾਂ ਸਾਰੇ ਕਾਨੂੰਨਾਂ ਖ਼?ਲਾਫ਼ ਇਕਜੁੱਟ ਹੋ ਕੇ ਸਖ਼ਤ ਵਿਰੋਧ ਦਰਜ ਕਰਵਾਇਆ ਜਾਵੇ। ਉਨ੍ਹਾਂ ਮੰਗ ਕੀਤੀ ਕਿ ਮੋਦੀ ਸਰਕਾਰ ਨੂੰ ਇਨ੍ਹਾਂ ਬਿੱਲਾਂ 'ਤੇ ਅੱਗੇ ਵਧਣ ਤੋਂ ਰੋਕਣ ਲਈ ਪੰਜਾਬ ਨੂੰ ਮਜ਼ਬੂਤੀ ਨਾਲ ਆਪਣਾ ਪੱਖ ਰੱਖਣਾ ਚਾਹੀਦਾ ਹੈ।

## ਸ਼ਰੀਲੰਕਾ ਦੀ ਯਾਤਰਾ ਕਰਨ ਵਾਲੇ ਵਿਦੇਸ਼ੀ ਸੈਲਾਨੀਆਂ 'ਚ ਸਭ ਤੋਂ ਅੱਗੇ ਰਹੇ ਭਾਰਤੀ

ਕੋਲੰਬੋ, 18 ਜਨਵਰੀ : ਸਾਲ 2025 'ਚ ਕੁੱਲ 23 ਲੱਖ ਸੈਲਾਨੀਆਂ ਨੇ ਸ਼?ਰੀਲੰਕਾ ਦੀ ਯਾਤਰਾ ਕੀਤੀ, ਜਿਨ੍ਹਾਂ 'ਚ ਸਭ ਤੋਂ ਵੱਧ ਗਿਣਤੀ ਭਾਰਤੀਆਂ ਦੀ ਰਹੀ। ਸੈਰ-ਸਪਾਟਾ ਅਥਾਰਟੀ ਦੇ ਅੰਕੜਿਆਂ 'ਚ ਇਹ ਜਾਣਕਾਰੀ ਦਿੱਤੀ ਗਈ ਹੈ। ਇਕ ਅਧਿਕਾਰਤ ਬਿਆਨ 'ਚ ਕਿਹਾ ਗਿਆ ਹੈ ਕਿ ਭਾਰਤ ਤੋਂ ਵੱਡੀ ਗਿਣਤੀ 'ਚ ਸੈਲਾਨੀ ਆ ਰਹੇ ਹਨ ਅਤੇ ਸਾਲ 2025 'ਚ ਕੁੱਲ 5,31,511 ਭਾਰਤੀ ਸੈਲਾਨੀਆਂ ਨੇ ਸ਼?ਰੀਲੰਕਾ ਦੀ ਯਾਤਰਾ ਕੀਤੀ। ਬਿਆਨ 'ਚ ਕਿਹਾ ਗਿਆ ਹੈ ਕਿ 2024 ਦੀ ਤੁਲਨਾ 'ਚ 2025 'ਚ 1,14,000 ਤੋਂ ਵੱਧ ਭਾਰਤੀ ਸੈਲਾਨੀਆਂ ਨੇ ਸ਼?ਰੀਲੰਕਾ ਦੀ ਯਾਤਰਾ ਕੀਤੀ। ਅੰਕੜਿਆਂ ਅਨੁਸਾਰ ਦੂਜੇ ਸਥਾਨ 'ਤੇ ਬ੍ਰਿਟੇਨ ਰਿਹਾ, ਜਿਸ ਦੇ 21,227 ਸੈਲਾਨੀਆਂ ਨੇ ਸ਼?ਰੀਲੰਕਾ ਦੀ ਯਾਤਰਾ ਕੀਤੀ।

## ਪੰਜਾਬ ਕੇਸਰੀ ਸਿਰਫ਼ ਇਕ ਅਖ਼ਬਾਰ ਨਹੀਂ ਸਗੋਂ ਲੋਕਰਾਜ ਦਾ ਪਹਿਰੇਦਾਰ ਵੀ : ਸ਼ਾਂਤਾ ਕੁਮਾਰ

ਪਾਲਮਪੁਰ, 18 ਜਨਵਰੀ : ਹਿਮਾਚਲ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਤੇ ਸਾਬਕਾ ਕੇਂਦਰੀ ਮੰਤਰੀ ਸ਼ਾਂਤਾ ਕੁਮਾਰ ਨੇ ਦੁਬਈ ਤੋਂ ਜਾਰੀ ਇਕ ਪ੍ਰੈੱਸ ਰਿਲੀਜ਼ 'ਚ ਪੰਜਾਬ ਕੇਸਰੀ ਗਰੁੱਪ ਦੇ ਅਦਾਰਿਆਂ 'ਤੇ ਪੰਜਾਬ ਸਰਕਾਰ ਵੱਲੋਂ ਮਾਰੇ ਗਏ ਛਾਪਿਆਂ 'ਤੇ ਡੂੰਘੀ ਚਿੰਤਾ ਤੇ ਦੁੱਖ ਪ੍ਰਗਟ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਕੇਸਰੀ ਸਿਰਫ਼ ਇਕ ਅਖ਼ਬਾਰ ਨਹੀਂ



ਸਗੋਂ ਲੋਕਰਾਜ ਦਾ ਪਹਿਰੇਦਾਰ ਵੀ ਹੈ। ਲਾਲਾ ਜਗਤ ਨਾਰਾਇਣ ਜੀ ਦੇ ਸਮੇਂ ਤੋਂ ਪੰਜਾਬ ਕੇਸਰੀ ਦਾ ਬਹੁਤ ਅਹਿਮ ਯੋਗਦਾਨ ਦੇਸ਼ ਦੇ ਲੋਕਰਾਜ ਨੂੰ ਮਿਲਿਆ ਹੈ। ਜਦੋਂ ਇੰਦਰਾ ਗਾਂਧੀ ਦੇ ਸਮੇਂ ਐਮਰਜੈਂਸੀ ਲਾਈ ਗਈ ਸੀ ਤੇ ਅਖ਼ਬਾਰਾਂ 'ਤੇ ਹਰ ਤਰ੍ਹਾਂ ਦੀਆਂ ਪਾਬੰਦੀਆਂ ਲਾਈਆਂ ਗਈਆਂ ਸਨ, ਉਦੋਂ ਵੀ ਪੰਜਾਬ ਕੇਸਰੀ ਗਰੁੱਪ ਲੋਕਰਾਜ ਲਈ ਲੜਦਾ ਰਿਹਾ। ਸ਼ਾਂਤਾ ਕੁਮਾਰ ਨੇ ਕਿਹਾ ਕਿ ਪੰਜਾਬ ਕੇਸਰੀ ਗਰੁੱਪ ਨੇ ਦੇਸ਼ ਤੇ ਲੋਕਰਾਜ ਦੀ ਰਾਖੀ ਲਈ ਸਿਰਫ਼ ਇਕ ਨਹੀਂ, ਆਪਣੇ ਕਈ ਮੈਂਬਰਾਂ ਦੀ ਕੁਰਬਾਨੀ ਦਿੱਤੀ ਹੈ। ਇਸ ਲਈ ਪੰਜਾਬ ਸਰਕਾਰ ਦੀ ਇਹ ਘਿਨਾਉਣੀ ਕਾਰਵਾਈ ਪੂਰੀ ਤਰ੍ਹਾਂ ਬੇਇਨਸਾਫ਼ੀ ਵਾਲੀ ਹੈ।

ਉਨ੍ਹਾਂ ਪੰਜਾਬ ਦੀ 'ਆਪ' ਸਰਕਾਰ ਦੀ ਸਖ਼ਤ ਨਿੰਦਾ ਕਰਦਿਆਂ ਕਿਹਾ ਕਿ ਸਰਕਾਰ ਨੂੰ ਅਜਿਹੇ ਤਾਨਾਸ਼ਾਹੀ ਵਾਲੇ ਰਵੱਈਏ ਤੋਂ ਦੂਰ ਰਹਿ ਕੇ ਪ੍ਰੈੱਸ ਦੀ ਆਜ਼ਾਦੀ ਬਣਾਈ ਰੱਖਣ 'ਚ ਯੋਗਦਾਨ ਪਾਉਣਾ ਚਾਹੀਦਾ ਹੈ।

## ਰੇਲਵੇ ਟਿਕਟ ਦੇ ਮਾਮੂਲੀ ਝਗੜੇ ਨੇ ਧਾਰਿਆ ਹਿੰਸਕ ਰੂਪ, ਨੌਜਵਾਨਾਂ ਨੇ ਘਰ 'ਚ ਦਾਖਲ ਹੋ ਕੇ ਕੀਤੀ ਭੰਨਤੋੜ

ਅੰਮ੍ਰਿਤਸਰ, 18 ਜਨਵਰੀ : ਥਾਣਾ ਬੀ-ਡਵੀਜ਼ਨ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਸ਼ਹੀਦ ਊਧਮ ਸਿੰਘ ਨਗਰ ਖੇਤਰ 'ਚ ਦੋ ਪਰਿਵਾਰਾਂ ਵਿਚਕਾਰ ਰੇਲਵੇ ਟਿਕਟ ਨੂੰ ਲੈ ਕੇ ਹੋਇਆ ਮਾਮੂਲੀ ਝਗੜਾ ਹਿੰਸਕ ਟਕਰਾਅ 'ਚ ਬਦਲ ਗਿਆ। ਇਸ ਘਟਨਾ ਵਿਚ ਦੋਵਾਂ ਪਰਿਵਾਰਾਂ ਦੇ ਮੈਂਬਰ ਜ਼ਖਮੀ ਹੋ ਗਏ। ਪੂਰੀ ਘਟਨਾ ਦੀ ਵੀਡੀਓ ਸਾਹਮਣੇ ਆਈ ਹੈ ਅਤੇ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਅਨੁਸਾਰ ਝਗੜਾ ਹਜ਼ੂਰ ਸਾਹਿਬ ਜਾਣ ਲਈ ਰੇਲਵੇ ਟਿਕਟਾਂ ਦੀ ਉਡੀਕ ਕਰਨ ਨੂੰ ਲੈ ਕੇ ਹੋਈ ਬਹਿਸ ਨਾਲ ਸ਼ੁਰੂ ਹੋਇਆ ਸੀ। ਇਕ ਪਰਿਵਾਰ ਨੇ ਦੂਜੇ ਪਰਿਵਾਰ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ, ਜਿਸ ਨਾਲ ਕਈ ਲੋਕ ਜ਼ਖਮੀ ਹੋ ਗਏ। ਉਸੇ ਰਾਤ ਬਾਅਦ 'ਚ ਦੂਜਾ ਪਰਿਵਾਰ ਕਥਿਤ ਤੌਰ 'ਤੇ ਆਪਣੇ ਸਹੁਰੇ ਘਰ ਗਿਆ। ਹਮਲਾਵਰਾਂ ਨੇ ਮੁੱਖ ਗੇਟ ਤੋੜ ਦਿੱਤਾ, ਇਕ ਮੋਟਰਸਾਈਕਲ ਕੱਢਿਆ ਅਤੇ ਫਿਰ ਘਰ 'ਚ ਦਾਖਲ ਹੋ ਕੇ ਭੰਨਤੋੜ ਕੀਤੀ। ਘਟਨਾ ਦੀ ਇਕ ਵੀਡੀਓ ਵੀ ਸਾਹਮਣੇ ਆਈ ਹੈ। ਸਾਹਮਣੇ ਆਈ ਫੁਟੇਜ 'ਚ 10-15 ਨੌਜਵਾਨ ਤੇਜ਼ਧਾਰ ਹਥਿਆਰਾਂ ਨਾਲ ਲੈਸ, ਗਾਲੀ-ਗਲੋਚ ਕਰਦੇ ਅਤੇ ਫਿਰ ਘਰ 'ਚ ਦਾਖਲ ਹੁੰਦੇ ਅਤੇ ਭੰਨ-ਤੋੜ ਕਰਦੇ ਦਿਖਾਈ ਦੇ ਰਹੇ ਹਨ। ਹਮਲਾਵਰਾਂ ਦਾ ਹਮਲਾਵਰ ਰਵੱਈਆ ਸਾਫ਼ ਦਿਖਾਈ ਦੇ ਰਿਹਾ ਹੈ। ਪੀੜਤਾਂ 'ਚੋਂ ਇਕ ਦੀ ਨੂੰਹ ਨੇ ਦੋਸ਼ ਲਾਇਆ ਹੈ ਕਿ ਉਸ ਦੇ ਸਹੁਰੇ ਅਤੇ ਉਸ ਦੀ ਭੂਆ ਸੱਸ ਦੇ ਪੁੱਤਰ ਅਭੈ ਨੇ 10-15 ਹੋਰ ਨੌਜਵਾਨਾਂ ਨਾਲ ਮਿਲ ਕੇ ਦੇਰ ਰਾਤ ਜ਼ਬਰਦਸਤੀ ਉਸ ਦੇ ਪੇਕੇ ਘਰ 'ਚ ਦਾਖਲ ਹੋਏ, ਘਰ ਵਿਚ ਭੰਨ-ਤੋੜ ਕੀਤੀ ਅਤੇ ਪਰਿਵਾਰਕ ਮੈਂਬਰਾਂ 'ਤੇ ਹਮਲਾ ਕੀਤਾ। ਹਮਲੇ 'ਚ ਉਸ ਦੀ ਚਾਚੀ ਗੰਭੀਰ ਜ਼ਖਮੀ ਹੋ ਗਈ ਸੀ ਅਤੇ ਇਸ ਸਮੇਂ ਹਸਪਤਾਲ 'ਚ ਦਾਖਲ ਹੈ। ਪੀੜਤਾ ਦਾ ਦਾਅਵਾ ਹੈ ਕਿ ਝਗੜਾ ਪੈਸਿਆਂ ਕਾਰਨ ਹੋਇਆ ਸੀ। ਉਨ੍ਹਾਂ ਕਿਹਾ ਕਿ ਉਸ ਦੇ ਸਹੁਰੇ ਨੇ ਦਾਅਵਾ ਕੀਤਾ ਕਿ ਟਿਕਟਾਂ ਲਈ ਦਿੱਤੇ ਪੈਸੇ ਵਾਪਸ ਨਹੀਂ ਕੀਤੇ ਗਏ ਸਨ। ਬਹਿਸ ਵਧ ਗਈ, ਜਿਸ ਕਾਰਨ ਹਿੰਸਕ ਝਗੜਾ ਹੋਇਆ। ਥਾਣਾ ਬੀ ਡਵੀਜ਼ਨ ਦੇ ਇੰਚਾਰਜ ਔਲਖ ਨੇ ਦੱਸਿਆ ਕਿ ਘਟਨਾ ਦੀ ਜਾਣਕਾਰੀ ਮਿਲਣ 'ਤੇ ਪੁਲਸ ਮੌਕੇ 'ਤੇ ਪਹੁੰਚੀ ਅਤੇ ਸਥਿਤੀ ਨੂੰ ਕਾਬੂ 'ਚ ਲਿਆਂਦਾ। ਉਨ੍ਹਾਂ ਦੱਸਿਆ ਕਿ ਇਹ ਦੋ ਪਰਿਵਾਰਾਂ ਵਿਚਕਾਰ ਝਗੜਾ ਸੀ। ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਪਹਿਲਾਂ ਇਕ ਪਰਿਵਾਰ ਨੇ ਹਮਲਾ ਕੀਤਾ, ਜਿਸ ਤੋਂ ਬਾਅਦ ਦੂਜੇ ਪੱਖ ਨੇ ਘਰ 'ਚ ਦਾਖਲ ਹੋ ਕੇ ਭੰਨਤੋੜ ਕਰ ਕੇ ਜਵਾਬੀ ਕਾਰਵਾਈ ਕੀਤੀ। ਅਧਿਕਾਰੀ ਨੇ ਦੱਸਿਆ ਕਿ ਝਗੜੇ 'ਚ ਦੋਵਾਂ ਧਿਰਾਂ ਨੂੰ ਸੱਟਾਂ ਲੱਗੀਆਂ ਹਨ। ਜ਼ਖਮੀਆਂ ਦੀਆਂ ਮੈਡੀਕਲ ਰਿਪੋਰਟਾਂ ਦੀ ਉਡੀਕ ਹੈ।

## 5 ਕਰੋੜ ਦਾ ਸੋਨਾ ਪਹਿਨ ਮਾਘ ਮੇਲੇ 'ਚ ਘੁੰਮ ਰਿਹਾ 'ਗੂਗਲ ਗੋਲਡਨ ਬਾਬਾ', ਯੋਗੀ ਨੂੰ PM ਬਣਾਉਣ ਲਈ ਲਿਆ ਵੱਡਾ ਪ੍ਰਣ

**ਕੌਮੀ ਪਤ੍ਰਿਕਾ**

ਪ੍ਰਯਾਗਰਾਜ, 18 ਜਨਵਰੀ : ਉੱਤਰ ਪ੍ਰਦੇਸ਼ ਦੇ ਪ੍ਰਯਾਗਰਾਜ 'ਚ ਸੰਗਮ ਤਟ 'ਤੇ ਲੱਗੇ ਮਾਘ ਮੇਲੇ 'ਚ ਇੰਨੀਂ ਦਿਨੀਂ ਇਕ ਬਾਬਾ ਆਪਣੀ ਵੱਖਰੀ ਦਿੱਖ ਅਤੇ ਅਨੋਖੇ ਅੰਦਾਜ਼ ਕਾਰਨ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ। ਕਾਨਪੁਰ ਦਾ ਰਹਿਣ ਵਾਲੇ ਮਨੋਜ ਆਨੰਦ, ਜਿਸ ਨੂੰ ਦੁਨੀਆ 'ਗੂਗਲ ਗੋਲਡਨ ਬਾਬਾ' ਦੇ ਨਾਮ ਨਾਲ ਜਾਣਦੀ ਹੈ, ਆਪਣੇ ਸਰੀਰ 'ਤੇ ਕਰੋੜਾਂ ਰੁਪਏ ਦੇ ਸੋਨੇ-ਚਾਂਦੀ ਦੇ ਗਹਿਣੇ ਪਹਿਨ ਕੇ ਮੇਲੇ ਦੀ ਰੌਣਕ ਵਧਾ ਰਹੇ ਹਨ। ਗੋਲਡਨ ਬਾਬਾ ਨੇ ਆਪਣੇ ਸਰੀਰ 'ਤੇ ਲਗਭਗ 5 ਕਰੋੜ ਰੁਪਏ ਦੀ ਕੀਮਤ ਦੇ ਗਹਿਣੇ ਪਹਿਨੇ ਹੋਏ ਹਨ। ਉਨ੍ਹਾਂ ਦੇ ਸਿਰ 'ਤੇ ਕਈ ਕਿੱਲੋ ਭਾਰੀ ਚਾਂਦੀ ਦਾ ਮੁਕਟ ਸਜਿਆ ਹੋਇਆ ਹੈ, ਜਿਸ 'ਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੀ ਤਸਵੀਰ ਲੱਗੀ ਹੋਈ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਹੱਥਾਂ 'ਚ ਦੇਵੀ-ਦੇਵਤਿਆਂ ਦੀਆਂ ਆਕ੍ਰਿਤੀਆਂ ਵਾਲੀਆਂ ਅੰਗੂਠੀਆਂ ਅਤੇ ਗਲੇ 'ਚ ਸੋਨੇ-ਚਾਂਦੀ ਦਾ ਸ਼ੰਖ ਵੀ ਪਾਇਆ ਹੋਇਆ ਹੈ। ਬਾਬਾ ਹਮੇਸ਼ਾ ਆਪਣੇ ਹੱਥਾਂ 'ਚ ਸੋਨੇ ਦੇ ਬਣੇ 'ਲੱਡੂ ਗੋਪਾਲ' ਦੀ ਮੂਰਤੀ ਲੈ ਕੇ ਚੱਲਦੇ ਹਨ। ਗੋਲਡਨ ਬਾਬਾ ਕੇਵਲ ਆਪਣੇ ਗਹਿਣਿਆਂ ਲਈ ਹੀ ਨਹੀਂ, ਬਲਕਿ ਆਪਣੇ ਇਕ ਕਠੋਰ ਸੰਕਲਪ ਲਈ ਵੀ ਚਰਚਾ 'ਚ ਹਨ। ਉਨ੍ਹਾਂ ਨੇ



ਪ੍ਰਣ ਲਿਆ ਹੈ ਕਿ ਜਦੋਂ ਤੱਕ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੇਸ਼ ਦੇ ਪ੍ਰਧਾਨ ਮੰਤਰੀ ਨਹੀਂ ਬਣ ਜਾਂਦੇ, ਉਦੋਂ ਤੱਕ ਉਹ ਨੰਗੇ ਪੈਰ ਹੀ ਰਹਿਣਗੇ। ਦੱਸਣਯੋਗ ਹੈ ਕਿ ਬਾਬਾ ਪਹਿਲਾਂ 5 ਲੱਖ ਰੁਪਏ ਦੀ ਕੀਮਤ ਦੀਆਂ ਚਾਂਦੀ ਦੀਆਂ ਚੱਪਲਾਂ ਪਹਿਨਦੇ ਸਨ, ਪਰ ਹੁਣ ਉਨ੍ਹਾਂ ਨੇ ਇਸ ਤਿਆਗ ਦਾ ਰਸਤਾ ਚੁਣਿਆ ਹੈ। ਉਨ੍ਹਾਂ ਦੇ ਭਗਵੇਂ ਕੱਪੜਿਆਂ 'ਤੇ ਵੀ ਯੋਗੀ ਆਦਿੱਤਿਆਨਾਥ ਨੂੰ ਪ੍ਰਧਾਨ ਮੰਤਰੀ ਬਣਾਉਣ ਵਾਲਾ ਪੋਸਟਰ ਛਪਿਆ ਹੋਇਆ ਹੈ। ਜਦੋਂ ਬਾਬਾ ਨੂੰ ਉਨ੍ਹਾਂ ਦੇ ਅਨੋਖੇ ਨਾਮ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਦੱਸਿਆ ਕਿ ਜਦੋਂ ਤੁਸੀਂ ਉਨ੍ਹਾਂ ਨੂੰ ਗੂਗਲ 'ਤੇ ਸਰਚ ਕਰਦੇ ਹੋ, ਤਾਂ ਉਹ ਤੁਰੰਤ ਪ੍ਰਗਟ ਹੋ ਜਾਂਦੇ ਹਨ, ਇਸੇ ਕਾਰਨ ਲੋਕ ਉਨ੍ਹਾਂ ਨੂੰ 'ਗੂਗਲ ਗੋਲਡਨ ਬਾਬਾ' ਕਹਿੰਦੇ ਹਨ। ਬਾਬਾ ਪਿਛਲੇ 20 ਸਾਲਾਂ ਤੋਂ ਇਸੇ ਵੇਸ਼ਭੂਸ਼ਾ 'ਚ ਰਹਿ ਰਹੇ ਹਨ ਅਤੇ ਉਨ੍ਹਾਂ ਅਨੁਸਾਰ ਉਹ ਪੈਦਾਇਸ਼ੀ ਅਮੀਰ ਹਨ। ਇੰਨਾ ਸੋਨਾ ਪਹਿਨਣ ਦੇ ਬਾਵਜੂਦ ਬਾਬਾ ਨੂੰ ਕਿਸੇ ਲੁੱਟ-ਖੋਹ ਜਾਂ ਚੋਰੀ ਦਾ ਡਰ ਨਹੀਂ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ 'ਲੱਡੂ ਗੋਪਾਲ' ਹਮੇਸ਼ਾ ਉਨ੍ਹਾਂ ਦੇ ਨਾਲ ਹਨ ਅਤੇ ਉਹ ਆਪਣੇ ਪ੍ਰਭੂ ਦੀ ਛਤਰ-ਛਾਇਆ ਹੇਠ ਪੂਰੀ

## ਹੁਣ ਬੇਸਹਾਰਾ ਪਸ਼ੂ ਪਾਲਣ 'ਤੇ ਮਿਲੇਗੀ 12 ਹਜ਼ਾਰ ਰੁਪਏ ਮਹੀਨਾ ਤਨਖਾਹ

ਨੈਸ਼ਨਲ ਡੈਸਕ, 18 ਜਨਵਰੀ : ਉੱਤਰਾਖੰਡ ਸਰਕਾਰ ਨੇ ਸੜਕਾਂ ਅਤੇ ਖੇਤਾਂ ਵਿੱਚ ਘੁੰਮ ਰਹੇ ਆਵਾਰਾ ਪਸ਼ੂਆਂ ਦੀ ਸਮੱਸਿਆ ਨੂੰ ਹੱਲ ਕਰਨ ਲਈ ਇੱਕ ਨਵੇਕਲੀ ਪਹਿਲ ਕੀਤੀ ਹੈ। ਸਰਕਾਰ ਵੱਲੋਂ ਦੋ ਨਵੀਆਂ ਯੋਜਨਾਵਾਂ ਸ਼ੁਰੂ ਕੀਤੀਆਂ ਗਈਆਂ ਹਨ, ਜਿਨ੍ਹਾਂ ਤਹਿਤ ਆਵਾਰਾ ਪਸ਼ੂਆਂ ਨੂੰ ਆਸਰਾ ਦੇਣ ਵਾਲੇ ਲੋਕ ਹਰ ਮਹੀਨੇ 12 ਹਜ਼ਾਰ ਰੁਪਏ ਤੱਕ ਦੀ ਕਮਾਈ ਕਰ ਸਕਦੇ ਹਨ। ਪਸ਼ੂ ਪਾਲਣ ਵਿਭਾਗ ਦੀਆਂ ਇਹ ਯੋਜਨਾਵਾਂ ਵਿਸ਼ੇਸ਼ ਤੌਰ 'ਤੇ ਸਿਰਫ਼ ਪੇਂਡੂ ਖੇਤਰਾਂ ਲਈ ਤਿਆਰ ਕੀਤੀਆਂ ਗਈਆਂ ਹਨ। ਪਿਥੌਰਾਗੜ੍ਹ ਦੇ ਮੁੱਖ ਪਸ਼ੂ ਚਿਕਿਤਸਾ ਅਧਿਕਾਰੀ (ਸੀ.ਵੀ.ਓ.) ਡਾ. ਯੋਗਸ਼ ਸ਼ਰਮਾ ਨੇ ਦੱਸਿਆ ਕਿ ਇਨ੍ਹਾਂ ਯੋਜਨਾਵਾਂ ਦਾ ਮੁੱਖ ਮਕਸਦ ਬੇਸਹਾਰਾ ਪਸ਼ੂਆਂ ਨੂੰ ਰਹਿਣ ਲਈ ਆਸਰਾ, ਭੋਜਨ ਅਤੇ ਸਿਹਤ ਸੇਵਾਵਾਂ ਮੁਹੱਈਆ ਕਰਵਾਉਣਾ ਹੈ।

# ਅੰਮ੍ਰਿਤ ਭਾਰਤ ਐਕਸਪ੍ਰੈੱਸ 'ਚ ਨਹੀਂ ਮਿਲੇਗੀ RAC ਸੀਟ, ਰੇਲਵੇ ਨੇ ਕਿਰਾਏ ਤੇ ਕੋਟੇ ਸਬੰਧੀ ਬਣਾਏ ਨਵੇਂ ਨਿਯਮ

**ਕੌਮੀ ਪਤ੍ਰਿਕਾ**

ਬਿਜ਼ਨੈੱਸ ਡੈਸਕ : ਭਾਰਤੀ ਰੇਲਵੇ ਰੇਲ ਯਾਤਰੀਆਂ ਨੂੰ ਬਿਹਤਰ ਅਤੇ ਵਧੇਰੇ ਸੁਵਿਧਾਜਨਕ ਸੇਵਾਵਾਂ ਪ੍ਰਦਾਨ ਕਰਨ ਲਈ ਕਈ ਜ਼ਰੂਰੀ ਬਦਲਾਅ ਕਰ ਰਿਹਾ ਹੈ। ਇਸ ਸੰਬੰਧ ਵਿੱਚ ਭਾਰਤੀ ਰੇਲਵੇ ਨੇ ਜਨਵਰੀ 2026 ਤੋਂ ਸ਼ੁਰੂ ਹੋਣ ਵਾਲੀਆਂ ਨਵੀਆਂ ਅੰਮ੍ਰਿਤ ਭਾਰਤ ਐਕਸਪ੍ਰੈੱਸ ਟ?ਰੇਨਾਂ ਲਈ ਨਵੇਂ ਨਿਯਮ ਪੇਸ਼ ਕੀਤੇ ਹਨ। ਜਨਵਰੀ 2026 ਵਿੱਚ ਜਾਂ ਇਸ ਤੋਂ ਬਾਅਦ ਸ਼ੁਰੂ ਹੋਣ ਵਾਲੀਆਂ ਅੰਮ੍ਰਿਤ ਭਾਰਤ ਟ?ਰੇਨਾਂ ਅੰਮ੍ਰਿਤ ਭਾਰਤ 99 ਤਹਿਤ ਚੱਲਣਗੀਆਂ। ਅੰਮ੍ਰਿਤ ਭਾਰਤ 99 ਤਹਿਤ, ਭਾਰਤੀ ਰੇਲਵੇ ਨੇ ਨਵੇਂ ਕਿਰਾਏ ਅਤੇ ਬੈਠਣ ਦੇ ਨਿਯਮ ਪੇਸ਼ ਕੀਤੇ ਹਨ, ਜੋ ਕਿ ਜਨਵਰੀ 2026 ਤੋਂ ਪਹਿਲਾਂ ਸ਼ੁਰੂ ਹੋਈਆਂ ਅੰਮ੍ਰਿਤ ਭਾਰਤ ਟ?ਰੇਨਾਂ ਤੋਂ ਵੱਖਰੇ ਹੋਣਗੇ। ਇੱਥੇ ਅਸੀਂ ਤੁਹਾਨੂੰ ਨਵੀਆਂ ਅੰਮ੍ਰਿਤ ਭਾਰਤ ਐਕਸਪ੍ਰੈੱਸ ਟ?ਰੇਨਾਂ ਲਈ ਨਿਯਮਾਂ ਬਾਰੇ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਾਂਗੇ। ਰੇਲਵੇ ਬੋਰਡ ਅਨੁਸਾਰ, ਸਿਰਫ਼ ਪੁਸ਼ਟੀ ਕੀਤੀਆਂ ਟਿਕਟਾਂ ਵਾਲੇ ਯਾਤਰੀਆਂ ਨੂੰ ਹੀ ਅੰਮ੍ਰਿਤ ਭਾਰਤ 99 ਤਹਿਤ 2026 ਤੋਂ ਸ਼ੁਰੂ ਹੋਣ ਵਾਲੀਆਂ ਸਾਰੀਆਂ ਨਵੀਆਂ ਅੰਮ੍ਰਿਤ ਭਾਰਤ ਐਕਸਪ੍ਰੈੱਸ ਟ?ਰੇਨਾਂ ਵਿੱਚ ਯਾਤਰਾ ਕਰਨ ਦੀ ਆਗਿਆ ਹੋਵੇਗੀ। ਜਨਵਰੀ 2026 ਤੋਂ ਸ਼ੁਰੂ ਹੋਣ ਵਾਲੀਆਂ ਨਵੀਆਂ ਅੰਮ੍ਰਿਤ ਭਾਰਤ



ਐਕਸਪ੍ਰੈੱਸ ਟ?ਰੇਨਾਂ ਵਿੱਚ RAC ਟਿਕਟ ਪ੍ਰਣਾਲੀ ਨਹੀਂ ਹੋਵੇਗੀ। ਇਸ ਲਈ RAC ਯਾਤਰੀਆਂ ਨੂੰ ਹੁਣ ਇਨ੍ਹਾਂ ਟ?ਰੇਨਾਂ ਦੇ ਰਾਖਵੇਂ ਕੋਚਾਂ ਵਿੱਚ ਸੀਟਾਂ ਨਹੀਂ ਦਿੱਤੀਆਂ ਜਾਣਗੀਆਂ। ਹਾਲਾਂਕਿ, ਜਨਰਲ ਕਲਾਸ ਲਈ ਪੁਰਾਣੇ ਨਿਯਮ ਬਣੇ ਰਹਿਣਗੇ। ਇਸ ਤੋਂ ਇਲਾਵਾ ਜਨਵਰੀ 2026 ਤੋਂ ਸ਼ੁਰੂ ਹੋਣ ਵਾਲੀਆਂ ਨਵੀਆਂ ਅੰਮ੍ਰਿਤ ਭਾਰਤ ਐਕਸਪ੍ਰੈੱਸ ਟਰੇਨਾਂ ਵਿੱਚ ਸਿਰਫ਼ ਤਿੰਨ ਕੋਟੇ ਹੋਣਗੇ: ਔਰਤਾਂ, ਬਜ਼ੁਰਗ ਨਾਗਰਿਕ ਅਤੇ ਅਪਾਹਜ ਵਿਅਕਤੀ। ਕਿਸੇ ਹੋਰ ਕੋਟੇ ਅਧੀਨ ਬੁਕਿੰਗ ਦੀ ਇਜਾਜ਼ਤ ਨਹੀਂ ਹੋਵੇਗੀ। ਅੰਮ੍ਰਿਤ ਭਾਰਤ 99 ਤਹਿਤ, ਸਲੀਪਰ ਕਲਾਸ ਵਿੱਚ ਛੋਟੀ ਦੂਰੀ ਦੀ ਯਾਤਰਾ ਕਰਨ ਵਾਲੇ ਯਾਤਰੀਆਂ ਨੂੰ ਘੱਟੋ-ਘੱਟ 200 ਕਿਲੋਮੀਟਰ ਦਾ ਕਿਰਾਇਆ ਦੇਣਾ ਪਵੇਗਾ। ਇਸ ਟ?ਰੇਨ ਵਿੱਚ 200 ਕਿਲੋਮੀਟਰ ਦੀ ਯਾਤਰਾ ਦਾ ਕਿਰਾਇਆ ?149 ਹੈ। ਇਸੇ ਤਰ੍ਹਾਂ, ਜਨਰਲ ਕਲਾਸ ਵਿੱਚ ਛੋਟੀ ਯਾਤਰਾ ਲਈ, 50 ਕਿਲੋਮੀਟਰ ਦੀ ਯਾਤਰਾ ਲਈ ਘੱਟੋ-ਘੱਟ ਕਿਰਾਇਆ ?36 ਹੋਵੇਗਾ। ਉਦਾਹਰਣ ਵਜੋਂ, ਜੇਕਰ ਤੁਸੀਂ ਅੰਮ੍ਰਿਤ ਭਾਰਤ ਐਕਸਪ੍ਰੈੱਸ ਵਿੱਚ ਸਲੀਪਰ ਕਲਾਸ ਵਿੱਚ 100 ਕਿਲੋਮੀਟਰ ਦੀ ਯਾਤਰਾ ਕਰਦੇ ਹੋ, ਤਾਂ ਤੁਹਾਨੂੰ 200 ਕਿਲੋਮੀਟਰ ਦਾ ਕਿਰਾਇਆ ਦੇਣਾ ਪਵੇਗਾ। ਇਸੇ ਤਰ੍ਹਾਂ, ਜੇਕਰ ਤੁਸੀਂ ਜਨਰਲ ਕਲਾਸ ਵਿੱਚ 10 ਕਿਲੋਮੀਟਰ ਦੀ ਯਾਤਰਾ ਵੀ ਕਰਦੇ ਹੋ ਤਾਂ ਤੁਹਾਨੂੰ 50 ਕਿਲੋਮੀਟਰ ਦਾ ਕਿਰਾਇਆ ਦੇਣਾ ਪਵੇਗਾ।

## ਨਾਗੌਰ 'ਚ ਪਿੰਡ ਵਾਸੀਆਂ ਨੇ ਪਸ਼ੂ ਤਸਕਰੀ ਦੇ ਸ਼ੱਕ ਹੇਠ ਚਾਰ ਨੌਜਵਾਨਾਂ ਨੂੰ ਕੁੱਟਿਆ

ਜੈਪੁਰ, 18 ਜਨਵਰੀ : ਰਾਜਸਥਾਨ ਦੇ ਨਾਗੌਰ ਜ਼ਿਲ੍ਹੇ ਵਿਚ ਪਿੰਡ ਵਾਸੀਆਂ ਨੇ ਪਸ਼ੂ ਤਸਕਰੀ ਦੇ ਸ਼ੱਕ ਵਿਚ ਚਾਰ ਨੌਜਵਾਨਾਂ ਨੂੰ ਫੜ ਕੇ ਕੁੱਟਿਆ ਇਸ ਦੀ ਜਾਣਕਾਰੀ ਪੁਲਸ ਨੇ ਐਤਵਾਰ ਨੂੰ ਦਿੱਤੀ। ਪਿੰਡ ਵਿਚ ਵਾਪਰੀ। ਪਿੰਡ ਵਾਸੀਆਂ ਨੇ ਨੌਜਵਾਨਾਂ ਨੂੰ ਕੁੱਟਿਆ ਅਤੇ ਉਨ੍ਹਾਂ ਦੇ ਸਿਰ ਮੁੰਨ ਦਿੱਤੇ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਪਿੰਡ ਵਾਸੀਆਂ ਨੇ ਲਾਡਪੁਰਾ ਪਿੰਡ ਦੇ ਛਪਰ ਖੇਤਰ ਵਿਚ ਚਾਰ ਨੌਜਵਾਨਾਂ ਨੂੰ ਗਾਵਾਂ ਇਕੱਠੀਆਂ ਕਰਦੇ ਦੇਖਿਆ, ਜਿਸ ਨਾਲ ਗਊ ਤਸਕਰੀ ਦਾ ਸ਼ੱਕ ਪੈਦਾ ਹੋ ਗਿਆ। ਉਨ੍ਹਾਂ ਦੇ ਅਨੁਸਾਰ, ਪੁੱਛਗਿੱਛ ਦੌਰਾਨ, ਨੌਜਵਾਨਾਂ ਨੇ ਕਥਿਤ ਤੌਰ 'ਤੇ ਮੰਨਿਆ ਕਿ ਉਹ ਵੇਚਣ ਲਈ ਗਾਵਾਂ ਇਕੱਠੀਆਂ ਕਰ ਰਹੇ ਸਨ ਅਤੇ ਪਹਿਲਾਂ ਵੀ ਇਸੇ ਤਰ੍ਹਾਂ ਦੀਆਂ ਗਤੀਵਿਧੀਆਂ ਵਿਚ ਸ਼ਾਮਲ ਰਹੇ ਸਨ।

## ਪੱਛਮੀ ਬੰਗਾਲ ਲਈ ਘੁਸਪੈਠ ਸਭ ਤੋਂ ਵੱਡੀ ਚੁਣੌਤੀ : ਮੋਦੀ

ਮਾਲਦਾ, 18 ਜਨਵਰੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਘੁਸਪੈਠ ਨੂੰ ਲੈ ਕੇ ਪੱਛਮੀ ਬੰਗਾਲ ਦੀ ਤ੍ਰਿਣਮੂਲ ਕਾਂਗਰਸ ਸਰਕਾਰ 'ਤੇ ਨਿਸ਼ਾਨਾ ਵਿੰਨ੍ਹਦਿਆਂ ਦੋਸ਼ ਲਾਇਆ ਹੈ ਕਿ ਵੱਡੇ ਪੱਧਰ 'ਤੇ ਗੈਰ-ਕਾਨੂੰਨੀ ਪ੍ਰਵਾਸ ਨੇ ਸੂਬੇ ਦੀ ਆਬਾਦੀ ਦੇ ਢਾਂਚੇ ਨੂੰ ਬਦਲ ਦਿੱਤਾ ਹੈ ਜਿਸ ਕਾਰਨ ਦੰਗੇ ਹੋਏ ਹਨ। ਮੁਸਲਿਮ ਬਹੁਗਿਣਤੀ ਵਾਲੇ ਜ਼ਿਲੇ ਮਾਲਦਾ 'ਚ ਸ਼ਨੀਵਾਰ ਇਕ ਵਿਸ਼ਾਲ ਰੈਲੀ ਨੂੰ ਸੰਬੋਧਨ ਕਰਦਿਆਂ ਮੋਦੀ ਨੇ ਦੋਸ਼ ਲਾਇਆ ਕਿ ਤ੍ਰਿਣਮੂਲ ਕਾਂਗਰਸ ਦੀ ਸਰਪ੍ਰਸਤੀ ਅਤੇ ਸਿੰਡੀਕੇਟ ਰਾਜ ਨੇ ਘੁਸਪੈਠ 'ਚ ਵਾਧਾ ਕੀਤਾ ਹੈ। ਉਨ੍ਹਾਂ ਵੋਟਰ ਸੂਚੀਆਂ ਦੀ ਵਿਸ਼ੇਸ਼ ਤੀਬਰ ਸੋਧ (ਐੱਸ. ਆਈ. ਆਰ.) ਅਭਿਆਸ ਨੂੰ ਲੈ ਕੇ ਚੱਲ ਰਹੇ ਵਿਵਾਦ ਦਰਮਿਆਨ ਮਟੂਆ ਭਾਈਚਾਰੇ ਵਰਗੇ ਸ਼ਰਨਾਰਥੀਆਂ ਨੂੰ ਵੀ ਭਰੋਸਾ ਦਿੱਤਾ ਜੋ ਗੁਆਂਢੀ ਬੰਗਲਾਦੇਸ਼ 'ਚੋਂ ਧਾਰਮਿਕ ਅੱਤਿਆਚਾਰ ਕਾਰਨ ਭਾਰਤ ਆਉਣ ਲਈ ਮਜਬੂਰ ਹੋਏ ਹਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਘੁਸਪੈਠ ਪੱਛਮੀ ਬੰਗਾਲ ਦੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਹੈ। ਜੇ ਭਾਜਪਾ ਸੱਤਾ 'ਚ ਆਉਂਦੀ ਹੈ ਤਾਂ ਉਹ ਘੁਸਪੈਠੀਆਂ ਵਿਰੁੱਧ ਕਾਰਵਾਈ ਕਰਨ ਤੇ ਪੱਛਮੀ ਬੰਗਾਲ 'ਚ ਗੈਰ-ਕਾਨੂੰਨੀ ਪ੍ਰਵਾਸ ਨੂੰ ਰੋਕਣ ਲਈ ਵੱਡੇ ਕਦਮ ਚੁੱਕੇਗੀ। ਮੋਦੀ ਨੇ ਕਿਹਾ ਕਿ ਦੁਨੀਆ 'ਚ ਕਈ ਵਿਕਸਤ ਤੇ ਖੁਸ਼ਹਾਲ ਦੇਸ਼ ਹਨ ਜਿਨ੍ਹਾਂ ਕੋਲ ਪੈਸੇ ਦੀ ਕੋਈ ਕਮੀ ਨਹੀਂ, ਫਿਰ ਵੀ ਉਹ ਘੁਸਪੈਠੀਆਂ ਨੂੰ ਬਾਹਰ ਕੱਢ ਰਹੇ ਹਨ। ਪੱਛਮੀ ਬੰਗਾਲ ਤੋਂ ਘੁਸਪੈਠੀਆਂ ਨੂੰ ਬਾਹਰ ਕੱਢਣਾ ਵੀ ਓਨਾ ਹੀ ਅਹਿਮ ਹੈ। ਉਨ੍ਹਾਂ ਦੋਸ਼ ਲਾਇਆ ਕਿ ਤ੍ਰਿਣਮੂਲ ਕਾਂਗਰਸ ਦਾ ਸਿੰਡੀਕੇਟ ਸਿਸਟਮ ਸੂਬੇ 'ਚ ਘੁਸਪੈਠੀਆਂ ਨੂੰ ਵਸਾਉਣ ਲਈ ਕੰਮ ਕਰ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਘੁਸਪੈਠੀਆਂ ਤੇ ਸੱਤਾਧਾਰੀ ਪਾਰਟੀ ਦਰਮਿਆਨ ਗੰਢ-ਸੰਢ ਹੈ। ਹੁਣ ਪੱਛਮੀ ਬੰਗਾਲ 'ਚ ਵੀ ਚੰਗੇ ਰਾਜ ਦਾ ਸਮਾਂ ਆ ਗਿਆ ਹੈ। ਬਿਹਾਰ 'ਚ ਭਾਜਪਾ ਦੀ ਚੋਣ ਜਿੱਤ ਨੂੰ ਯਾਦ ਕਰਦੇ ਹੋਏ ਮੋਦੀ ਨੇ ਕਿਹਾ ਕਿ ਮੈਂ ਉਦੋਂ ਟਿੱਪਣੀ ਕੀਤੀ ਸੀ ਕਿ ਹੁਣ ਬੰਗਾਲ ਦੀ ਵਾਰੀ ਹੈ। ਹੁਣ ਆਉਣ ਵਾਲੀਆਂ ਸੂਬਾਈ ਵਿਧਾਨ ਸਭਾ ਚੋਣਾਂ 'ਚ ਪਾਰਟੀ ਨੂੰ ਜ਼ਬਰਦਸਤ ਫਤਵਾ ਮਿਲੇਗਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੱਥੇ 3250 ਕਰੋੜ ਰੁਪਏ ਤੋਂ ਵੱਧ ਦੇ ਰੇਲ ਤੇ ਸੜਕੀ ਪ੍ਰਾਜੈਕਟਾਂ ਦਾ ਉਦਘਾਟਨ ਕੀਤਾ ਤਾਂ ਜੋ ਪੱਛਮੀ ਬੰਗਾਲ ਤੇ ਉੱਤਰ-ਪੂਰਬ ਦਰਮਿਆਨ ਸੰਪਰਕ ਨੂੰ ਮਜ਼ਬੂਤ ?? ਕੀਤਾ ਜਾ ਸਕੇ ਤੇ ਵਿਕਾਸ ਨੂੰ ਉਤਸ਼ਾਹਿਤ ਕੀਤਾ ਜਾ ਸਕੇ। ਉਨ੍ਹਾਂ ਇਸ ਮੌਕੇ 'ਤੇ 4 ਅੰਮ੍ਰਿਤ ਭਾਰਤ ਐਕਸਪ੍ਰੈੱਸ ਟ?ਰੇਨਾਂ ਨੂੰ ਡਿਜੀਟਲੀ ਢੰਗ ਨਾਲ ਰਵਾਨਾ ਕੀਤਾ। ਪ੍ਰਧਾਨ ਮੰਤਰੀ ਨੇ ਮਾਲਦਾ ਟਾਊਨ ਰੇਲਵੇ ਸਟੇਸ਼ਨ ਤੋਂ ਹਾਵੜਾ ਤੇ ਗੁਹਾਟੀ (ਕਾਮਾਖਿਆ) ਦਰਮਿਆਨ ਚੱਲਣ ਵਾਲੀ ਦੇਸ਼ ਦੀ ਪਹਿਲੀ ਤੇ ਸਭ ਤੋਂ ਉੱਨਤ ਵੰਦੇ ਭਾਰਤ ਸਲੀਪਰ ਟ?ਰੇਨ ਦਾ ਉਦਘਾਟਨ ਵੀ ਕੀਤਾ।

## 1500 ਤੋਂ ਵੱਧ ਬੱਚਿਆਂ ਦੀ ਜਾਨ ਬਚਾਉਣ ਵਾਲੀ RPF ਇੰਸਪੈਕਟਰ ਨੂੰ ਮਿਲਿਆ ਵੱਕਾਰੀ ਸਨਮਾਨ

ਲਖਨਊ/ਮੇਰਠ, 18 ਜਨਵਰੀ : ਰੇਲਵੇ ਸੁਰੱਖਿਆ ਫੋਰਸ (RPF) ਦੀ ਇੰਸਪੈਕਟਰ ਚੰਦਨਾ ਸਿਨਹਾ ਉੱਤਰ ਪ੍ਰਦੇਸ਼ ਦੇ ਰੇਲਵੇ ਨੈੱਟਵਰਕ 'ਤੇ ਗੁੰਮ ਹੋਏ ਅਤੇ ਤਸਕਰੀ ਦਾ ਸ਼ਿਕਾਰ ਹੋ ਰਹੇ ਬੱਚਿਆਂ ਲਈ ਇਕ ਉਮੀਦ ਦੀ ਕਿਰਨ ਬਣ ਕੇ ਉਭਰੀ ਹੈ। ਪਿਛਲੇ ਤਿੰਨ ਸਾਲਾਂ ਦੌਰਾਨ, ਉਨ੍ਹਾਂ ਨੇ ਉੱਤਰ ਪ੍ਰਦੇਸ਼ ਦੇ ਰੇਲਵੇ ਨੈੱਟਵਰਕ ਤੋਂ 1,500 ਤੋਂ ਵੱਧ ਬੱਚਿਆਂ ਨੂੰ ਬਚਾਉਣ ਦੀ ਮੁਹਿੰਮ ਦੀ ਅਗਵਾਈ ਕੀਤੀ ਹੈ। ਉਨ੍ਹਾਂ ਦੀਆਂ ਇਨ੍ਹਾਂ ਸ਼ਾਨਦਾਰ ਸੇਵਾਵਾਂ ਲਈ ਭਾਰਤੀ ਰੇਲਵੇ ਨੇ ਚੰਦਨਾ 9 ਜਨਵਰੀ ਨੂੰ ਦਿੱਲੀ ਵਿਖੇ ਆਪਣੇ ਸਰਵਉੱਚ ਸੇਵਾ ਸਨਮਾਨ 'ਵਿਸ਼ਿਸ਼ਟ ਰੇਲ ਸੇਵਾ ਪੁਰਸਕਾਰ' ਨਾਲ ਸਨਮਾਨਿਤ ਕੀਤਾ ਹੈ। ਚੰਦਨਾ ਸਿਨਹਾ, ਜੋ ਲਖਨਊ ਦੇ ਚਾਰਬਾਗ ਸਟੇਸ਼ਨ ਤੋਂ ਕੰਮ ਕਰਦੀ ਹੈ, ਨੇ 'ਆਪ੍ਰੇਸ਼ਨ ਨੰਨ੍ਹੇ ਫਰਿਸ਼ਤੇ' ਤਹਿਤ ਬੱਚਿਆਂ ਦੀ ਸੁਰੱਖਿਆ ਲਈ ਇਕ ਮਜ਼ਬੂਤ ਸਿਸਟਮ ਤਿਆਰ ਕੀਤਾ ਹੈ। ਉਨ੍ਹਾਂ ਦੀ ਟੀਮ ਵਿਸ਼ੇਸ਼ ਤੌਰ 'ਤੇ ਬਿਹਾਰ ਤੋਂ ਪੰਜਾਬ ਅਤੇ ਹਰਿਆਣਾ ਵੱਲ ਜਾਣ ਵਾਲੇ ਤਸਕਰੀ ਦੇ ਰੂਟਾਂ 'ਤੇ ਨਜ਼ਰ ਰੱਖਦੀ ਹੈ, ਜਿੱਥੇ 13 ਤੋਂ 15 ਸਾਲ ਦੇ ਬੱਚਿਆਂ ਨੂੰ ਕੰਮ ਦਾ ਝਾਂਸਾ ਦੇ ਕੇ ਲਿਜਾਇਆ ਜਾਂਦਾ ਹੈ। ਸਾਲ 2024 'ਚ, ਚੰਦਨਾ ਦੀ ਟੀਮ ਨੇ 494 ਬੱਚਿਆਂ ਨੂੰ ਬਚਾਇਆ, ਜਿਨ੍ਹਾਂ 'ਚੋਂ 152 ਬੱਚਿਆਂ ਨੂੰ ਚੰਦਨਾ ਨੇ ਨਿੱਜੀ ਤੌਰ 'ਤੇ ਰੈਸਕਿਊ ਕੀਤਾ। ਇਸੇ ਤਰ੍ਹਾਂ ਸਾਲ 2025 'ਚ ਉਨ੍ਹਾਂ ਦੀ ਟੀਮ ਨੇ 1,032 ਬੱਚਿਆਂ ਨੂੰ ਸੁਰੱਖਿਅਤ ਬਚਾਇਆ ਹੈ। ਚੰਦਨਾ ਅਨੁਸਾਰ, ਬੱਚਿਆਂ ਨੂੰ ਬਚਾਉਣ ਦੀ ਸ਼ੁਰੂਆਤ ਪਲੇਟਫਾਰਮ 'ਤੇ ਬੱਚੇ ਦੀ ਚੁੱਪ ਅਤੇ ਉਸ ਦੇ ਨਾਲ ਮੌਜੂਦ ਵਿਅਕਤੀ ਦੇ ਹਾਵ-ਭਾਵ ਦੇਖ ਕੇ ਹੁੰਦੀ ਹੈ। ਉਨ੍ਹਾਂ ਦੀ ਟੀਮ ਅਜਿਹੇ ਬੱਚਿਆਂ ਦੀ ਪਛਾਣ ਕਰਦੀ ਹੈ ਜੋ ਇਕੱਲੇ ਬੈਠੇ ਹੋਣ ਜਾਂ ਕਿਸੇ ਅਜਿਹੇ ਵਿਅਕਤੀ ਨਾਲ ਹੋਣ ਜਿਸ ਨਾਲ ਉਨ੍ਹਾਂ ਦਾ ਮੇਲ ਨਾ ਖਾਂਦਾ ਹੋਵੇ। ਕਈ ਵਾਰ ਬੱਚੇ ਡਰੇ ਹੁੰਦੇ ਹਨ ਅਤੇ ਸੱਚ ਦੱਸਣ 'ਚ ਕਈ ਘੰਟੇ ਲਗਾ ਦਿੰਦੇ ਹਨ। ਇੰਨਾ ਹੀ ਨਹੀਂ, ਕਈ ਵਾਰ ਮਾਪਿਆਂ ਨੂੰ ਵੀ ਸਮਝਾਉਣਾ ਪੈਂਦਾ ਹੈ ਜੋ 'ਇੱਜ਼ਤ' ਦੇ ਡਰੋਂ ਕੇਸ ਦਰਜ ਕਰਵਾਉਣ ਤੋਂ ਝਿਜਕਦੇ ਹਨ। ਦੱਸਿਆ ਕਿ ਉਹ 1980 ਦੇ ਦਹਾਕੇ ਦੇ ਮਸ਼ਹੂਰ ਟੀਵੀ ਸੀਰੀਅਲ 'ਉਡਾਨ' (ਜੋ ਆਈ.ਪੀ.ਐੱਸ. ਅਧਿਕਾਰੀ ਕਲਿਆਣੀ ਸਿੰਘ 'ਤੇ ਅਧਾਰਿਤ ਸੀ) ਤੋਂ ਪ੍ਰੇਰਿਤ ਹੋ ਕੇ 2010 'ਚ RPF 'ਚ ਭਰਤੀ ਹੋਈ ਸੀ। ਉਹ ਇਕ 11 ਸਾਲ ਦੀ ਧੀ ਦੀ ਮਾਂ ਵੀ ਹੈ ਅਤੇ ਆਪਣੀ ਡਿਊਟੀ ਨੂੰ ਪੂਰੀ ਤਨਦੇਹੀ ਨਾਲ ਨਿਭਾ ਰਹੀ ਹੈ। ਸੀਨੀਅਰ ਅਧਿਕਾਰੀਆਂ ਅਨੁਸਾਰ, ਚੰਦਨਾ ਨੇ ਇਕ ਅਜਿਹੀ ਟੀਮ ਬਣਾਈ ਹੈ ਜੋ ਸਿਰਫ ਨਿਗਰਾਨੀ ਹੀ ਨਹੀਂ, ਸਗੋਂ ਆਪਣੀ ਮੌਜੂਦਗੀ ਅਤੇ ਤਜ਼ਰਬੇ ਨਾਲ ਬੱਚਿਆਂ ਦੀ ਸੁਰੱਖਿਆ ਯਕੀਨੀ ਬਣਾਉਂਦੀ ਹੈ।

# ਸੋਨੇ ਦੀਆਂ ਕੀਮਤਾਂ 'ਚ ਆਈ ਤੇਜ਼ੀ ਨਾਲ ਅਮੀਰ ਹੋਏ ਭਾਰਤੀ ਪਰਿਵਾਰ, ਜਾਇਦਾਦ 117 ਲੱਖ ਕਰੋੜ ਵਧੀ

**ਕੌਮੀ ਪਤ੍ਰਿਕਾ**

ਵੈੱਬ ਡੈਸਕ, 18 ਜਨਵਰੀ : ਸੋਨੇ ਦੀਆਂ ਕੀਮਤਾਂ 'ਚ ਆਈ ਬੇਤਹਾਸ਼ਾ ਤੇਜ਼ੀ ਨੇ ਭਾਰਤੀ ਪਰਿਵਾਰਾਂ ਦੀ ਦੌਲਤ 'ਚ ਜ਼ਬਰਦਸਤ ਵਾਧਾ ਕੀਤਾ ਹੈ। ਐੱਚਡੀਐੱਫਸੀ (HDFC) ਮਿਊਚੁਅਲ ਫੰਡ ਦੀ ਇਕ ਤਾਜ਼ਾ ਰਿਪੋਰਟ ਅਨੁਸਾਰ, ਪਿਛਲੇ ਸਾਲ ਦੌਰਾਨ ਭਾਰਤੀ ਪਰਿਵਾਰਾਂ ਦੀ ਜਾਇਦਾਦ 'ਚ 117 ਲੱਖ ਕਰੋੜ ਰੁਪਏ (1.3 ਲੱਖ ਕਰੋੜ ਡਾਲਰ) ਦਾ ਵਾਧਾ ਦਰਜ ਕੀਤਾ ਗਿਆ ਹੈ। ਇਸ ਵਾਧੇ ਨੇ ਪਰਿਵਾਰਾਂ ਦੀ ਖਰਚ ਕਰਨ ਦੀ ਸਮਰੱਥਾ ਨੂੰ ਹੋਰ ਮਜ਼ਬੂਤ ਕਰ ਦਿੱਤਾ ਹੈ। ਰਿਪੋਰਟ ਮੁਤਾਬਕ, ਇਹ ਪਿਛਲੇ 25 ਸਾਲਾਂ 'ਚ ਸੋਨੇ ਦੀਆਂ ਕੀਮਤਾਂ 'ਚ ਹੋਣ ਵਾਲਾ ਸਭ ਤੋਂ ਵੱਡਾ ਵਾਧਾ ਹੈ। ਕੈਲੰਡਰ ਸਾਲ 2025 ਦੇ ਦੌਰਾਨ ਸੋਨੇ ਦੀ ਕੀਮਤ 'ਚ 58,310 ਰੁਪਏ ਪ੍ਰਤੀ 10 ਗ੍ਰਾਮ ਯਾਨੀ 73 ਫੀਸਦੀ ਦੀ ਤੇਜ਼ੀ ਦੇਖੀ ਗਈ ਹੈ। ਵਿਸ਼ਵ ਪੱਧਰੀ ਅਸਥਿਰਤਾ ਅਤੇ ਮੁਦਰਾ ਦੇ ਉਤਾਰ-ਚੜ੍ਹਾਅ ਕਾਰਨ ਨਿਵੇਸ਼ਕਾਂ ਦਾ ਭਰੋਸਾ ਸੋਨੇ 'ਤੇ ਵਧਿਆ ਹੈ, ਜਿਸ ਦਾ ਸਿੱਧਾ ਫਾਇਦਾ ਭਾਰਤੀ ਨਿਵੇਸ਼ਕਾਂ ਨੂੰ ਮਿਲਿਆ ਹੈ।

ਇਸ ਉਛਾਲ ਦਾ ਫਾਇਦਾ ਦੇਸ਼ ਦੇ ਕਰੋੜਾਂ ਪਰਿਵਾਰਾਂ ਨੂੰ ਹੋਇਆ ਹੈ, ਜਿਨ੍ਹਾਂ ਕੋਲ ਗਹਿਣੇ,



ਸਿੱਕੇ ਜਾਂ ਬਾਰ (Bars) ਦੇ ਰੂਪ 'ਚ ਸੋਨਾ ਮੌਜੂਦ ਹੈ। ਖਾਸ ਕਰਕੇ ਪੇਂਡੂ ਇਲਾਕਿਆਂ ਤੋਂ ਲੈ ਕੇ ਮਹਾਨਗਰਾਂ ਤੱਕ ਹਰ ਵਰਗ ਦੀ ਬਚਤ ਦਾ ਮੁੱਲ ਅਚਾਨਕ ਵਧ ਗਿਆ ਹੈ। ਰਿਪੋਰਟ 'ਚ ਦੱਸਿਆ ਗਿਆ ਹੈ ਕਿ ਇਹ ਵਾਧਾ ਇੰਨਾ ਵੱਡਾ ਹੈ ਕਿ ਇਹ ਕਈ ਦੇਸ਼ਾਂ ਦੀ ਜੀਡੀਪੀ (GDP) ਤੋਂ ਵੀ ਜ਼ਿਆਦਾ ਹੈ। ਇਸ ਲਾਭ ਨਾਲ ਖਾਸ ਕਰਕੇ ਔਰਤਾਂ ਵਧੇਰੇ ਮਜ਼ਬੂਤ ਹੋਈਆਂ ਹਨ, ਕਿਉਂਕਿ ਪਰਿਵਾਰ ਦਾ ਜ਼ਿਆਦਾਤਰ ਸੋਨਾ ਉਨ੍ਹਾਂ ਕੋਲ ਹੁੰਦਾ ਹੈ। ਜਿੱਥੇ ਸੋਨੇ ਨੇ ਰਿਕਾਰਡ ਤੋੜੇ ਹਨ, ਉੱਥੇ ਹੀ ਸ਼ੇਅਰ ਬਾਜ਼ਾਰ ਲਈ ਇਹ ਸਮਾਂ ਬਹੁਤ ਨਿਰਾਸ਼ਾਜਨਕ ਰਿਹਾ ਹੈ। ਸਾਲ 2025 ਦੇ ਦੌਰਾਨ ਭਾਰਤੀ ਸ਼ੇਅਰ ਬਾਜ਼ਾਰ ਦਾ ਪ੍ਰਦਰਸ਼ਨ ਪਿਛਲੇ ਤਿੰਨ ਦਹਾਕਿਆਂ 'ਚ ਸਭ ਤੋਂ ਖਰਾਬ ਰਿਹਾ। ਐੱਨਐੱਸਈ (NSE) ਨਿਫਟੀ ਨੇ ਗਲੋਬਲ ਬਾਜ਼ਾਰਾਂ ਦੇ ਮੁਕਾਬਲੇ 25 ਫੀਸਦੀ ਘੱਟ ਪ੍ਰਦਰਸ਼ਨ ਕੀਤਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਭਾਵੇਂ ਇਹ 'ਕਾਗਜ਼ੀ ਮੁਨਾਫਾ' ਹੈ ਜੋ ਬਾਜ਼ਾਰ ਦੇ ਸੁਧਾਰ 'ਤੇ ਨਿਰਭਰ ਕਰਦਾ ਹੈ, ਫਿਰ ਵੀ ਇਹ ਸੰਪਤੀ ਉਪਭੋਗ ਵਧਾਉਣ, ਪੁਰਾਣੇ ਕਰਜ਼ੇ ਚੁਕਾਉਣ ਜਾਂ ਨਵੇਂ ਨਿਵੇਸ਼ 'ਚ ਸਹਾਈ ਹੋ ਸਕਦੀ ਹੈ। ਭਾਰਤੀ ਰਿਜ਼ਰਵ ਬੈਂਕ (RBI) ਵੀ ਇਸ ਸਥਿਤੀ 'ਤੇ ਲਗਾਤਾਰ ਨਜ਼ਰ ਰੱਖ ਰਿਹਾ ਹੈ, ਕਿਉਂਕਿ ਇਹ ਵਾਧਾ ਬੈਂਕਿੰਗ ਖੇਤਰ ਨੂੰ ਗਤੀ ਦੇਣ ਦੇ ਨਾਲ-ਨਾਲ ਨੀਤੀ ਘੜਨ ਵਾਲਿਆਂ ਲਈ ਨਵੀਆਂ ਚੁਣੌਤੀਆਂ ਵੀ ਪੈਦਾ ਕਰ ਸਕਦਾ ਹੈ। ਕੁੱਲ ਮਿਲਾ ਕੇ, ਸੋਨਾ ਇਕ ਵਾਰ ਫਿਰ ਭਾਰਤੀ ਪਰਿਵਾਰਾਂ ਦਾ ਸਭ ਤੋਂ ਭਰੋਸੇਮੰਦ ਸਾਥੀ ਸਾਬਤ ਹੋਇਆ ਹੈ।

## ਭਾਜਪਾ ਦੇ ਦਿੱਗਜ ਨੇਤਾ ਰਾਜ ਪੁਰੋਹਿਤ ਦਾ ਦਿਹਾਂਤ, ਮੁੰਬਈ 'ਚ ਹੋਵੇਗਾ ਅੰਤਿਮ ਸੰਸਕਾਰ

ਮੁੰਬਈ, 18 ਜਨਵਰੀ : ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਨੇਤਾ ਅਤੇ ਮਹਾਰਾਸ਼ਟਰ ਦੇ ਸਾਬਕਾ ਕੈਬਨਿਟ ਮੰਤਰੀ ਰਾਜ ਕੇ. ਪੁਰੋਹਿਤ ਦਾ ਐਤਵਾਰ ਸਵੇਰੇ ਦਿਹਾਂਤ ਹੋ ਗਿਆ। ਪਰਿਵਾਰ ਦੇ ਸੂਤਰਾਂ ਨੇ ਇਹ ਜਾਣਕਾਰੀ ਦਿੱਤੀ ਹੈ। ਸ਼?ਰੀ ਪੁਰੋਹਿਤ ਨੂੰ ਮੁੰਬਈ ਦੇ ਬੰਬੇ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਸੀ, ਜਿੱਥੇ ਉਨ੍ਹਾਂ ਦਾ ਕਈ ਬੀਮਾਰੀਆਂ ਦਾ ਇਲਾਜ ਚੱਲ ਰਿਹਾ ਸੀ। ਉਨ੍ਹਾਂ ਦੀ ਉਮਰ 70 ਸਾਲ ਸੀ। ਮੁੰਬਈ ਦੀ ਰਾਜਨੀਤੀ 'ਚ ਇਕ ਪ੍ਰਮੁੱਖ ਹਸਤੀ ਰਹੇ ਸ਼?ਰੀ ਪੁਰੋਹਿਤ ਨੇ ਮਹਾਰਾਸ਼ਟਰ ਭਾਜਪਾ ਪ੍ਰਧਾਨ ਅਤੇ ਕੈਬਨਿਟ ਮੰਤਰੀ ਦੋਵਾਂ ਦੇ ਰੂਪ 'ਚ ਕੰਮ ਕੀਤਾ। ਉਨ੍ਹਾਂ ਨੇ ਕਈ ਵਾਰ ਮੁੰਬਈ ਖੇਤਰ ਦਾ ਪ੍ਰਤੀਨਿਧੀਤੱਵ ਵੀ ਕੀਤਾ। ਉਹ ਮਹਾਰਾਸ਼ਟਰ ਵਿਧਾਨ ਸਭਾ ਦੇ 5 ਵਾਰ ਮੈਂਬਰ ਰਹੇ।